ਬੁੱਧਵਾਰ, 17 ਸਤੰਬਰ, 2025

2 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 107

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 17 SEPTEMBER, 2025

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਇਜ਼ਰਾਈਲ ਵੱਲੋਂ ਫਲਸਤੀਨੀਆਂ ਦਾ ਨਸਲਘਾਤ

## ਜਾਂਚ ਟੀਮ ਵੱਲੋਂ ਪ੍ਰਧਾਨ ਮੰਤਰੀ ਨੇਤਨਯਾਹੂ ਤੇ ਹੋਰ ਵੱਡੇ ਅਧਿਕਾਰੀ ਜ਼ਿੰਮੇਵਾਰ ਕਰਾਰ

**ਜਨੇਵਾ :** ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਵੱਲੋਂ ਨਿਯੁਕਤ ਆਜ਼ਾਦ ਮਾਹਰਾਂ ਦੀ ਟੀਮ ਨੇ ਮੰਗਲਵਾਰ ਜਾਰੀ ਰਿਪੋਰਟ ਵਿੱਚ ਕਿਹਾ ਹੈ ਕਿ ਇਜ਼ਰਾਈਲ ਗਾਜ਼ਾ 'ਚ ਨਸਲਘਾਤ (ਜੀਨੋਸਾਈਡ) ਕਰ ਰਿਹਾ ਹੈ। ਟੀਮ ਨੇ ਕੌਮਾਂਤਰੀ ਭਾਈਚਾਰੇ ਨੂੰ ਇਸ ਨੂੰ ਰੋਕਣ ਤੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਅਪੀਲ ਕੀਤੀ ਹੈ। ਤਿੰਨ ਮੈਂਬਰੀ ਟੀਮ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਸਰਕਾਰ 'ਤੇ ਹੁਣ ਤੱਕ ਦਾ ਸਭ ਤੋਂ ਗੰਭੀਰ ਦੋਸ਼ਾਂ ਦਾ ਦਸਤਾਵੇਜ਼ ਹੈ। ਗਾਜ਼ਾ ਦੇ ਸਿਹਤ ਅਧਿਕਾਰੀਆਂ ਮੁਤਾਬਕ ਇਜ਼ਰਾਈਲੀ ਹਮਲਿਆਂ 'ਚ 64 ਹਜ਼ਾਰ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਜਾਂਚ ਟੀਮ ਦੀ ਮੁਖੀ ਤੇ ਕੌਮਾਂਤਰੀ ਫੌਜਦਾਰੀ ਅਦਾਲਤ ਦੀ ਸਾਬਕਾ ਜੱਜ ਪਿੱਲੇ ਨੇ ਪ੍ਰੈੱਸ ਕਾਨਫਰੰਸ ਵਿੱਚ ਇਹ ਰਿਪੋਰਟ ਜਾਰੀ ਕੀਤੀ। ਕਮਿਸ਼ਨ ਨੇ ਨਸਲਘਾਤ ਨੂੰ ਸਾਬਤ ਕਰਨ ਲਈ ਆਪਣੀ ਰਿਪੋਰਟ ਵਿੱਚ ਵੱਡੀ ਪੱਧਰ 'ਤੇ ਕਤਲਾਂ, ਡਾਕਟਰੀ ਸਹਾਇਤਾ ਰੋਕਣ, ਧੱਕੇ ਨਾਲ ਉਜਾੜੇ ਅਤੇ ਜੱਚਾ-ਬੱਚਾ ਕਲੀਨਕਾਂ ਦੀ ਤਬਾਹੀ ਦੀਆਂ ਮਿਸਾਲਾਂ ਦਿੱਤੀਆਂ ਹਨ।

ਜਾਂਚ ਕਮਿਸ਼ਨ ਨੇ ਕਿਹਾ ਹੈ ਕਿ ਉਸ ਨੇ 7 ਅਕਤੂਬਰ 2023 ਨੂੰ ਹਮਾਸ ਵੱਲੋਂ ਇਜ਼ਰਾਈਲ ਵਿੱਚ ਕੀਤੇ ਗਏ ਹਮਲੇ ਦੇ ਬਾਅਦ ਤੋਂ ਗਾਜ਼ਾ ਤੇ ਹੋਰਨਾਂ ਫਲਸਤੀਨੀ ਖੇਤਰਾਂ 'ਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦਾ ਅਧਿਅਨ ਕੀਤਾ ਹੈ। ਹਾਲਾਂਕਿ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਇਸ ਦੇ ਅਧੀਨ ਕੰਮ ਕਰ ਰਹੀ 47 ਮੈਂਬਰੀ ਮਨੁੱਖੀ ਅਧਿਕਾਰ ਕੌਂਸਲ ਕਿਸੇ ਦੇਸ਼ ਖਿਲਾਫ ਸਿੱਧੀ ਕਾਰਵਾਈ ਨਹੀਂ ਕਰ ਸਕਦੀ, ਪਰ ਇਸ ਦੇ ਸਿੱਟਿਆਂ ਨੂੰ ਕੌਮਾਂਤਰੀ ਅਪਰਾਧ ਅਦਾਲਤ ਜਾਂ ਸੰਯੁਕਤ ਰਾਸ਼ਟਰ ਦੀ ਕੌਮਾਂਤਰੀ ਅਦਾਲਤ ਵਿੱਚ ਸਬੂਤ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਜ਼ਰਾਈਲ ਨੇ 1948 ਵਿੱਚ ਪ੍ਰਵਾਨਤ 'ਜੀਨੋਸਾਈਡ ਕਨਵੈਨਸ਼ਨ' ਦੇ ਤਹਿਰ ਪ੍ਰੀਭਾਸ਼ਤ ਪੰਜ ਵਿੱਚੋਂ ਚਾਰ 'ਨਸਲਘਾਤ ਕਾਰੇ' ਕੀਤੇ ਹਨ। ਇਜ਼ਰਾਈਲ ਦੀ ਮਨਸ਼ਾ ਫਲਸਤੀਨੀਆਂ ਦੇ ਸਫਾਏ ਦੀ ਹੈ।

ਐਮਨੈਸਟੀ ਇੰਟਰਨੈਸ਼ਨਲ ਨੇ ਇੰਗਲੈਂਡ ਨੂੰ ਕਿਹਾ ਹੈ ਕਿ ਉਹ ਮਨੁੱਖੀ ਅਧਿਕਾਰ ਕੌਂਸਲ ਦੀ ਟੀਮ ਦੀ ਰਿਪੋਰਟ ਤੋਂ ਬਾਅਦ ਇਜ਼ਰਾਈਲ ਨੂੰ ਨਸਲਘਾਤ ਕਰਨ ਤੋਂ ਰੋਕੇ। ਇਸੇ ਦੌਰਾਨ ਇਜ਼ਰਾਈਲ ਵੱਲੋਂ ਕੱਲ੍ਹ ਤੋਂ ਸ਼ੁਰੂ ਕੀਤੇ ਗਏ ਜ਼ਮੀਨੀ ਹਮਲੇ ਵਿੱਚ ਮਰਨ ਵਾਲੇ ਫਲਸਤੀਨੀਆਂ ਦੀ ਗਿਣਤੀ 68 ਹੋ ਗਈ ਹੈ।



ਮਾਰੇ ਗਏ ਫਲਸਤੀਨੀਆਂ ਦੇ ਰਿਸ਼ਤੇਦਾਰ ਗਾਜ਼ਾ ਦੇ ਖਾਨ ਯੂਨਿਸ ਹਸਪਤਾਲ ਵਿਖੇ ਵਿਰਲਾਪ ਕਰਦੇ ਹੋਏ।

# ਮੰਡੀ ਜ਼ਿਲ੍ਹੇ 'ਚ ਭਾਰੀ ਮੀਂਹ ਕਾਰਨ ਢਿੱਗਾਂ ਡਿੱਗੀਆਂ, 3 ਮੌਤਾਂ, 4 ਲਾਪਤਾ



**ਮੰਡੀ :** ਮੰਗਲਵਾਰ ਤੜਕਸਾਰ ਮੰਡੀ ਜ਼ਿਲ੍ਹੇ ਵਿੱਚ ਭਾਰੀ ਮੀਂਹ ਨੇ ਤਬਾਹੀ ਮਚਾ ਦਿੱਤੀ ਅਤੇ ਇਸ ਦੌਰਾਨ ਢਿੱਗਾਂ ਡਿੱਗਣ ਅਤੇ ਹੜ੍ਹ ਨਾਲ ਭਾਰੀ ਤਬਾਹੀ ਹੋਈ ਹੈ। ਇਸ ਘਟਨਾ ਵਿੱਚ 3 ਵਿਅਕਤੀ ਮਾਰੇ ਗਏ, ਜਦ ਕਿ ਚਾਰ ਲੋਕ ਲਾਪਤਾ ਹੋ ਗਏ। ਦੋ ਜਣਿਆਂ ਨੂੰ ਬਚਾ ਲਿਆ ਗਿਆ ਹੈ। ਇਸ ਤੋਂ ਇਲਾਵਾ ਸਰਕਾਰੀ ਅਤੇ ਨਿੱਜੀ ਜਾਇਦਾਦ ਨੂੰ ਵੀ ਕਾਫੀ ਨੁਕਸਾਨ ਹੋਇਆ ਹੈ। ਸੁੰਦਰਨਗਰ ਸਬ-ਡਵੀਜ਼ਨ ਦੀ ਨਿਹਰੀ ਤਹਿਸੀਲ ਦੀ ਬੋਏ ਪੰਚਾਇਤ ਦੇ ਬਰਾਗਟਾ ਪਿੰਡ ਵਿੱਚ ਇੱਕ ਘਰ 'ਤੇ ਢਿੱਗਾਂ ਡਿੱਗਣ ਨਾਲ ਪਰਵਾਰ ਦੇ ਪੰਜ ਮੈਂਬਰ ਮਲਬੇ ਹੇਠਾਂ ਦੱਬ ਗਏ। ਇਸ ਦੌਰਾਨ ਪਿੰਡ ਵਾਸੀਆਂ ਤੁਰੰਤ ਬਚਾਅ ਕਾਰਜ ਸ਼ੁਰੂ ਕਰਦਿਆਂ ਗੰਭੀਰ ਜ਼ਖਮੀ ਹੋਏ ਦੋ ਵਿਅਕਤੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਉਨ੍ਹਾਂ ਨੂੰ ਤੁਰੰਤ ਨਜ਼ਦੀਕੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਸਥਾਨਕ ਲੋਕਾਂ, ਪੁਲਸ ਅਤੇ ਆਫ਼ਤ ਪ੍ਰਬੰਧਨ ਕਰਮਚਾਰੀਆਂ ਦੀ ਇੱਕ ਸਾਂਝੀ ਬਚਾਅ ਟੀਮ ਬਾਕੀ ਤਿੰਨ ਵਿਅਕਤੀਆਂ ਦੀ ਭਾਲ ਕਰ ਰਹੀ ਹੈ, ਜਿਨ੍ਹਾਂ ਦੇ ਮਲਬੇ ਹੇਠਾਂ ਦੱਬੇ ਹੋਣ ਦਾ ਖਦਸ਼ਾ ਹੈ। ਲਗਾਤਾਰ ਮੀਂਹ ਅਤੇ ਮਿੱਟੀ ਦੀ ਅਸਥਿਰ ਸਥਿਤੀ ਕਾਰਨ ਬਚਾਅ ਕਾਰਜਾਂ ਵਿੱਚ ਰੁਕਾਵਟ ਆ ਰਹੀ ਹੈ। ਇੱਕ ਹੋਰ ਘਟਨਾ ਵਿੱਚ ਬੀਤੀ ਦੇਰ ਰਾਤ ਧਰਮਪੁਰ ਬਾਜ਼ਾਰ ਖੇਤਰ ਵਿੱਚ ਅਚਾਨਕ ਹੜ੍ਹ ਆਉਣ ਕਾਰਨ ਮੁੱਖ ਬੱਸ ਅੱਡਾ ਅਤੇ ਆਸ-ਪਾਸ ਦੀਆਂ ਦੁਕਾਨਾਂ ਪਾਣੀ 'ਚ ਡੁੱਬ ਗਈਆਂ। ਹੜ੍ਹ ਦੇ ਪਾਣੀ ਨਾਲ ਸਰਕਾਰੀ ਅਤੇ ਨਿੱਜੀ ਜਾਇਦਾਦ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।

ਹੜ੍ਹ ਵਿੱਚ ਹਿਮਾਚਲ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਕੁਝ ਬੱਸਾਂ ਅਤੇ ਇਲਾਕੇ ਵਿੱਚ ਖੜ੍ਹੇ ਹੋਰ ਵਾਹਨਾਂ ਵਹਿ ਗਏ। ਹੜ੍ਹ ਦਾ ਪਾਣੀ ਦੁਕਾਨਾਂ ਵਿੱਚ ਵੜਨ ਕਾਰਨ ਸਾਮਾਨ ਅਤੇ ਬੁਨਿਆਦੀ ਢਾਂਚੇ ਨੂੰ ਵੀ ਨੁਕਸਾਨ ਪਹੁੰਚਿਆ ਹੈ। ਮੁੱਢਲੇ ਅਨੁਮਾਨ ਅਨੁਸਾਰ ਕਈ ਕਰੋੜਾਂ ਦਾ ਨੁਕਸਾਨ ਹੋਇਆ ਹੈ। ਡਿਪਟੀ ਕਮਿਸ਼ਨਰ ਮੰਡੀ ਅਪੂਰਵ ਦੇਵਗਨ ਨੇ ਦੱਸਿਆ ਕਿ ਤਿੰਨ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ, ਜਦੋਂ ਕਿ ਦੋ ਲੋਕਾਂ ਨੂੰ ਬਚਾ ਲਿਆ ਗਿਆ ਹੈ।

# ਸਿਆਸੀ ਦਲਾਂ ਨੂੰ 'ਪੌਸ਼' ਤਹਿਤ ਲਿਆਉਣ ਬਾਰੇ ਪਟੀਸ਼ਨ ਰੱਦ



**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਇੱਕ ਅਹਿਮ ਫੈਸਲਾ ਕਰਦਿਆਂ ਸਿਆਸੀ ਦਲਾਂ ਨੂੰ ਕੰਮ ਵਾਲੀ ਥਾਂ 'ਤੇ ਔਰਤਾਂ ਦੇ ਜਿਨਸੀ ਸੋਸ਼ਣ (ਰੋਕਥਾਮ, ਮਨਾਹੀ ਅਤੇ ਨਿਵਾਰਣ) ਐਕਟ 2013 (ਪੌਸ਼) ਤਹਿਤ ਲਿਆਉਣ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਸਿਆਸੀ ਦਲਾਂ ਨੂੰ ਇਸ ਕਾਨੂੰਨ ਦੇ ਦਾਇਰੇ ਹੇਠ ਲਿਆਉਣਾ 'ਪੰਡੋਰਾ ਬਾਕਸ' (ਜਿਸ ਨਾਲ ਕਈ ਗੁੰਝਲਦਾਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ) ਖੋਲ੍ਹਣ ਵਰਗਾ ਹੋਵੇਗਾ। ਅਦਾਲਤ ਨੇ ਕਿਹਾ ਕਿ ਇਹ ਬਲੈਕਮੇਲ ਕਰਨ ਦਾ ਹਥਿਆਰ ਬਣ ਸਕਦਾ ਹੈ। ਚੀਫ ਜਸਟਿਸ ਬੀ.ਆਰ. ਗਵੱਈ ਅਤੇ ਜਸਟਿਸ ਕੇ. ਵਿਨੋਦ ਚੰਦਰਨ ਅਤੇ ਅਤੁਲ ਐਸ. ਚੰਦੂਰਕਰ ਦੇ ਬੈਂਚ ਨੇ ਕਿਹਾ ਕਿ ਰਾਜਨੀਤਕ ਪਾਰਟੀਆਂ 'ਤੇ 'ਪੌਸ਼' ਐਕਟ ਲਾਗੂ ਕਰਨ ਨਾਲ ਇੱਕ ਪੰਡੋਰਾ ਬਾਕਸ ਖੁੱਲ੍ਹ ਜਾਵੇਗਾ ਅਤੇ ਇਹ ਬਲੈਕਮੇਲ ਅਤੇ ਦੁਰਵਰਤੋਂ ਦਾ ਸਾਧਨ ਬਣ ਜਾਵੇਗਾ। ਅਦਾਲਤ ਨੇ ਕਿਹਾ, 'ਤੁਸੀਂ ਰਾਜਨੀਤਕ ਪਾਰਟੀਆਂ ਨੂੰ ਕੰਮਕਾਜੀ ਥਾਂ ਨਾਲ ਨਹੀਂ ਮੇਲ ਸਕਦੇ। ਜਦੋਂ ਕੋਈ ਵਿਅਕਤੀ ਕਿਸੇ ਰਾਜਨੀਤਕ ਪਾਰਟੀ ਵਿੱਚ ਸ਼ਾਮਲ ਹੁੰਦਾ ਹੈ ਤਾਂ ਇਹ ਰੁਜ਼ਗਾਰ ਨਹੀਂ ਦਿੰਦਾ। ਇਹ ਕੋਈ ਨੌਕਰੀ ਨਹੀਂ ਹੈ ਕਿਉਂਕਿ ਉਹ ਵਿਅਕਤੀ ਆਪਣੀ ਮਰਜ਼ੀ ਨਾਲ ਅਤੇ ਗੈਰ-ਤਨਖਾਹ ਦੇ ਆਧਾਰ 'ਤੇ ਰਾਜਨੀਤਕ ਪਾਰਟੀਆਂ ਵਿੱਚ ਸ਼ਾਮਲ ਹੁੰਦੇ ਹਨ। ਇਸ ਕਰ ਕੇ ਇਹ ਨਿਯਮ ਇੱਥੇ ਲਾਗੂ ਨਹੀਂ ਹੋ ਸਕਦੇ। ਸੁਪਰੀਮ ਕੋਰਟ ਨੇ ਇਸ ਸਬੰਧੀ ਕੇਰਲ ਹਾਈ ਕੋਰਟ ਦੇ ਸਾਲ 2022 ਵਿਚ ਦਿੱਤੇ ਫੈਸਲੇ ਨੂੰ ਵੀ ਬਰਕਰਾਰ ਰੱਖਿਆ।

# ਅਮਰੀਕਾ ਤੇ ਭਾਰਤ ਵਿਚਕਾਰ ਵਪਾਰਕ ਗੱਲਬਾਤ ਮੁੜ ਸ਼ੁਰੂ

**ਨਵੀਂ ਦਿੱਲੀ :** ਭਾਰਤ ਅਤੇ ਅਮਰੀਕਾ ਦੇ ਮੁੱਖ ਵਾਰਤਾਕਾਰਾਂ ਨੇ ਪ੍ਰਸਤਾਵਿਤ ਵਪਾਰ ਸਮਝੌਤੇ 'ਤੇ ਗੱਲਬਾਤ ਸ਼ੁਰੂ ਕਰ ਦਿੱਤੀ ਹੈ, ਤਾਂ ਜੋ ਭਾਰੀ ਟੈਕਸ ਕਾਰਨ ਪੈਦਾ ਹੋਏ ਮੁੱਦਿਆਂ ਨੂੰ ਸੁਲਝਾਇਆ ਜਾ ਸਕੇ। ਅਮਰੀਕੀ ਟੀਮ ਦੀ ਅਗਵਾਈ ਦੱਖਣੀ ਅਤੇ ਮੱਧ ਏਸ਼ੀਆ ਲਈ ਅਮਰੀਕੀ ਵਪਾਰ ਪ੍ਰਤੀਨਿਧੀ ਦੇ ਸਹਾਇਕ ਬ੍ਰੈਂਡਨ ਲਿੰਚ ਕਰ ਰਹੇ ਹਨ, ਜਦੋਂ ਕਿ ਵਣਜ ਵਿਭਾਗ ਦੇ ਵਿਸ਼ੇਸ਼ ਸਕੱਤਰ ਰਾਜੇਸ਼ ਅਗਰਵਾਲ ਭਾਰਤ ਦੇ ਮੁੱਖ ਵਾਰਤਾਕਾਰ ਹਨ। ਲਿੰਚ ਆਪਣੇ ਭਾਰਤੀ ਹਮਰੁਤਬਾ ਨਾਲ ਇੱਕ ਦਿਨ ਦੀ ਗੱਲਬਾਤ ਲਈ ਸੋਮਵਾਰ ਦੇਰ ਰਾਤ ਭਾਰਤ ਪਹੁੰਚੇ ਹਨ। ਰੂਸੀ ਕੱਚੇ ਤੇਲ ਦੀ ਖਰੀਦ ਕਾਰਨ ਅਮਰੀਕੀ ਬਾਜ਼ਾਰ 'ਚ ਦਾਖਲ ਹੋਣ ਵਾਲੀਆਂ ਭਾਰਤੀ ਵਸਤਾਂ 'ਤੇ 25 ਫੀਸਦੀ ਟੈਕਸ ਅਤੇ 25 ਫੀਸਦੀ ਦੀ ਵਾਧੂ ਪੈਨਲਟੀ ਲਗਾਏ ਜਾਣ ਤੋਂ ਬਾਅਦ ਕਿਸੇ ਉੱਚ ਦਰਜੇ ਦੇ ਅਮਰੀਕੀ ਵਪਾਰ ਅਧਿਕਾਰੀ ਦਾ ਇਹ ਪਹਿਲਾ ਦੌਰਾ ਹੈ। ਇਕ ਅਧਿਕਾਰੀ ਨੇ ਕਿਹਾ ਕਿ ਵਪਾਰਕ ਗੱਲਬਾਤ ਸ਼ੁਰੂ ਹੋ ਗਈ ਹੈ। ਭਾਰਤ ਨੇ 50 ਫੀਸਦੀ ਦੇ ਭਾਰੀ ਟੈਰਿਫ ਨੂੰ ਗਲਤ ਅਤੇ ਗੈਰ-ਵਾਜਿਬ ਦੱਸਿਆ ਹੈ।

# ਦੇਹਰਾਦੂਨ 'ਚ ਬੱਦਲ ਫਟਣ ਕਾਰਨ ਭਾਰੀ ਤਬਾਹੀ

**ਦੇਹਰਾਦੂਨ :** ਸੋਮਵਾਰ ਦੇਰ ਰਾਤ ਦੇਹਰਾਦੂਨ ਦੇ ਸਹਿਸਤਰਧਾਰਾ ਇਲਾਕੇ 'ਚ ਬੱਦਲ ਫਟਣ ਨਾਲ ਭਾਰੀ ਤਬਾਹੀ ਹੋਈ ਹੈ। ਅਚਾਨਕ ਆਏ ਹੜ੍ਹ ਨਾਲ ਤਮਸਾ ਨਦੀ 'ਚ ਪਾਣੀ ਦਾ ਪੱਧਰ ਵਧ ਗਿਆ ਹੈ। ਤੇਜ਼ ਪਾਣੀ ਦੇ ਵਹਾਅ 'ਚ ਕਈ ਗੱਡੀਆਂ ਵਹਿ ਗਈਆਂ ਅਤੇ ਦੋ ਵਿਅਕਤੀ ਲਾਪਤਾ ਹੋ ਗਏ। ਇਸ ਦੌਰਾਨ ਮੁੱਖ ਬਾਜ਼ਾਰ 'ਚ ਮਲਬਾ ਭਰ ਜਾਣ ਕਾਰਨ ਹੋਟਲਾਂ ਅਤੇ ਦੁਕਾਨਾਂ ਦਾ ਨੁਕਸਾਨ ਹੋਇਆ ਹੈ। ਹਾਲਾਤ ਨੂੰ ਦੇਖਦੇ ਹੋਏ ਪ੍ਰਸ਼ਾਸਨ ਨੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਨੂੰ ਬੰਦ ਕਰਨ ਦਾ ਹੁਕਮ ਦਿੱਤਾ ਹੈ। ਤੇਜ਼ ਮੀਂਹ ਕਾਰਨ ਟਪਕੇਸ਼ਵਰ ਮਹਾਂਦੇਵ ਮੰਦਰ ਪੂਰੀ ਤਰ੍ਹਾਂ ਹੜ੍ਹ ਦੀ ਲਪੇਟ 'ਚ ਆ ਗਿਆ। ਮੰਦਰ ਦੇ ਪੁਜਾਰੀ ਅਨੁਸਾਰ ਸਵੇਰੇ ਕਰੀਬ 5 ਵਜੇ ਨਦੀ 'ਚ ਪਾਣੀ ਦਾ ਪੱਧਰ ਵਧਿਆ, ਜਿਸ ਕਾਰਨ ਪੂਰਾ ਮੰਦਰ ਡੁੱਬ ਗਿਆ ਅਤੇ ਕਈ ਮੂਰਤੀਆਂ ਵਹਿ ਗਈਆਂ। ਹਾਲਾਂ ਕਿ ਗਰਭਗ੍ਰਹਿ ਸੁਰੱਖਿਅਤ ਹੈ, ਪਰ ਪਾਣੀ ਉਤਰਨ ਤੋਂ ਬਾਅਦ ਮੰਦਰ ਦੇ ਕੰਪਲੈਕਸ 'ਚ ਕਰੀਬ ਦੋ ਫੁੱਟ ਮਲਬਾ ਜਮ੍ਹਾਂ ਮਿਲਿਆ। ਰਿਸ਼ੀਕੇਸ਼ 'ਚ ਮੰਗਲਵਾਰ ਸਵੇਰ ਤੋਂ ਹੀ ਚੰਦਰਭਾਗਾ ਨਦੀ 'ਚ ਪਾਣੀ ਦਾ ਪੱਧਰ ਵਧਿਆ ਹੋਇਆ ਹੈ। ਇਸ ਮੌਕੇ ਪਾਣੀ ਹਾਈਵੇ ਤੱਕ ਪਹੁੰਚ ਗਿਆ, ਜਿਸ ਨਾਲ ਆਵਾਜਾਈ ਪ੍ਰਭਾਵਤ ਹੋਈ ਹੈ। ਐੱਸ ਡੀ ਆਰ ਐੱਫ ਦੀ ਟੀਮ ਨੇ ਨਦੀ 'ਚ ਫਸੇ ਤਿੰਨ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ। ਟੀਮ ਅਨੁਸਾਰ ਕਈ ਵਾਹਨ ਅਜੇ ਵੀ ਪਾਣੀ 'ਚ ਫਸੇ ਹੋਏ ਹਨ।



## ਬੱਚਾ ਸਿਆਸਤ !



**ਪਟਨਾ :** ਭਾਜਪਾ ਨੇ ਮੰਗਲਵਾਰ ਪਟਨਾ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਚਪਨ ਤੇ ਸੰਘਰਸ਼ ਨੂੰ ਦਰਸਾਉਂਦੀ ਫਿਲਮ 'ਚਲੋ ਜੀਤੇ ਹੈਂ' ਦਿਖਾਉਣ ਲਈ ਬਿਹਾਰ ਅਸੰਬਲੀ ਦੇ 243 ਹਲਕਿਆਂ ਵਿੱਚ 243 ਵੈਨਾਂ (ਸੇਵਾ ਰੱਥ) ਰਵਾਨਾ ਕੀਤੀਆਂ। ਮੋਦੀ ਦਾ 17 ਸਤੰਬਰ ਨੂੰ ਜਨਮ ਦਿਨ ਹੈ। ਸੂਬੇ ਵਿੱਚ ਅਕਤੂਬਰ-ਨਵੰਬਰ ਨੂੰ ਚੋਣਾਂ ਹੋਣ ਵਾਲੀਆਂ ਹਨ।

## ਮਦਰ ਡੇਅਰੀ ਨੇ ਰੇਟ ਘਟਾਏ

**ਨਵੀਂ ਦਿੱਲੀ :** ਜੀ ਐੱਸ ਟੀ ਵਿੱਚ ਕਟੌਤੀ ਤੋਂ ਬਾਅਦ ਮਦਰ ਡੇਅਰੀ ਨੇ 22 ਸਤੰਬਰ ਤੋਂ ਆਪਣੇ ਉਤਪਾਦਾਂ ਦੀਆਂ ਕੀਮਤਾਂ ਘਟਾਉਣ ਦਾ ਐਲਾਨ ਕੀਤਾ ਹੈ। ਇਸ ਤਹਿਤ ਇੱਕ ਲੀਟਰ ਦਾ ਦੁੱਧ (ਟੈਟਰਾ ਪੈਕ) 77 ਦੀ ਥਾਂ 75 ਰੁਪਏ, ਮੱਖਣ 100 ਗ੍ਰਾਮ 62 ਦੀ ਥਾਂ 58 ਰੁਪਏ, ਪਨੀਰ 200 ਗ੍ਰਾਮ 95 ਦੀ ਥਾਂ 92 ਰੁਪਏ, ਇੱਕ ਲੀਟਰ ਡੱਬਾਬੰਦ ਘਿਓ 675 ਦੀ ਥਾਂ 645 ਰੁਪਏ ਮਿਲਣਗੇ। ਚੋਕੋ ਵਨੀਲਾ ਕੋਨ 30 ਰੁਪਏ ਦੀ ਥਾਂ 25 ਰੁਪਏ ਅਤੇ ਸਟ੍ਰਾਬੇਰੀ ਕ੍ਰਸ਼ ਟੱਬ (ਇੱਕ ਲੀਟਰ) 330 ਰੁਪਏ ਦੀ ਥਾਂ 300 ਰੁਪਏ ਵਿੱਚ ਮਿਲੇਗੀ। ਫੁੱਲ ਕ੍ਰੀਮ ਦੁੱਧ, ਟੋਂਡ ਮਿਲਕ, ਗਾਂ ਦਾ ਦੁੱਧ ਪਹਿਲੇ ਰੇਟਾਂ 'ਤੇ ਹੀ ਮਿਲਣਗੇ, ਕਿਉਂਕਿ ਇਨ੍ਹਾਂ 'ਤੇ ਜੀ ਐੱਸ ਟੀ ਪਹਿਲਾਂ ਤੋਂ ਹੀ ਨਹੀਂ ਲੱਗਦੀ।

## ਜਵਾਲਾ ਗੱਟਾ ਦੀ ਅਪੀਲ



**ਹੈਦਰਾਬਾਦ :** ਉੱਘੀ ਬੈਡਮਿੰਟਨ ਖਿਡਾਰਨ ਜਵਾਲਾ ਗੱਟਾ, ਜਿਸ ਨੇ ਹਾਲ ਹੀ ਵਿੱਚ ਦੂਜੇ ਬੱਚੇ ਨੂੰ ਜਨਮ ਦਿੱਤਾ, ਨੇ ਸਰਕਾਰੀ ਹਸਪਤਾਲ ਨੂੰ ਆਪਣਾ ਦੁੱਧ ਦਾਨ ਕਰਕੇ ਹੋਰਨਾਂ ਮਾਂਵਾਂ ਨੂੰ ਅਜਿਹਾ ਕਰਨ ਲਈ ਪ੍ਰੇਰਿਆ ਹੈ। ਉਸ ਨੇ ਕਿਹਾ ਕਿ ਮਾਂ ਦਾ ਦੁੱਧ ਸਮੇਂ ਤੋਂ ਪਹਿਲਾਂ ਜਨਮ ਲੈਣ ਵਾਲੇ ਤੇ ਕਮਜ਼ੋਰ ਬੱਚਿਆਂ ਦੀਆਂ ਜ਼ਿੰਦਗੀਆਂ ਬਚਾ ਸਕਦਾ ਹੈ। ਜੇ ਕੋਈ ਮਾਂ ਦੁੱਧ ਦਾ ਦਾਨ ਦੇ ਸਕਦੀ ਹੈ ਤਾਂ ਉਸ ਨੂੰ ਜ਼ਰੂਰ ਦੇਣਾ ਚਾਹੀਦਾ ਹੈ। ਜਵਾਲਾ ਹੁਣ ਤੱਕ 30 ਲੀਟਰ ਦੁੱਧ ਦਾਨ ਕਰ ਚੁੱਕੀ ਹੈ।

# ਮਨੁੱਖੀ ਸਿਹਤ ਤੇ ਜਾਨਵਰਾਂ ਦੀ ਤੰਦਰੁਸਤੀ ਲਈ ਪ੍ਰਸ਼ਾਸਨ ਨੂੰ ਸਖ਼ਤ ਹਦਾਇਤ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਨੂੰ ਸੂਬੇ ਦੇ ਹੜ੍ਹ ਪ੍ਰਭਾਵਤ ਜ਼ਿਲ੍ਹਿਆਂ ਵਿੱਚ ਲੋਕਾਂ ਨੂੰ ਸਿਹਤ ਜਾਂਚ ਅਤੇ ਇਲਾਜ ਦੇ ਮਾਮਲੇ ਵਿੱਚ ਰਾਹਤ ਦੇਣ ਲਈ ਆਪਣੇ ਯਤਨ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਇੱਥੇ ਮੰਗਲਵਾਰ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਹੜ੍ਹਾਂ ਕਾਰਨ ਸੂਬੇ ਦੇ ਕਈ ਜ਼ਿਲ੍ਹਿਆਂ ਵਿੱਚ ਵਿਆਪਕ ਨੁਕਸਾਨ ਹੋਇਆ ਹੈ ਅਤੇ ਹੁਣ ਜਦੋਂ ਪਾਣੀ ਉਤਰਨਾ ਸ਼ੁਰੂ ਹੋ ਗਿਆ ਹੈ ਤਾਂ ਮਨੁੱਖਾਂ ਤੇ ਪਸ਼ੂਆਂ ਵਿਚਾਲੇ ਬਿਮਾਰੀਆਂ ਫੈਲਣ ਦਾ ਖ਼ਦਸ਼ਾ ਹੈ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਮਨੁੱਖਾਂ ਤੇ ਪਸ਼ੂਆਂ ਵਿਚਕਾਰ ਬਿਮਾਰੀਆਂ ਫੈਲਣ ਤੋਂ ਰੋਕਣ ਲਈ ਵੱਡੇ ਪੱਧਰ ਉੱਤੇ ਹੰਭਲਾ ਮਾਰ ਰਹੀ ਹੈ। ਮਾਨ ਨੇ ਕਿਹਾ ਕਿ ਹੜ੍ਹ ਪ੍ਰਭਾਵਤ ਪਿੰਡਾਂ ਵਿੱਚ ਲਗਾਏ ਗਏ ਸਿਹਤ ਜਾਂਚ ਕੈਂਪਾਂ ਤੋਂ ਹੁਣ ਤੱਕ ਤਕਰੀਬਨ 1.50 ਲੱਖ ਲੋਕਾਂ ਨੂੰ ਲਾਭ ਪਹੁੰਚਿਆ ਹੈ। ਕੈਂਪਾਂ ਵਿੱਚ ਬੁਖ਼ਾਰ, ਪੇਚਸ਼, ਚਮੜੀ ਦੀ ਲਾਗ ਅਤੇ ਹੋਰ ਬਿਮਾਰੀਆਂ ਦਾ ਵੱਡੇ ਪੱਧਰ ਉੱਤੇ ਪਤਾ ਲੱਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਹੈਲਥ ਕਿੱਟਾਂ ਵੰਡੀਆਂ ਗਈਆਂ ਹਨ, ਜਿਨ੍ਹਾਂ ਵਿੱਚ ਓ ਆਰ ਐੱਸ, ਮੱਛਰ ਮਾਰ ਦਵਾਈ, ਪੈਰਾਸਿਟਾਮੋਲ, ਸਿਟਰਾਜ਼ਿਨ, ਕਲੋਰੀਨ ਦੀਆਂ ਗੋਲੀਆਂ, ਸਾਬਣ ਅਤੇ ਹੋਰ ਮੁੱਢਲੀ ਡਾਕਟਰੀ ਸਹਾਇਤਾ ਦੀ ਸਪਲਾਈ ਸ਼ਾਮਲ ਹੈ। ਇਸ ਦਾ ਟੀਚਾ 20 ਸਤੰਬਰ ਤੱਕ ਹਰੇਕ ਘਰ ਤ ਕ

• ਬਾਕੀ ਸਫਾ 2 'ਤੇ



## ਹੈਪੀ ਫੋਰਜਿੰਗਜ਼ ਕਰੇਗੀ 1000 ਕਰੋੜ ਦਾ ਨਿਵੇਸ਼ : ਅਰੋੜਾ

**ਚੰਡੀਗੜ੍ਹ (ਗੁਰਜੀਤ ਬਿੱਲਾ/ ਕ੍ਰਿਸ਼ਨ ਗਰਗ)**



ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਹੈਪੀ ਫੋਰਜਿੰਗਜ਼ ਲਿਮਟਿਡ (ਐੱਚ ਐੱਫ ਐੱਲ) ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਵਿੱਚ 1000 ਕਰੋੜ ਰੁਪਏ ਦਾ ਨਿਵੇਸ਼ ਕਰੇਗੀ। ਹੈਪੀ ਫੋਰਜਿੰਗਜ਼ ਲਿਮਟਿਡ ਆਟੋ ਅਤੇ ਇੰਜੀਨੀਅਰਿੰਗ ਵਿਸ਼ੇਸ਼ ਉਤਪਾਦਾਂ ਦੇ ਨਿਰਮਾਣ ਵਿੱਚ ਇੱਕ ਪ੍ਰਮੁੱਖ ਅਤੇ ਦੇਸ਼ ਵਿੱਚ ਇੰਜੀਨੀਅਰਿੰਗ ਨਿਰਮਾਣ ਦੇ ਖੇਤਰ ਵਿੱਚ ਤੀਜੀ ਸਭ ਤੋਂ ਵੱਡੀ ਇਕਾਈ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਅਰੋੜਾ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਐੱਚ ਐੱਫ ਐੱਲ ਕੰਪਨੀ ਦਾ ਕੰਮ ਘਰੇਲੂ ਅਤੇ ਨਿਰਯਾਤ

• ਬਾਕੀ ਸਫਾ 2 'ਤੇ

## ਕਾਮਰੇਡ ਗੁਰਬਖਸ਼ ਸਿੰਘ ਧੂੜਕੋਟ ਦੇ ਪਰਵਾਰ ਵੱਲੋਂ ਇੱਕ ਲੱਖ ਦਾ ਯੋਗਦਾਨ



**ਮੋਗਾ :** ਜ਼ਿਲ੍ਹਾ ਮੋਗਾ ਦੇ ਮਰਹੂਮ ਕਮਿਊਨਿਸਟ ਆਗੂਆਂ ਦੇ ਪਰਵਾਰਾਂ ਵੱਲੋਂ ਪਾਰਟੀ ਦੇ ਮਹਾਂ-ਸੰਮੇਲਨ ਲਈ ਲਗਾਤਾਰ ਸਹਾਇਤਾ ਪਹੁੰਚਾਈ ਜਾ ਰਹੀ ਹੈ। ਇਸ ਕੜੀ ਵਜੋਂ ਪਿਛਲੇ ਦਿਨੀਂ ਸਾਬਕਾ ਐੱਮ ਐੱਲ ਏ ਕਾਮਰੇਡ ਗੁਰਬਖਸ਼ ਸਿੰਘ ਧੂੜਕੋਟ ਦੇ ਪਰਵਾਰ ਵੱਲੋਂ ਇੱਕ ਲੱਖ ਦੀ ਸਹਾਇਤਾ ਰਾਸ਼ੀ ਭੇਟ ਕੀਤੀ ਗਈ।ਕਾਮਰੇਡ ਗੁਰਬਖਸ਼ ਸਿੰਘ ਧੂੜਕੋਟ ਵਿਦਿਆਰਥੀ ਜੀਵਨ ਤੋਂ ਹੀ ਕਮਿਊਨਿਸਟ ਲਹਿਰ ਵਿੱਚ ਕੁੱਦ ਪਏ ਸਨ।ਪੰਜਾਬ ਵਿੱਚ ਜਦੋਂ ਸਹਿਕਾਰਤਾ ਮੁਹਿੰਮ ਚੱਲੀ ਤਾਂ ਉਹ ਮੋਗਾ ਸੈਂਟਰਲ ਕੋਆਪਰੇਟਿਵ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਬਣੇ।ਡਾਇਰੈਕਟਰ ਹੁੰਦਿਆਂ ਉਹਨਾਂ ਬੈਂਕ ਕਰਮਚਾਰੀਆਂ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਦੂਜੀਆਂ ਬੈਂਕਾਂ ਦੇ ਕਰਮਚਾਰੀਆਂ ਦੇ ਬਰਾਬਰ ਤਨਖਾਹ ਸਕੇਲ ਦੇਣ ਦਾ ਫੈਸਲਾ ਕੀਤਾ। ਉਨ੍ਹਾ ਦੀ ਪ੍ਰੇਰਨਾ ਸਦਕਾ ਸਰਕਾਰੀ ਬੈਂਕਾਂ ਦੇ ਕਰਮਚਾਰੀਆਂ ਦੀ ਸੂਬਾ ਪੱਧਰੀ ਕਨਵੈਨਸ਼ਨ ਮੋਗਾ ਵਿਖੇ ਕੀਤੀ ਗਈ, ਜਿਸ ਨੂੰ ਬੈਂਕ ਇੰਪਲਾਈਜ਼ ਐਸੋਸੀਏਸ਼ਨ ਦੇ ਸਕੱਤਰ ਐੱਚ ਐੱਲ ਪਰਵਾਨਾ ਵੀ ਸੰਬੋਧਨ ਕਰਨ ਆਏ।ਉਹਨਾ ਸਮੇਂ-ਸਮੇਂ ਚੱਲੀਆਂ ਮੁਹਿੰਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲਿਆ, ਜਿਵੇਂ ਕਿ ਬੇਦੀ ਫਾਰਮ ਦੇ ਘੋਲ ਵਿੱਚ ਜਥਿਆਂ ਦੀ ਅਗਵਾਈ ਕੀਤੀ।ਖੁਸ਼-ਹੈਸੀਅਤੀ ਟੈਕਸ ਦੇ ਖਿਲਾਫ ਗੁਪਤਵਾਸ ਰਹਿ ਕੇ ਕਿਸਾਨੀ ਨੂੰ ਜਥੇਬੰਦ ਕੀਤਾ।1962 ਵਿੱਚ ਉਹ ਹਲਕਾ ਨਿਹਾਲ ਸਿੰਘ ਵਾਲਾ ਤੋਂ ਅਸੈਂਬਲੀ ਲਈ ਚੁਣੇ ਗਏ। ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਉਹ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ ਅਤੇ ਨੌਜਵਾਨਾ ਦੀ ਆਵਾਜ਼ ਸਨ।ਉਹਨਾ ਦਾ ਸਮੁੱਚਾ ਪਰਵਾਰ ਕਮਿਊਨਿਸਟ ਪਾਰਟੀ ਨਾਲ ਜੁੜਿਆ ਹੋਇਆ ਹੈ।ਉਹਨਾਂ ਦੇ ਬੇਟੇ, ਪੋਤਰੇ, ਪੋਤਰੀਆਂ ਕਮਿਊਨਿਸਟ ਲਹਿਰ ਦੇ ਸਮਰਥਕ ਹਨ ਅਤੇ ਸਮੇਂ-ਸਮੇਂ ਪਾਰਟੀ ਦੀ ਮਦਦ ਕਰਦੇ ਰਹਿੰਦੇ ਹਨ, ਇਸ ਲਈ ਉਹਨਾ ਕਾਮਰੇਡ ਜਗਰੂਪ ਦੇ ਸੁਨੇਹੇ 'ਤੇ ਫੁੱਲ ਚੜ੍ਹਾਉਂਦਿਆਂ ਇੱਕ ਲੱਖ ਰੁਪਏ ਸਹਾਇਤਾ ਭੇਜੀ।ਪਾਰਟੀ ਦੇ ਕੰਟਰੋਲ ਕਮਿਸ਼ਨ ਦੇ ਮੈਂਬਰ ਜਗਜੀਤ ਸਿੰਘ ਧੂੜਕੋਟ ਨੇ ਪਰਵਾਰ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਪਰਵਾਰ ਸਮੇਂ-ਸਮੇਂ ਖਿੜੇ ਮੱਥੇ ਪਾਰਟੀ ਦੀ ਸਹਾਇਤਾ ਕਰਦਾ ਹੈ।

## ਪੀਰ ਬਖਸ਼ ਚੌਹਾਨ ਬਰਾਂਚ ਵੱਲੋਂ 50 ਹਜ਼ਾਰ ਦਾ ਯੋਗਦਾਨ

**ਜਲਾਲਾਬਾਦ (ਜੀਤ ਕੁਮਾਰ)**-ਭਾਰਤੀ ਕਮਿਊਨਿਸਟ ਪਾਰਟੀ ਦੇ ਮਹਾਂ-ਸੰਮੇਲਨ ਲਈ ਭਾਰਤੀ ਕਮਿਊਨਿਸਟ ਪਾਰਟੀ ਬਲਾਕ ਗੁਰੂ ਹਰਸਹਾਏ ਦੇ ਪਿੰਡ ਪੀਰ ਬਖਸ਼ ਚੌਹਾਨ ਬ੍ਰਾਂਚ ਵਿੱਚੋਂ ਜੀਤ ਕੁਮਾਰ ਅਤੇ ਬਲਵੰਤ ਚੌਹਾਨਾਂ ਦੀ ਅਗਵਾਈ ਵਿੱਚ 50 ਹਜ਼ਾਰ ਰੁਪਏ ਦਾ ਫੰਡ ਇਕੱਠਾ ਕੀਤਾ ਗਿਆ। ਇਸ ਲਈ ਰਮੇਸ਼ ਪੀਰ ਮੁਹੰਮਦ, ਤੇਜਾ ਸਿੰਘ ਅਮੀਰ ਖਾਸ, ਚਰਨਜੀਤ ਛਾਂਗਾ ਰਾਏ, ਪਰਮਜੀਤ ਥਾਰਾ ਸਿੰਘ ਵਾਲਾ ਦਾ ਸਹਿਯੋਗ ਰਿਹਾ।ਇਸ ਦੌਰਾਨ ਪਿੰਡ ਵਾਸੀਆਂ ਨੂੰ 21 ਸਤੰਬਰ ਨੂੰ ਮੁਹਾਲੀ ਵਿਖੇ ਹੋ ਰਹੀ ਰੈਲੀ ਵਿਚ ਸ਼ਾਮਿਲ ਹੋਣ ਲਈ ਵੀ ਪ੍ਰੇਰਿਤ ਕੀਤਾ ਗਿਆ।ਪਾਰਟੀ ਸੰਮੇਲਨ ਲਈ ਬਲਾਕ ਗੁਰੂ ਹਰਸਹਾਏ ਲਈ ਲੱਗੇ 50 ਹਜ਼ਾਰ ਫੰਡ ਦਾ ਕੋਟਾ ਪਾਰਟੀ ਦੀ ਇੱਕੋ ਬ੍ਰਾਂਚ ਪੀਰ ਬਖਸ਼ ਚੌਹਾਨ ਦੇ ਪਿੰਡ ਵਾਸੀਆਂ ਵੱਲੋਂ ਮਿਲੇ ਭਰਪੂਰ ਹੁੰਗਾਰੇ ਕਰਕੇ ਇਕੱਠਾ ਕਰ ਲਿਆ ਗਿਆ। ਬੀਤੇ ਦਿਨੀਂ ਜੀਤ ਕੁਮਾਰ ਜ਼ਿਲ੍ਹਾ ਕੌਂਸਲ ਮੈਂਬਰ, ਉਪਦੇਸ਼, ਸੁਦੇਸ਼ ਮਲੋਟ ਨੇ ਪਾਰਟੀ ਦਫ਼ਤਰ ਚੰਡੀਗੜ੍ਹ ਵਿਖੇ ਬੰਤ ਸਿੰਘ ਬਰਾੜ ਸੂਬਾ ਸਕੱਤਰ, ਹਰਦੇਵ ਅਰਸ਼ੀ ਸਾਬਕਾ ਐੱਮ ਐੱਲ ਏ ਤੇ ਨਿਰਮਲ ਸਿੰਘ ਧਾਲੀਵਾਲ ਜਨਰਲ ਸਕੱਤਰ ਪੰਜਾਬ ਏਟਕ ਨੂੰ ਪਾਰਟੀ ਮਹਾਂ-ਸੰਮੇਲਨ ਲਈ ਜਮ੍ਹਾਂ ਕਰਵਾ ਦਿੱਤਾ।

## ਪੰਜਾਬ ਖੇਤ ਮਜ਼ਦੂਰ ਸਭਾ ਦੀ ਕਿਰਤੋਵਾਲ ਕਲਾਂ ਬਰਾਂਚ ਵੱਲੋਂ ਦਸ ਹਜ਼ਾਰ ਦੀ ਸਹਾਇਤਾ



**ਤਰਨ ਤਾਰਨ :** ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਜਿੱਥੇ 21 ਸਤੰਬਰ ਨੂੰ ਮੋਹਾਲੀ ਵਿੱਚ ਹੋ ਰਹੀ ਰੈਲੀ ਦੀ ਸਫ਼ਲਤਾ ਲਈ ਆਪਣੇ ਵਰਕਰਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ, ਉੱਥੇ ਸੀ ਪੀ ਆਈ ਦੀ 25ਵੀਂ ਕਾਂਗਰਸ ਲਈ ਆਰਥਿਕ ਸਹਿਯੋਗ ਵੀ ਆਪਣੀ ਸਮਰੱਥਾ ਮੁਤਾਬਕ ਨਿਰੰਤਰ ਜਾਰੀ ਹੈ। ਇਸੇ ਲਗਾਤਾਰਤਾ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਜ਼ਿਲ੍ਹਾ ਤਰਨ ਤਾਰਨ ਦੀ ਕਿਰਤੋਵਾਲ ਕਲਾਂ ਬ੍ਰਾਂਚ ਵੱਲੋਂ ਪਾਰਟੀ ਕਾਂਗਰਸ ਲਈ ਦਸ ਹਜ਼ਾਰ ਰੁਪਏ ਦਾ ਸਹਿਯੋਗ ਦਿੱਤਾ ਗਿਆ ਹੈ। ਇਹ ਸਹਾਇਤਾ ਰਾਸ਼ੀ ਸਰਵਨ ਸਿੰਘ, ਨਵਜੋਤ ਸਿੰਘ, ਸੁਖਦੇਵ ਸਿੰਘ ਅਤੇ ਗੁਰਮੀਤ ਸਿੰਘ ਆਦਿ ਨੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੂੰ ਸੌਂਪੀ। ਕਾਮਰੇਡ ਸਰਹਾਲੀ ਕਲਾਂ ਨੇ ਪਾਰਟੀ ਪ੍ਰਤੀ ਸੁਹਿਰਦ ਸਾਥੀਆਂ ਦਾ ਧੰਨਵਾਦ ਕੀਤਾ।

# ਪਾਰਟੀ ਕਾਂਗਰਸ ਦੌਰਾਨ ਸੱਭਿਆਚਾਰਕ ਪ੍ਰੋਗਰਾਮ 'ਚ ਲੋਕ ਭਾਵਨਾਵਾਂ ਦਾ ਰੰਗ ਨਜ਼ਰ ਆਵੇਗਾ

**ਚੰਡੀਗੜ੍ਹ (ਗਿਆਨ ਸੈਦਪੁਰੀ)**

ਭਾਰਤੀ ਕਮਿਊਨਿਸਟ ਪਾਰਟੀ ਦਾ 25ਵਾਂ ਮਹਾਂ-ਸੰਮੇਲਨ 21 ਸਤੰਬਰ ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿੱਚ ਹੋ ਰਿਹਾ ਹੈ। 21 ਸਤੰਬਰ ਨੂੰ ਮਹਾਂ-ਸੰਮੇਲਨ ਨਾਲ ਸੰਬੰਧਤ ਮੋਹਾਲੀ ਵਿੱਚ ਵੱਡੀ ਰੈਲੀ ਹੋਵੇਗੀ। ਕਿਸਾਨ ਭਵਨ ਚੰਡੀਗੜ੍ਹ ਵਿੱਚ ਬਣਾਏ ਕਾਮਰੇਡ ਸੁਧਾਕਰ ਰੈਡੀ ਨਗਰ ਵਿੱਚ ਹੋ ਰਹੀ ਪਾਰਟੀ ਕਾਂਗਰਸ ਲੋਕ ਰਾਜ, ਸਮਾਜਕ ਬਰਾਬਰੀ ਅਤੇ ਪੂਰੇ ਸੰਸਾਰ ਵਿੱਚ ਸੁੱਖ-ਸ਼ਾਂਤੀ ਰੱਖਣ ਲਈ ਲੜੇ ਜਾ ਰਹੇ ਯੁੱਧ ਨੂੰ ਮਜ਼ਬੂਤ ਕਰਨ ਦਾ ਰਸਤਾ ਤੈਅ ਕਰੇਗੀ। ਉਕਤ ਵਿਚਾਰਾਂ ਦਾ ਪ੍ਰਗਟਾਵਾ 25ਵੀਂ ਪਾਰਟੀ ਕਾਂਗਰਸ ਦੀ ਸਵਾਗਤੀ ਕਮੇਟੀ ਦੇ ਚੇਅਰਮੈਨ ਡਾਕਟਰ ਸਵਰਾਜਬੀਰ ਸਿੰਘ ਨੇ ਕੀਤਾ। ਉਹ ਪਾਰਟੀ ਕਾਂਗਰਸ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਉਣ ਲਈ ਬਣਾਈ ਗਈ ਮੀਡੀਆ ਕਮੇਟੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਇਸ ਮਹਾਂ-ਸੰਮੇਲਨ ਦੀ ਮਹੱਤਤਾ ਇਸ ਕਰਕੇ ਹੋਰ ਵਧ ਜਾਂਦੀ ਹੈ ਕਿ ਇਹ ਸੀ ਪੀ ਆਈ ਦੇ ਸ਼ਤਾਬਦੀ ਸਾਲ ਵਿੱਚ ਹੋ ਰਹੀ ਹੈ। ਡਾ. ਸਵਰਾਜਬੀਰ ਨੇ ਮਹਾਂ-ਸੰਮੇਲਨ ਦੌਰਾਨ ਹੋਣ ਵਾਲੇ ਗਹਿਰ-ਗੰਭੀਰ ਚਿੰਤਨ ਮੰਥਨ ਦੇ ਨਾਲ-ਨਾਲ ਸੱਭਿਆਚਾਰਕ ਪ੍ਰੋਗਰਾਮਾਂ ਬਾਰੇ ਵੀ ਗੱਲ ਕੀਤੀ। ਉਨ੍ਹਾ ਕਿਹਾ ਕਿ ਹਰ ਸ਼ਾਮ ਨੂੰ ਸੱਭਿਆਚਾਰਕ ਸਮਾਗਮ ਹੋਣਗੇ। ਇਨ੍ਹਾਂ ਪ੍ਰੋਗਰਾਮਾਂ ਵਿੱਚ ਇਨਕਲਾਬੀ ਗੀਤਾਂ, ਕੋਰੀਓਗ੍ਰਾਫ਼ੀਆਂ ਅਤੇ ਨਾਟਕਾਂ ਵਿੱਚ ਲੋਕ ਭਾਵਨਾਵਾਂ ਦਾ ਸੂਹਾ ਰੰਗ ਨਜ਼ਰ ਆਵੇਗਾ। ਸਮੇਂ-ਸਮੇਂ ਦੀਆਂ ਇਨਕਲਾਬੀ ਲਹਿਰਾਂ ਦੇ ਸੂਰਮਿਆਂ ਦੀ ਗਾਥਾ ਵੀ ਇਨ੍ਹਾਂ ਪ੍ਰੋਗਰਾਮਾਂ ਦਾ ਹਿੱਸਾ ਹੋਵੇਗੀ। ਡਾ. ਸਵਰਾਜਬੀਰ ਨੇ ਮੀਡੀਆ ਕਮੇਟੀ ਨੂੰ ਤਾਕੀਦ ਕੀਤੀ ਕਿ ਮਹਾਂ-ਸੰਮੇਲਨ ਦੇ ਹਰ ਰੰਗ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਕੋਈ ਕਸਰ ਬਾਕੀ ਨਾ ਰਹੇ। ਮੀਟਿੰਗ ਵਿੱਚ ਕਾਮਰੇਡ ਗੁਰਨਾਮ ਕੰਵਰ, ਲਵਪ੍ਰੀਤ ਸਿੰਘ ਮਾੜੀਮੇਘਾ, ਰੈਕਟਰ ਕਥੂਰੀਆ, ਡਾ. ਮੇਘਾ ਸਿੰਘ, ਕਾਰਤਿਕਾ ਸਿੰਘ, ਗੁਰਮਿੰਦਰ ਸਿੰਘ ਗੁਰੀ ਆਦਿ ਸ਼ਾਮਲ ਸਨ।



ਮੀਟਿੰਗ ਵਿੱਚ ਸਵਾਗਤੀ ਕਮੇਟੀ ਦੇ ਚੇਅਰਮੈਨ ਡਾ. ਸਵਰਾਜਬੀਰ ਸਿੰਘ ਨਾਲ ਕਾਮਰੇਡ ਗੁਰਨਾਮ ਕੰਵਰ, ਲਵਪ੍ਰੀਤ ਸਿੰਘ ਮਾੜੀਮੇਘਾ, ਰੈਕਟਰ ਕਥੂਰੀਆ ਤੇ ਹੋਰ।

## ਅੱਜ-ਨਾਮਾ

ਮੈਚ ਕ੍ਰਿਕਟ ਦਾ ਹੋਇਆ ਤਾਂ ਛਿੜੀ ਚਰਚਾ,
ਹੋਇਆ ਏ ਗਲਤ ਜਾਂ ਠੀਕ ਹੈ ਗੱਲ ਬੇਲੀ।
ਕਈਆਂ ਕਿਹਾ ਕਿ ਕੀਤੀ ਹੈ ਕਿਉਂ ਕਾਹਲੀ,
ਕੁੱਦਿਆ ਛੇਤੀ ਕਿਉਂ ਖੇਡਣ ਦਾ ਝੱਲ ਬੇਲੀ।
ਪਹਿਲਗਾਮ ਦੇ ਰੜਕਣ ਪਏ ਜ਼ਖਮ ਜਿੱਥੇ,
ਵੇਖਣਾ ਮੁਸ਼ਕਲ ਹੈ ਵਿਕਟ ਦੇ ਵੱਲ ਬੇਲੀ।
ਮੈਚ ਇੱਕ ਛੱਡਦੇ, ਆਫਤ ਨਹੀਂ ਆ ਜਾਂਦੀ,
ਚੱਲ ਪਏ ਭਾਲਣ ਸਨ ਖੇਡਾਂ ਦੀ ਭੱਲ ਬੇਲੀ।
ਐਤਕੀਂ ਮੈਚ ਇਹ ਕ੍ਰਿਕਟ ਦਾ ਖੇਡਦੇ ਨਹੀਂ,
ਲੱਗਿਆ ਸੀ ਡਿੱਗਣ ਨਾ ਕੋਈ ਪਹਾੜ ਬੇਲੀ।
ਚਾਹੁੰਦੇ ਲੀਡਰੀ ਕ੍ਰਿਕਟ ਦੀ ਕਾਕਿਆਂ ਲਈ,
ਉਹਦੇ ਲਈ ਕੀਤਾ ਹੈ ਗਿਆ ਜੁਗਾੜ ਬੇਲੀ।

-ਤੀਸ ਮਾਰ ਖਾਂ

# ਕੈਨੇਡਾ 'ਚ ਹੜ੍ਹ ਰਾਹਤ ਫੰਡ ਦੀ ਉਗਰਾਹੀ 'ਤੇ ਸਵਾਲ ਉੱਠਣ ਲੱਗੇ

**ਵੈਨਕੂਵਰ :** ਪੰਜਾਬ ਵਿੱਚ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਦੇ ਨਾਂਅ ਹੇਠ ਕੈਨੇਡਾ ਵਿਚ ਕਈ ਐੱਨ ਜੀ ਓਜ਼ ਵੱਲੋਂ ਵੱਖ-ਵੱਖ ਢੰਗ ਨਾਲ ਕੀਤੀ ਜਾ ਰਹੀ ਉਗਰਾਹੀ 'ਤੇ ਸਵਾਲ ਉੱਠਣ ਲੱਗੇ ਹਨ, ਕਿਉਂਕਿ ਉਗਰਾਹੀ ਕਰਨ ਵਾਲੇ ਬਹੁਤੇ ਸੰਗਠਨ ਕੈਨੇਡਾ 'ਚੋਂ ਪੈਸੇ ਉਗਰਾਹ ਕੇ ਭਾਰਤ ਭੇਜਣ ਲਈ ਰਜਿਸਟਰਡ ਹੀ ਨਹੀਂ ਹਨ।

ਸਿਰਫ ਸ਼੍ਰੋਮਣੀ ਕਮੇਟੀ ਇਸ ਬਾਰੇ ਰਜਿਸਟਰਡ ਹੈ ਤੇ ਉਸ ਉੱਤੇ ਇੰਜ ਦੀ ਕੋਈ ਪਾਬੰਦੀ ਨਹੀਂ। ਬਰੈਂਪਟਨ ਦੇ ਸਮਾਜ ਸੇਵੀ ਨਰਿੰਦਰ ਸਿੰਘ ਨੇ ਦੱਸਿਆ ਕਿ ਖਾਲਸਾ ਏਡ, ਕੈਨੇਡਾ ਦੇ ਪੰਜਾਬੀ ਰੇਡੀਓ ਸਟੇਸ਼ਨਾਂ ਸਮੇਤ ਹੋਰਨਾਂ ਵੱਲੋਂ ਉਗਰਾਹੀ ਕੀਤੀ ਜਾ ਰਹੀ ਹੈ, ਪਰ ਇਨ੍ਹਾਂ ਵਿਚੋਂ ਬਹੁਤੇ ਰਜਿਸਟਰੇਸ਼ਨ ਨਾ ਹੋਣ ਕਰਕੇ ਭਾਰਤ ਪੈਸੇ ਨਹੀਂ ਭੇਜ ਸਕਦੇ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ 2010 ਵਿੱਚ ਵਿਦੇਸ਼ੀ ਯੋਗਦਾਨ ਕਾਨੂੰਨ ਪਾਸ ਕੀਤਾ ਗਿਆ ਸੀ, ਜੋ ਭਾਰਤੀ ਵਿਅਕਤੀਆਂ, ਸੰਗਠਨਾਂ ਤੇ ਕੰਪਨੀਆਂ ਨੂੰ ਵਿਦੇਸ਼ੀ ਫੰਡ ਲੈਣ ਅਤੇ ਵਰਤੋਂ ਕਰਨ ਦੇ ਉਦੇਸ਼ਾਂ ਪ੍ਰਤੀ ਪਾਬੰਦ ਕਰਦਾ ਹੈ। ਕਾਨੂੰਨ ਵਿੱਚ ਵਿਦੇਸ਼ੀ ਪੈਸੇ ਦੀ ਵਰਤੋਂ ਦੀ ਪਾਰਦਰਸ਼ਤਾ ਯਕੀਨੀ ਬਣਾਉਣ ਉੱਤੇ ਜ਼ੋਰ ਦਿੱਤਾ ਗਿਆ ਹੈ। ਉਨ੍ਹਾ ਕਿਹਾ ਕਿ ਦਾਨੀ ਸੱਜਣਾਂ ਨੂੰ ਉਗਰਾਹੀ ਦੇਣ ਤੋਂ ਪਹਿਲਾਂ ਇਹ ਯਕੀਨੀ ਕਰ ਲੈਣਾ ਚਾਹੀਦਾ ਹੈ ਕਿ ਸੰਬੰਧਤ ਸੰਸਥਾ ਭਾਰਤ ਦੇ ਐੱਫ ਸੀ ਆਰ ਏ ਤਹਿਤ ਰਜਿਸਟਰ ਵੀ ਹੈ ਜਾਂ ਨਹੀਂ। ਇਸ ਸੰਬੰਧੀ ਖਾਲਸਾ ਏਡ ਦੇ ਸੰਚਾਲਕ ਰਵੀ ਸਿੰਘ ਦੇ ਪੀ ਏ ਤੋਂ ਈਮੇਲ ਰਾਹੀਂ ਸੰਗਠਨ ਦਾ ਪੱਖ ਜਾਨਣ ਦਾ ਯਤਨ ਕੀਤਾ ਗਿਆ, ਪਰ ਖਬਰ ਲਿਖੇ ਜਾਣ ਤੱਕ ਕੋਈ ਉੱਤਰ ਨਹੀਂ ਆਇਆ। 2023 ਵਿੱਚ ਆਏ ਹੜ੍ਹਾਂ ਮੌਕੇ ਇੱਕ ਇੰਟਰਵਿਊ 'ਚ ਰਵੀ ਸਿੰਘ ਨੇ ਮੰਨਿਆ ਸੀ ਕਿ ਰਜਿਸਟਰੇਸ਼ਨ ਨਾ ਹੋਣ ਕਰਕੇ ਉਹ ਵਿਦੇਸ਼ਾਂ 'ਚੋਂ ਇਕੱਤਰ ਹੋਇਆ ਪੈਸਾ ਭਾਰਤ ਨਹੀਂ ਭੇਜ ਸਕੇ। ਭਾਰਤ ਸਰਕਾਰ ਦੀ ਸੂਚੀ ਵਿੱਚ ਵੀ ਖਾਲਸਾ ਏਡ ਦਾ ਨਾਂਅ ਸ਼ਾਮਲ ਹੋਣ ਦੇ ਸੰਕੇਤ ਨਹੀਂ ਮਿਲਦੇ।

## ਆਸਟਰੇਲੀਆ 'ਚ ਗੁਰਦੁਆਰੇ ਨੇ ਖ਼ਾਲਸਾ ਏਡ ਕੋਲੋਂ 40 ਹਜ਼ਾਰ ਡਾਲਰ ਵਾਪਸ ਮੰਗੇ

**ਸਿਡਨੀ :** ਸਥਾਨਕ ਗੁਰਦੁਆਰੇ ਨੇ ਖਾਲਸਾ ਏਡ ਕੋਲੋਂ ਪੰਜਾਬ ਵਿਚ ਹੜ੍ਹ ਪੀੜਤਾਂ ਦੀ ਮਦਦ ਲਈ ਦਾਨ ਵਜੋਂ ਦਿੱਤੀ 40 ਹਜ਼ਾਰ ਡਾਲਰ ਦੀ ਰਾਸ਼ੀ ਵਾਪਸ ਮੰਗੀ ਹੈ। ਸਮਾਜ ਸੇਵੀ ਸੰਸਥਾ ਖ਼ਾਲਸਾ ਏਡ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਦੇ ਨਾਂਅ ਹੇਠ ਦਾਨ ਉਗਰਾਉਣ ਨੂੰ ਗੈਰਕਾਨੂੰਨੀ ਮੰਨਿਆ ਜਾ ਰਿਹਾ ਹੈ। ਇੰਡੀਅਨ ਹੈਰੀਟੇਜ ਦੇ ਆਗੂ ਬਲਜਿੰਦਰ ਸਿੰਘ ਨੇ ਕਿਹਾ ਕਿ ਖਾਲਸਾ ਏਡ ਕੋਲ ਭਾਰਤ ਵਿੱਚ ਰਕਮ ਭੇਜਣ ਲਈ ਲੋੜੀਂਦਾ ਕਾਨੂੰਨੀ ਭਾਰਤੀ ਐੱਫ ਸੀ ਆਰ ਏ ਅਕਾਊਂਟ ਨਹੀਂ ਹੈ।

ਉਨ੍ਹਾ ਕਿਹਾ ਕਿ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਜੇਕਰ ਸੰਸਥਾ ਵਿਦੇਸ਼ਾਂ ਤੋਂ ਇਕੱਤਰ ਕੀਤਾ ਦਾਨ ਪੰਜਾਬ ਜਾਂ ਭਾਰਤ ਨਹੀਂ ਭੇਜ ਸਕਦੀ ਤਾਂ ਫਿਰ ਇਹ ਫੰਡ ਇਕੱਠਾ ਕਿਉਂ ਕੀਤਾ ਜਾ ਰਿਹਾ ਹੈ। ਸਿਡਨੀ ਦੇ ਗੁਰਦੁਆਰੇ ਨੇ ਸੰਸਥਾ ਖ਼ਾਲਸਾ ਏਡ ਨੂੰ ਸਾਲ 2019 ਦੇ ਸਮੇਂ ਪੰਜਾਬ 'ਚ ਆਏ ਹੜ੍ਹਾਂ ਤੋਂ ਪੀੜਤਾਂ ਲੋਕਾਂ ਦੀ ਮਦਦ ਲਈ 40 ਹਜ਼ਾਰ ਡਾਲਰ ਦਿੱਤੇ ਸਨ। ਗੁਰਦੁਆਰੇ ਨੇ ਇਕ ਪੱਤਰ ਲਿਖ ਕੇ ਰਾਸ਼ੀ ਵਾਪਸ ਮੰਗੀ ਹੈ। ਆਸਟਰੇਲੀਅਨ ਸਿੱਖ ਐਸੋਸੀਏਸ਼ਨ ਦੇ ਸੇਵਾਦਾਰ ਅਲਬੇਲ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਵਿਚ ਹੜ੍ਹਾਂ ਦੇ ਨਾਂਅ ਹੇਠ ਵੱਡੇ ਪੱਧਰ ਉੱਤੇ ਆਨਲਾਈਨ ਸੰਸਥਾਵਾਂ ਤੇ ਨਿੱਜੀ ਵਿਅਕਤੀਆਂ ਵੱਲੋਂ ਫੰਡ ਇਕੱਠਾ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਲੋਕ ਆਪ-ਮੁਹਾਰੇ ਬਿਨਾਂ ਘੋਖ ਕੀਤੇ ਅਜਿਹੀਆਂ ਸੰਸਥਾਵਾਂ ਨੂੰ ਦਾਨ ਦੇ ਰਹੇ ਹਨ, ਪਰ ਇਹ ਰਾਸ਼ੀ ਅੱਗੇ ਪੀੜਤਾਂ ਤੱਕ ਨਹੀਂ ਪੁੱਜ ਰਹੀ।

17-SEP-PAGE-1.qxd 9/16/2025 10:25 PM Page 2



## 40 ਕਰੋੜ ਤੋਂ ਵੱਧ ਦੇ ਕੰਮਾਂ ਦੀ ਜਲਦ ਹੋਵੇਗੀ ਸ਼ੁਰੂਆਤ : ਮੇਅਰ ਕੁੰਦਨ ਗੋਗੀਆ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪਟਿਆਲਾ ਸ਼ਹਿਰ ਦੇ ਵਿਕਾਸ ਲਈ ਨਗਰ ਨਿਗਮ ਵੱਲੋਂ ਵੱਡਾ ਕਦਮ ਚੁੱਕਿਆ ਜਾ ਰਿਹਾ ਹੈ।ਮੇਅਰ ਕੁੰਦਨ ਗੋਗੀਆ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਲਗਭਗ 40 ਕਰੋੜ ਤੋਂ ਵੀ ਵੱਧ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਜਲਦੀ ਹੀ ਕੀਤੀ ਜਾ ਰਹੀ ਹੈ। ਇਨ੍ਹਾਂ ਪ੍ਰੋਜੈਕਟਾਂ ਨਾਲ ਨਾ ਸਿਰਫ਼ ਸ਼ਹਿਰ ਦੀ ਨੁਹਾਰ ਬਦਲੇਗੀ, ਸਗੋਂ ਸ਼ਹਿਰ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਵੀ ਹੋਰ ਵਧੀਆ ਢੰਗ ਨਾਲ ਉਪਲਬਧ ਹੋਣਗੀਆਂ।ਮੇਅਰ ਨੇ ਕਿਹਾ ਕਿ ਇਸ ਹਫ਼ਤੇ ਹੋਣ ਵਾਲੀ ਐੱਫ ਐਂਡ ਸੀ ਸੀ (ਫਾਇਨੈਂਸ ਐਂਡ ਕਾਂਟ੍ਰੈਕਟਸ ਕਮੇਟੀ) ਦੀ ਮੀਟਿੰਗ ਵਿੱਚ ਕਈ ਨਵੇਂ ਵਿਕਾਸ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੇ ਜਾਣ ਬਾਰੇ ਵੀ ਚਰਚਾ ਹੋਵੇਗੀ। ਉਨ੍ਹਾਂ ਦੱਸਿਆ ਕਿ ਨਵੀਆਂ ਸੜਕਾਂ, ਸੜਕਾਂ ਦੀ ਮੁਰੰਮਤ, ਪਾਣੀ ਦੀ ਸਪਲਾਈ ਸੁਧਾਰ, ਸੀਵਰੇਜ ਸਫ਼ਾਈ ਪ੍ਰਬੰਧ, ਲਾਈਟਿੰਗ ਪ੍ਰਣਾਲੀ, ਪਾਰਕਾਂ ਦੀ ਸੁੰਦਰਤਾ ਤੇ ਸਫ਼ਾਈ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਯੋਜਨਾਵਾਂ ਤਿਆਰ ਕੀਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵੱਖ-ਵੱਖ ਵਾਰਡਾਂ ਤੋਂ ਵਾਰ ਵਾਰ ਸ਼ਿਕਾਇਤਾਂ ਮਿਲਦੀਆਂ ਰਹੀਆਂ ਹਨ ਕਿ ਸੜਕਾਂ ਦੇ ਖੱਡੇ, ਟੁੱਟੀਆਂ ਡਰੇਨਜ਼ ਅਤੇ ਪਾਣੀ ਦੇ ਰੁਕਾਵਟ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਬਜਟ ਨਾਲ ਇਹ ਸਮੱਸਿਆਵਾਂ ਵੱਡੇ ਪੱਧਰ 'ਤੇ ਹੱਲ ਹੋਣਗੀਆਂ, ਬਲਕਿ ਇਹ ਕੰਮ ਪਹਿਲ ਦੇ ਅਧਾਰ 'ਤੇ ਸ਼ੁਰੂ ਕੀਤੇ ਜਾਣਗੇ।ਉਨ੍ਹਾਂ ਪਟਿਆਲਾ ਵਾਸੀਆਂ ਨੂੰ ਯਕੀਨ ਦਿਵਾਉਂਦੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਸ਼ਹਿਰ ਦੀ ਤਸਵੀਰ ਬਦਲੀ ਹੋਈ ਦਿਖਾਈ ਦੇਵੇਗੀ ਤੇ ਹਰ ਨਾਗਰਿਕ ਨੂੰ ਵਿਕਾਸ ਦੇ ਲਾਭ ਸਿੱਧੇ ਮਿਲਣਗੇ।

## ਬਿਜਲੀ ਮੁਲਾਜ਼ਮਾਂ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਸੰਬੰਧੀ ਮੀਟਿੰਗ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬੀਤੇ ਦਿਨ ਗਿੱਦੜਬਾਹਾ ਵਿਖੇ ਪੰਜਾਬ ਰਾਜ ਪਾਵਰਕਾਮ ਡਵੀਜ਼ਨ ਦੇ ਸਮੁੱਚੇ ਪੈਨਸ਼ਨਰਾਂ ਵੱਲੋਂ ਪੰਜਾਬ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਸੰਬੰਧੀ ਡਵੀਜ਼ਨ ਪ੍ਰਧਾਨ ਸ਼ਮਸ਼ੇਰ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ। ਮੀਟਿੰਗ ਦੇ ਫੈਸਲੇ ਅਨੁਸਾਰ ਬਿਜਲੀ ਬੋਰਡ ਦੇ ਸਾਰੇ ਪੈਨਸ਼ਨਰ ਮਾਨਵਤਾ ਦੀ ਇਸ ਔਖੀ ਘੜੀ ਵਿੱਚ ਆਪਣਾ ਇਨਸਾਨੀਅਤ ਫਰਜ਼ ਸਮਝਦੇ ਹੋਏ ਹੜ੍ਹ ਪੀੜਤਾਂ ਦੀ ਮਦਦ ਕਰਨਗੇ। ਇਸ ਸਮੇਂ ਸਕੱਤਰ ਮੇਘ ਰਾਜ ਬੁੱਟਰ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ ਕਾਰਨ ਲੋਕਾਂ ਦੀ ਹੋਈ ਬਰਬਾਦੀ ਨੂੰ ਪੰਜਾਬ ਦੇ ਲੋਕ ਹੀ ਸਹਾਰਾ ਦੇ ਸਕਦੇ ਹਨ। ਕੇਂਦਰ ਤੇ ਪੰਜਾਬ ਸਰਕਾਰ ਤਾਂ ਸਿਰਫ ਅਜਿਹੇ ਹਲਾਤਾਂ ਵਿੱਚ ਵੀ ਸਿਆਸੀ ਰੋਟੀਆਂ ਹੀ ਸੇਕਦੇ ਹਨ। ਉਨ੍ਹਾ ਕਿਹਾ ਕਿ ਪਾਵਰਕਾਮ ਦੀ ਸਰਕਲ ਕਮੇਟੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਹੜ੍ਹ ਪੀੜਤਾਂ ਲਈ ਜੋ ਵੀ ਫੈਸਲੇ ਕੀਤਾ ਹੈ ਤਾਂ ਗਿੱਦੜਬਾਹਾ ਦੇ ਪੈਨਸ਼ਨਰ ਉਸ ਤੋਂ ਵੀ ਵਧੇਰੇ ਮਦਦ ਕਰਨਗੇ। ਮੀਟਿੰਗ ਦੌਰਾਨ ਡਵੀਜ਼ਨ ਪ੍ਰਧਾਨ ਸ਼ਮਸ਼ੇਰ ਸਿੰਘ ਤੇ ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਗੁੜੀ ਸੰਘਰ ਨੇ ਕਿਹਾ ਕਿ ਭਾਵੇਂ ਕੁਝ ਜਥੇਬੰਦੀਆਂ ਵੱਲੋਂ ਇੱਕ ਦਿਨ ਦੀ ਪੈਨਸ਼ਨ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਾਉਣ ਦਾ ਫੈਸਲਾ ਕੀਤਾ ਹੈ, ਪਰ ਗਿੱਦੜਬਾਹਾ ਦੇ ਪੈਨਸ਼ਨਰ ਉਸ ਤੋਂ ਇਲਾਵਾ ਵੀ ਮਦਦ ਕਰਨਗੇ ਤਾਂ ਜੋ ਸਹੀ ਲੋੜਵੰਦਾਂ ਦੀ ਸਹੀ ਤਰੀਕੇ ਨਾਲ ਮਦਦ ਹੋ ਸਕੇ। ਇਹ ਫੈਸਲਾ ਸਰਬ ਸੰਮਤੀ ਨਾਲ ਹੋਣ ਤੋਂ ਬਾਅਦ ਪੈਨਸ਼ਨਰਾਂ ਨੇ ਬੜੇ ਹੌਸਲੇ ਨਾਲ ਫੰਡ ਦੇਣਾ ਸ਼ੁਰੂ ਕਰ ਦਿੱਤਾ। ਇਸ ਮੌਕੇ ਸਾਧੂ ਰਾਮ ਸ਼ਰਮਾ, ਜਗਦੀਸ਼ ਸਿੰਘ, ਜਸਵੀਰ ਸਿੰਘ, ਜਰਨੈਲ ਸਿੰਘ, ਰੋਸ਼ਨ ਲਾਲ, ਹਰਬੰਸ ਸਿੰਘ, ਪਿਆਰਾ ਲਾਲ, ਹਰਚੰਦ ਸਿੰਘ ਤੇ ਔਰਤਾਂ ਵੀ ਸ਼ਾਮਲ ਸਨ।

## ਚੇਅਰਮੈਨ ਢਿੱਲੋਂ ਦਾ ਸਨੌਰ ਪਹੁੰਚਣ 'ਤੇ ਲੋਕਾਂ ਵੱਲੋਂ ਭਰਵਾਂ ਸੁਆਗਤ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਐਗਰੋ ਫੂਡ ਗ੍ਰੇਨਜ਼ ਦੇ ਨਵ-ਨਿਯੁਕਤ ਚੇਅਰਮੈਨ ਸ੍ਰ. ਬਲਜਿੰਦਰ ਸਿੰਘ ਢਿੱਲੋਂ ਆਪਣੀ ਨਿਯੁਕਤੀ ਤੋਂ ਬਾਅਦ ਪਹਿਲੀ ਵਾਰ ਹਲਕਾ ਸਨੌਰ ਵਿੱਚ ਪਹੁੰਚੇ।ਉਨ੍ਹਾਂ ਦੇ ਆਗਮਨ ਮੌਕੇ ਪਾਰਟੀ ਵਰਕਰਾਂ ਵੱਲੋਂ ਵੱਡੇ ਪੱਧਰ 'ਤੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਸੈਂਕੜਿਆਂ ਦੀ ਗਿਣਤੀ ਵਿੱਚ ਪਹੁੰਚੇ ਵਰਕਰਾਂ ਨੇ ਉਨ੍ਹਾਂ ਨੂੰ ਫੁੱਲਾਂ ਦੇ ਹਾਰਾਂ, ਗੁਲਦਸਤਿਆਂ ਤੇ ਸਨਮਾਨ ਚਿੰਨ੍ਹਾਂ ਨਾਲ ਸਨਮਾਨਤ ਕੀਤਾ।ਇਸ ਮੌਕੇ ਹਲਕੇ ਦੇ ਜ਼ਿਲ੍ਹਾ ਤੇ ਬਲਾਕ ਪੱਧਰੀ ਆਗੂ ਹਾਜ਼ਰ ਸਨ।ਚੇਅਰਮੈਨ ਢਿੱਲੋਂ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਨਿਯੁਕਤੀ ਕਿਸੇ ਇਕ ਵਿਅਕਤੀ ਦੀ ਜਿੱਤ ਨਹੀਂ ਹੈ, ਸਗੋਂ ਹਰ ਉਸ ਵਰਕਰ ਦੀ ਮਿਹਨਤ ਦਾ ਨਤੀਜਾ ਹੈ, ਜਿਸ ਨੇ ਪਿੰਡ-ਪਿੰਡ ਤੇ ਗਲੀ-ਗਲੀ ਆਮ ਆਦਮੀ ਪਾਰਟੀ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਇਆ।ਮੇਰੀ ਇਹ ਨਿਯੁਕਤੀ ਮੇਰੀ ਵਿਅਕਤੀਗਤ ਉਪਲਬਧੀ ਨਹੀਂ ਹੈ, ਇਹ ਪਾਰਟੀ ਵਰਕਰਾਂ ਦੀ ਵਫ਼ਾਦਾਰੀ ਤੇ ਲਗਨ ਦਾ ਪਰਿਣਾਮ ਹੈ।ਉਨ੍ਹਾਂ ਦੱਸਿਆ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਜ਼ਿਲ੍ਹਾ ਪਟਿਆਲਾ ਤੋਂ ਲੋਕ ਸਭਾ ਇੰਚਾਰਜ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਸੀ। ਉਨ੍ਹਾਂ ਆਮ ਆਦਮੀ ਪਾਰਟੀ ਦੀਆਂ ਉਪਲਬਧੀਆਂ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਮੁਫ਼ਤ ਬਿਜਲੀ ਸਕੀਮ ਨਾਲ ਲੱਖਾਂ ਪਰਵਾਰਾਂ ਨੂੰ ਰਾਹਤ ਮਿਲੀ ਹੈ।ਸਰਕਾਰੀ ਹਸਪਤਾਲਾਂ ਵਿੱਚ ਨਵੀਆਂ ਸਹੂਲਤਾਂ ਜੋੜਨ ਨਾਲ ਆਮ ਲੋਕਾਂ ਨੂੰ ਵਧੀਆ ਇਲਾਜ ਘਰ ਦੇ ਨੇੜੇ ਮਿਲ ਰਿਹਾ ਹੈ।ਸਕੂਲਾਂ ਦੇ ਮਿਆਰ ਵਿੱਚ ਆਏ ਸੁਧਾਰ ਕਾਰਨ ਮਾਪੇ ਹੁਣ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਭੇਜਣ ਵਿੱਚ ਮਾਣ ਮਹਿਸੂਸ ਕਰਦੇ ਹਨ।ਇਸ ਤੋਂ ਇਲਾਵਾ, ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਦੇਣ ਲਈ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ।ਸ. ਢਿੱਲੋਂ ਨੇ ਆਪਣੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਉਹ ਹਮੇਸ਼ਾ ਪਾਰਟੀ ਸਿਧਾਂਤਾਂ ਅਨੁਸਾਰ ਕੰਮ ਕਰਨਗੇ।ਇਸ ਮੌਕੇ ਪਾਰਟੀ ਵਰਕਰਾਂ ਨੇ ਵੀ ਆਪਣੀਆਂ ਭਾਵਨਾਵਾਂ ਸਾਂਝੀਆਂ ਕੀਤੀਆਂ।ਉਨ੍ਹਾਂ ਕਿਹਾ ਕਿ ਬਲਜਿੰਦਰ ਸਿੰਘ ਢਿੱਲੋਂ ਦੀ ਨਿਯੁਕਤੀ ਨਾਲ ਵਰਕਰਾਂ ਦੇ ਹੌਸਲੇ ਹੋਰ ਵਧੇ ਹਨ।ਸਮਾਰੋਹ ਦੌਰਾਨ ਕਈ ਪ੍ਰਮੁੱਖ ਪਾਰਟੀ ਆਗੂਆਂ ਨੇ ਵੀ ਸੰਬੋਧਨ ਕੀਤਾ।

## ਰਾਣਵਾਂ ਦੰਗਲ ਮੇਲੇ 'ਚ ਝੰਡੀ ਦੀ ਕੁਸ਼ਤੀ ਤਾਲਿਬ ਬਾਬਾ ਫਲਾਹੀ ਨੇ ਜਿੱਤੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਰਾਮ ਜੋਗੀ ਪੀਰ ਪ੍ਰਬੰਧਕ ਕਮੇਟੀ ਰਾਣਵਾਂ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਲਾਨਾ ਦੰਗਲ ਮੇਲਾ ਕਰਵਾਇਆ ਗਿਆ, ਜਿਸ ਵਿੱਚ 100 ਤੋਂ ਵੱਧ ਕੁਸ਼ਤੀਆਂ ਦੇ ਜੌਹਰ ਦਿਖਾਏ ਗਏ। ਬਾਬਾ ਰਾਮ ਜੋਗੀ ਪੀਰ ਦੇ ਸਥਾਨ ਤੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਪ੍ਰਬੰਧਕਾਂ ਨੇ ਝੰਡੀ ਨੂੰ ਅਖਾੜੇ ਵਿੱਚ ਲਿਆਂਦਾ। ਝੰਡੀ ਦੀ ਕੁਸ਼ਤੀ ਤਾਲਿਬ ਬਾਬਾ ਫਲਾਹੀ ਨੇ ਨਿਸ਼ਾਂਤ ਹਰਿਆਣਾ ਨੂੰ ਹਰਾ ਕੇ ਜਿੱਤੀ, ਜਦਕਿ ਦੂਜੇ ਨੰਬਰ ਦੀ ਕੁਸ਼ਤੀ ਜੰਟੀ ਗੁੱਜਰ ਨੇ ਪ੍ਰਿੰਸ ਕੁਹਾਲੀ ਨੂੰ ਹਰਾ ਕੇ ਜਿੱਤੀ। ਸਮੁੱਚੇ ਦੰਗਲ ਮੇਲੇ ਦਾ ਅੱਖੀਂ ਡਿੱਠਾ ਹਾਲ ਗੁਰਮੀਤ ਕੰਗ, ਪ੍ਰਿੰਸ ਪੂਨੀਆਂ, ਜੱਸੀ ਰਈਏਵਾਲ ਤੇ ਸ਼ਿਵ ਬੈਂਸ ਨੇ ਸੁਣਾਇਆ। ਜੇਤੂ ਪਹਿਲਵਾਨਾਂ ਨੂੰ ਸਨਮਾਨਤ ਕਰਨ ਦੀ ਰਸਮ ਬਾਬਾ ਦੀਪਾ ਫਲਾਹੀ, ਬਾਬਾ ਬਿੱਟੂ ਦੇਨੋਵਾਲ ਕਲਾਂ, ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ, ਸਾਬਕਾ ਪ੍ਰਧਾਨ ਲਾਲਾ ਮੰਗਤ ਰਾਏ, ਭੁਪਿੰਦਰ ਸਿੰਘ ਢਿੱਲੋਂ, ਸਰਕਲ ਜਥੇਦਾਰ ਕੁਲਦੀਪ ਸਿੰਘ ਜਾਤੀਵਾਲ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਚਰਨਜੀਤ ਸਿੰਘ ਲੱਖੋਵਾਲ ਤੇ ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਹਾਦਰ ਸਿੰਘ, ਸਰਪੰਚ ਜਸਦੇਵ ਸਿੰਘ, ਸਾਬਕਾ ਸਰਪੰਚ ਮੇਵਾ ਸਿੰਘ, ਬਲਵਿੰਦਰ ਸਿੰਘ, ਜਸਵੀਰ ਸਿੰਘ, ਰਜਿੰਦਰ ਸਿੰਘ, ਅਵਤਾਰ ਸਿੰਘ, ਹਰਬੰਸ ਸਿੰਘ, ਅਵਤਾਰ ਸਿੰਘ ਫੌਜੀ, ਬਲਵੀਰ ਸਿੰਘ, ਕਰਮਜੀਤ ਸਿੰਘ, ਤੇਜਵਿੰਦਰ ਸਿੰਘ, ਯਾਦਵਿੰਦਰ ਸਿੰਘ, ਹਰਦੀਪ ਸਿੰਘ ਗੋਸਲ, ਅਮਨਦੀਪ ਗੁਰੋਂ, ਜ਼ਿਲ੍ਹਾ ਪ੍ਰਧਾਨ ਸਿੱਧੂਪੁਰ ਸੁਪਿੰਦਰ ਸਿੰਘ ਬੱਗਾ, ਸਮਾਜ ਸੇਵੀ ਰਿੱਕੀ ਅਜਨੌਦ, ਬਲਵਿੰਦਰ ਸਿੰਘ ਪੂਨੀਆਂ, ਸ਼ੇਰ ਸਿੰਘ ਨੰਬਰਦਾਰ, ਅਲੀ ਖਾਨ, ਪ੍ਰਦੀਪ ਆਸਟ੍ਰੇਲੀਆ, ਤਾਰਕਜੋਤ ਸਿੰਘ ਆਦਿ ਨੇ ਅਦਾ ਕੀਤੀ। ਮੇਲੇ ਦੇ ਅਖੀਰ ਵਿੱਚ ਪ੍ਰਧਾਨ ਬਹਾਦਰ ਸਿੰਘ ਨੇ ਆਏ ਮੁੱਖ ਮਹਿਮਾਨਾਂ, ਪਹਿਲਵਾਨਾਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ।

## ਜ਼ਿਲ੍ਹਾ ਪੱਧਰੀ ਕਵਿਤਾ ਮੁਕਾਬਲੇ 'ਚ ਰਜਨੀ ਬਾਲਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ



**ਜਲਾਲਾਬਾਦ (ਪਰਮਜੀਤ ਢਾਬਾਂ)**-ਜ਼ਿਲਾ ਪੱਧਰੀ ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਹਾੜੇ ਨੂੰ ਸਮਰਪਤ ਕਵਿਤਾ ਮੁਕਾਬਲੇ ਕਰਾਏ ਗਏ।ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਅੱਠ ਬਲਾਕ ਦੇ ਅੱਠ ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਵਿੱਚ ਬਲਾਕ ਜਲਾਲਾਬਾਦ 1 ਦੀ ਵਿਦਿਆਰਥਣ ਰਜਨੀ ਬਾਲਾ ਵੱਲੋਂ ਜ਼ਿਲ੍ਹਾ ਪੱਧਰੀ ਕਵਿਤਾ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਲ ਕੀਤਾ।ਇਸ ਮੌਕੇ ਬਲਾਕ ਜਲਾਲਾਬਾਦ-1 ਦੇ ਬੀਪੀਓ ਜਸਪਾਲ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਸਕੂਲ ਦੇ ਮੁਖੀ ਸੀ ਐਚ ਟੀ ਸ੍ਰੀਮਤੀ ਰਜਨੀ ਬਾਲਾ ਤੇ ਇਸ ਬੱਚੇ ਨੂੰ ਤਿਆਰੀ ਕਰਾਉਣ ਵਾਲੇ ਉਸ ਦੇ ਗਾਈਡ ਅਧਿਆਪਕ ਸ੍ਰੀਮਤੀ ਪਰਮਿੰਦਰ ਕੌਰ, ਸ਼੍ਰੀਮਤੀ ਆਰਜੂ ਤੇ ਸਮੂਹ ਸਕੂਲ ਸਟਾਫ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ।ਉਨ੍ਹਾਂ ਵੱਲੋਂ ਕਿਹਾ ਗਿਆ ਕਿ ਇਸ ਤਰ੍ਹਾਂ ਦੇ ਉਪਰਾਲੇ ਕਰਾਉਂਦੇ ਰਹਿਣਾ ਚਾਹੀਦਾ ਹੈ, ਜਿਸ ਨਾਲ ਬੱਚਿਆਂ ਦਾ ਸਰਬਪੱਖੀ ਵਿਕਾਸ ਹੁੰਦਾ ਰਹਿੰਦਾ ਹੈ।ਸਕੂਲ ਮੁਖੀ ਸ਼੍ਰੀਮਤੀ ਰਜਨੀ ਬਾਲਾ ਵੱਲੋਂ ਸਕੂਲ ਪਹੁੰਚਣ 'ਤੇ ਜੇਤੂ ਵਿਦਿਆਰਥਣ ਤੇ ਉਸਦੇ ਗਾਈਡ ਅਧਿਆਪਕ ਦਾ ਮਾਣ ਸਨਮਾਨ ਕੀਤਾ ਗਿਆ।

## ਹਰਜੋਤ ਸਿੰਘ ਬੈਂਸ ਵੱਲੋਂ ਅਪ੍ਰੇਸ਼ਨ ਰਾਹਤ ਤਹਿਤ ਤਾਰਾਪੁਰ ਤੇ ਕੀਰਤਪੁਰ ਸਾਹਿਬ ਦਾ ਦੌਰਾ



**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਹੜ੍ਹਾਂ ਕਾਰਨ ਪਿੰਡਾਂ ਵਿੱਚ ਆਈ ਤੰਗਹਾਲੀ ਨੂੰ ਸਾਫ ਕਰਨ ਅਤੇ ਪ੍ਰਭਾਵਿਤ ਖੇਤਰਾਂ ਵਿੱਚ ਬੀਮਾਰੀਆਂ ਦੇ ਫੈਲਾਅ ਨੂੰ ਰੋਕਣ ਲਈ ਸ਼ੁਰੂ ਕੀਤੀ ਗਈ ਸਫ਼ਾਈ, ਫੌਗਿੰਗ ਅਤੇ ਛਿੜਕਾਅ ਦੇ ਕਾਰਜ ਨਾਲ ਪ੍ਰਭਾਵਿਤ ਖੇਤਰਾਂ ਵਿੱਚ ਜ਼ਿੰਦਗੀ ਮੁੜ ਲੀਹ 'ਤੇ ਆਉਣ ਲੱਗੀ ਹੈ। ਇਸ ਦੇ ਨਾਲ ਹੀ ਪੰਜਾਬ ਕੈਬਨਿਟ ਦੇ ਵੱਖ-ਵੱਖ ਮੰਤਰੀਆਂ ਵੱਲੋਂ ਦੌਰਾ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਸ਼ੁਰੂ ਕੀਤੇ ਗਏ ਰਾਹਤ ਕਾਰਜਾਂ ਦਾ ਨਿਰੀਖਣ ਕੀਤਾ ਗਿਆ।

ਪੰਜਾਬ ਦੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਉਪ੍ਰੇਸ਼ਨ ਰਾਹਤ ਤਹਿਤ ਆਪਣੇ ਵਿਧਾਨ ਸਭਾ ਹਲਕੇ ਦੇ ਪਿੰਡ ਤਾਰਾਪੁਰ ਅਤੇ ਕੀਰਤਪੁਰ ਸਾਹਿਬ ਵਿਖੇ ਚਲ ਰਿਹਾ ਰਾਹਤਾਂ ਕਾਰਜਾਂ ਅਤੇ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲ ਲਗਦੇ ਨੀਮ ਪਹਾੜੀ ਖੇਤਰ ਤੋਂ ਖੱਡ ਵਿਚ ਆ ਰਹੇ ਬਰਸਾਤ ਦੇ ਪਾਣੀ ਨਾਲ ਇਸ ਇਲਾਕੇ ਦੇ ਰਿਹਾਇਸ਼ੀ ਘਰਾਂ ਦਾ ਖਾਰ ਲੱਗਣ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲਿਆ। ਸ. ਬੈਂਸ ਨੇ ਇਤਿਹਾਸਕ ਗੁਰਦੁਆਰਾ ਬਾਬਾ ਗੁਰਦਿੱਤਾ ਜੀ ਵਿਖੇ ਡੰਗਾ ਲਗਾਉਣ ਦੀ ਸੇਵਾ ਦਾ ਵੀ ਜਾਇਜ਼ਾ ਲਿਆ। ਇਸ ਮੌਕੇ ਸ. ਬੈਂਸ ਨੇ ਆਪ੍ਰੇਸ਼ਨ ਰਾਹਤ ਤਹਿਤ ਸਥਾਨਕ ਸੇਵਾਦਾਰਾਂ ਵੱਲੋਂ ਚਲਾਈ ਜਾ ਰਹੀ ਕਾਰ ਸੇਵਾ ਵਿੱਚ ਸ਼ਾਮਲ ਟਰੈਕਟਰਾਂ ਅਤੇ ਹੋਰ ਵਾਹਨਾਂ ਦੇ ਡੀਜ਼ਲ ਲਈ 50,000 ਰੁਪਏ ਦਾ ਯੋਗਦਾਨ ਦਿੱਤਾ।

## ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਦੀ ਮਹੀਨਾਵਾਰ ਮੀਟਿੰਗ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੇਂਡੂ ਸਾਹਿਤ ਸਭਾ ਰਜਿ. ਬਾਲਿਆਂਵਾਲੀ ਦੀ ਮਹੀਨਾਵਾਰ ਮੀਟਿੰਗ ਸਭਾ ਦੇ ਪ੍ਰਧਾਨ ਸੁਖਦਰਸ਼ਨ ਗਰਗ ਦੀ ਪ੍ਰਧਾਨਗੀ ਹੇਠ ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬਰੇਰੀ, ਬ੍ਰਿਗੇਡੀਅਰ ਬੰਤ ਮੈਮੋਰੀਅਲ ਸੁਵਿਧਾ ਕੇਂਦਰ ਤੇ ਕੰਪਿਊਟਰ ਸੈਂਟਰ ਬਾਲਿਆਂਵਾਲੀ ਵਿਖੇ ਹੋਈ। ਮੀਟਿੰਗ ਦੌਰਾਨ ਲਾਇਬਰੇਰੀ ਦੇ ਬਾਕੀ ਰਹਿੰਦੇ ਕੰਮ ਨੂੰ ਪੂਰਾ ਕਰਵਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸਾਹਿਤਕ ਦੌਰ ਵਿੱਚ ਹਰਜਿੰਦਰ ਕੌਰ ਨੇ ਵਿਅੰਗਮਈ ਕਵਿਤਾ ਪੜ੍ਹੀ। ਜੀਤ ਸਿੰਘ ਚਹਿਲ ਨੇ ਹੜ੍ਹਾਂ ਦੀ ਕਰੋਪੀ ਨਾਲ ਹੋਏ ਨੁਕਸਾਨ ਬਾਰੇ ਕਵਿਤਾ ਸੁਣਾਈ। ਸੱਤਪਾਲ ਗਿੱਲ ਨੇ ਛੰਦ ਪੇਸ਼ ਕੀਤੇ। ਜਗਨ ਨਾਥ ਨੇ ਕਵਿਤਾਵਾਂ, ਗੁਰਤੇਜ ਸਿੰਘ ਨੇ ਗ਼ਜ਼ਲ ਤੇ ਸੁਖਦਰਸ਼ਨ ਗਰਗ ਨੇ ਤਾਜ਼ਾ ਰੁਬਾਈਆਂ ਸੁਣਾਈਆਂ। ਪੜ੍ਹੀਆਂ ਰਚਨਾਵਾਂ ਬਾਰੇ ਗੁਰਮੀਤ ਸਿੰਘ ਨੇ ਆਪਣੇ ਵਿਚਾਰ ਰੱਖੇ।

## ਹੜ੍ਹ ਪ੍ਰਭਾਵਤ ਪਿੰਡਾਂ ਦੇ ਮੁੜ ਵਸੇਬੇ ਲਈ ਸਰਕਾਰ ਯਤਨਸ਼ੀਲ : ਬੁੱਧ ਰਾਮ

### ਵਿਧਾਇਕ ਵੱਲੋਂ ਦਰੀਆਪੁਰ ਖੁਰਦ ਤੇ ਦਰੀਆਪੁਰ ਕਲਾਂ ਤੋਂ ਸਫਾਈ ਤੇ ਪੁਨਰਵਾਸ ਮੁਹਿੰਮ ਦੀ ਸ਼ੁਰੂਆਤ



**ਬੁਢਲਾਡਾ (ਅਸ਼ੋਕ ਲਾਕੜਾ)**

ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ 100 ਕਰੋੜ ਰੁਪਏ ਦੀ ਲਾਗਤ ਨਾਲ ਵਿਸ਼ਾਲ ਪੁਨਰਵਾਸ ਤੇ ਸਫਾਈ ਮੁਹਿੰਮ ਦਾ ਐਲਾਨ ਕੀਤਾ ਗਿਆ ਹੈ।ਇਹ ਜਾਣਕਾਰੀ ਵਿਧਾਇਕ ਹਲਕਾ ਬੁਢਲਾਡਾ ਪ੍ਰਿੰਸੀਪਲ ਸ੍ਰ. ਬੁੱਧ ਰਾਮ ਨੇ ਹਲਕਾ ਬੁਢਲਾਡਾ ਦੇ ਪਿੰਡ ਦਰੀਆਪੁਰ ਕਲਾਂ ਤੇ ਦਰੀਆਪੁਰ ਖੁਰਦ ਤੋਂ ਸਫਾਈ ਤੇ ਪੁਨਰਵਾਸ ਮੁਹਿੰਮ ਦੀ ਸ਼ੁਰੂਆਤ ਕਰਨ ਮੌਕੇ ਦਿੱਤੀ।ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਮਾਰਕਿਟ ਕਮੇਟੀ ਮਾਨਸਾ ਗੁਰਪ੍ਰੀਤ ਸਿੰਘ ਭੁੱਚਰ, ਚੇਅਰਮੈਨ ਮਾਰਕਿਟ ਕਮੇਟੀ ਬੁਢਲਾਡਾ ਸਤੀਸ਼ ਸਿੰਗਲਾ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ, ਜਿਨ੍ਹਾਂ ਨੇ ਖੁਦ ਸਫਾਈ ਮੁਹਿੰਮ ਦਾ ਹਿੱਸਾ ਬਣ ਕੇ ਅਹਿਮ ਯੋਗਦਾਨ ਪਾਇਆ।

ਵਿਧਾਇਕ ਬੁੱਧ ਰਾਮ ਨੇ ਕਿਹਾ ਕਿ ਹੜ੍ਹਾਂ ਦਾ ਪਾਣੀ ਹੁਣ ਕਈ ਇਲਾਕਿਆਂ ਵਿੱਚ ਘੱਟ ਰਿਹਾ ਹੈ। ਪ੍ਰਭਾਵਿਤ ਖੇਤਰਾਂ ਵਿੱਚ ਜਿੱਥੇ ਕਿਤੇ ਵੀ ਚਿੱਕੜ ਤੇ ਗੰਦਗੀ ਫੈਲੀ ਹੋਈ ਹੈ, ਉਨ੍ਹਾਂ ਇਲਾਕਿਆਂ ਦੀ ਸਾਫ ਸਫਾਈ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੇ 2300 ਪ੍ਰਭਾਵਿਤ ਪਿੰਡਾਂ ਤੇ ਵਾਰਡਾਂ 'ਚ ਟੀਮਾਂ ਬਣਾਈਆਂ ਗਈਆਂ ਹਨ, ਜਿਨ੍ਹਾਂ ਵਿੱਚ ਜੇ.ਸੀ.ਬੀ. ਮਸ਼ੀਨਾਂ, ਟਰੈਕਟਰ-ਟਰਾਲੀਆਂ ਤੇ ਵਰਕਰ ਹੋਣਗੇ।ਇਹ ਟੀਮਾਂ ਚਿੱਕੜ ਤੇ ਮਲਬਾ ਹਟਾਉਣਗੀਆਂ ਤੇ ਹਰੇਕ ਪਿੰਡ ਦੀ ਪੂਰੀ ਸਫਾਈ ਯਕੀਨੀ ਬਣਾਉਣਗੀਆਂ।ਉਨ੍ਹਾਂ ਦੱਸਿਆ ਕਿ ਹਰੇਕ ਪ੍ਰਭਾਵਿਤ ਪਿੰਡ ਨੂੰ ਸ਼ੁਰੂਆਤੀ ਫੰਡ ਵਜੋਂ 1 ਲੱਖ ਰੁਪਏ ਜਾਰੀ ਕੀਤੇ ਜਾ ਰਹੇ ਹਨ।

ਇਸ ਮੌਕੇ ਜਿੱਥੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਿਹਤਯਾਬੀ ਲਈ ਵਿਸ਼ੇਸ਼ ਮੈਡੀਕਲ ਕੈਂਪ ਲਇਆ ਗਿਆ, ਉੱਥੇ ਹੀ ਫੌਗਿੰਗ ਵੀ ਕਰਵਾਈ ਗਈ ਤਾਂ ਜੋ ਮੱਛਰ ਤੇ ਬਿਮਾਰੀਆਂ ਦੇ ਫੈਲਣ ਤੋਂ ਬਚਾਅ ਕੀਤਾ ਜਾ ਸਕੇ।ਇਸ ਮੌਕੇ ਸਰਪੰਚ ਪਿੰਡ ਦਰੀਆਪੁਰ ਖੁਰਦ ਵੀਰਪਾਲ ਕੌਰ, ਸਰਪੰਚ ਪਿੰਡ ਦਰੀਆਪੁਰ ਕਲਾਂ ਜਸਪਾਲ ਸਿੰਘ ਤੋਂ ਇਲਾਵਾ ਬੀ.ਡੀ.ਪੀ.ਓਜ਼ ਅਤੇ ਪੰਚਾਇਤ ਸਕੱਤਰ ਤੇ ਸਥਾਨਕ ਵਾਸੀ ਹਾਜ਼ਰ ਸਨ।

## ਦਿਆਲਪੁਰਾ ਵੱਲੋਂ ਸੁਖਜੀਤ ਯਾਦਗਾਰੀ ਲਾਇਬ੍ਰੇਰੀ ਦਾ ਉਦਘਾਟਨ

### ਨਵੀਨੀਕਰਨ 'ਤੇ 12 ਲੱਖ ਰੁਪਏ ਖਰਚੇ ਜਾਣਗੇ : ਪ੍ਰਧਾਨ ਕੁੰਦਰਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨਗਰ ਕੌਂਸਲ ਮਾਛੀਵਾੜਾ ਵੱਲੋਂ ਪ੍ਰਸਿੱਧ ਕਹਾਣੀਕਾਰ ਤੇ ਸਾਹਿਤਕਾਰ ਸਵ. ਸੁਖਜੀਤ ਦੀ ਯਾਦ ਵਿੱਚ ਸੁਖਜੀਤ ਸ਼ਬਦ ਲਾਇਬ੍ਰੇਰੀ ਦਾ ਉਦਘਾਟਨ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵੱਲੋਂ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਦਿਆਲਪੁਰਾ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਨਗਰ ਕੌਂਸਲ ਨੇ ਸ਼ਹਿਰ ਵਾਸੀਆਂ ਲਈ ਸਵ. ਸੁਖਜੀਤ ਸ਼ਬਦ ਲਾਇਬ੍ਰੇਰੀ ਸਥਾਪਤ ਕੀਤੀ ਸੀ। ਉਨ੍ਹਾਂ ਦੇ ਦਿਹਾਂਤ ਤੋਂ ਬਾਅਦ ਇਹ ਲਾਇਬ੍ਰੇਰੀ ਲਗਭਗ ਬੰਦ ਹੋ ਚੁੱਕੀ ਸੀ ਅਤੇ ਇੱਥੇ ਪਿਆ ਸਾਹਿਤਕ ਖ਼ਜ਼ਾਨਾ ਵੀ ਗੁੰਮ ਹੋ ਗਿਆ ਸੀ। ਹੁਣ ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ ਵੱਲੋਂ ਇਹ ਉਪਰਾਲਾ ਕੀਤਾ ਗਿਆ ਤੇ ਲਾਇਬ੍ਰੇਰੀ ਦੇ ਨਵੀਨੀਕਰਨ ਲਈ 12 ਲੱਖ ਰੁਪਏ ਦਾ ਤਖਮੀਨਾ ਤਿਆਰ ਕੀਤਾ ਗਿਆ। ਵਿਧਾਇਕ ਦਿਆਲਪੁਰਾ ਨੇ ਕਿਹਾ ਕਿ ਹੁਣ ਇਸ ਲਾਇਬ੍ਰੇਰੀ ਦਾ ਨਾਮ ਸਵ. ਸੁਖਜੀਤ ਸ਼ਬਦ ਲਾਇਬ੍ਰੇਰੀ ਹੋਵੇਗਾ। ਪ੍ਰਧਾਨ ਕੁੰਦਰਾ ਨੇ ਦੱਸਿਆ ਕਿ ਇਹ ਲਾਇਬ੍ਰੇਰੀ ਦੇ ਨਵੀਨੀਕਰਨ ਲਈ 12 ਲੱਖ ਰੁਪਏ ਦਾ ਟੈਂਡਰ ਪਾਸ ਹੋ ਚੁੱਕਾ ਹੈ, ਜਿਸ ਦਾ ਕੰਮ ਜਲਦ ਸ਼ੁਰੂ ਕੀਤਾ ਜਾਵੇਗਾ। ਸਵ. ਸੁਖਜੀਤ ਦੀ ਪਤਨੀ ਨੇ ਵਿਧਾਇਕ ਦਿਆਲਪੁਰਾ ਤੇ ਨਗਰ ਕੌਂਸਲ ਮਾਛੀਵਾੜਾ ਦੇ ਪ੍ਰਧਾਨ ਮੋਹਿਤ ਕੁੰਦਰਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਲਾਇਬ੍ਰੇਰੀ ਦੁਬਾਰਾ ਸ਼ੁਰੂ ਹੋਣ ਨਾਲ ਜਿੱਥੇ ਲੋਕਾਂ ਨੂੰ ਲਾਭ ਮਿਲੇਗਾ, ਉੱਥੇ ਸਵ. ਸੁਖਜੀਤ ਦਾ ਸੁਪਨਾ ਵੀ ਸਾਕਾਰ ਹੋਇਆ ਹੈ।

ਚਿੱਤਰਕਾਰ ਜਗਦੀਸ਼ ਸਿੰਘ ਬਰਾੜ ਵੱਲੋਂ ਸ਼ਬਦ ਲਾਇਬ੍ਰੇਰੀ ਲਈ 'ਗੁਰੂ ਗੋਬਿੰਦ ਸਿੰਘ ਮਾਰਗ' ਪੁਸਤਕ ਵੀ ਭੇਟ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਕਿਤਾਬ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਆਨੰਦਪੁਰ ਸਾਹਿਬ ਤੋਂ ਲੈ ਕੇ ਸ੍ਰੀ ਮੁਕਤਸਰ ਸਾਹਿਬ ਤੱਕ ਦੇ ਇਤਿਹਾਸ ਦਾ ਜ਼ਿਕਰ ਕੀਤਾ ਹੈ, ਜਿਸ ਨੂੰ ਪੜ੍ਹ ਕੇ ਨੌਜਵਾਨ ਸਿੱਖ ਇਤਿਹਾਸ ਤੋਂ ਜਾਣੂ ਹੋਣਗੇ। ਇਸ ਮੌਕੇ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਜਗਮੀਤ ਸਿੰਘ ਮੱਕੜ, ਜਸਵੀਰ ਸਿੰਘ ਭੱਟੀਆਂ, ਨੀਰਜ ਕੁਮਾਰ, ਕਿਸ਼ੋਰ ਕੁਮਾਰ, ਨਿਰਮਲ ਰਾਜੂ (ਸਾਰੇ ਕੌਂਸਲਰ), ਸ਼ੈਲਰ ਐਸੋ. ਦੇ ਪ੍ਰਧਾਨ ਰੁਪਿੰਦਰ ਸਿੰਘ ਬੈਨੀਪਾਲ, ਟਰੱਕ ਯੂਨੀਅਨ ਦੇ ਪ੍ਰਧਾਨ ਬਲਪ੍ਰੀਤ ਸਿੰਘ ਸ਼ਾਮਗੜ੍ਹ, ਐਡਵੋਕੇਟ ਨਰਿੰਦਰ ਸ਼ਰਮਾ, ਬਲਜਿੰਦਰ ਸਿੰਘ ਰਿਊੜ, ਐਡਵੋਕੇਟ ਪਰਮਿੰਦਰ ਸਿੰਘ ਗਿੱਲ, ਸਾਹਿਤਕਾਰ ਰਘਬੀਰ ਸਿੰਘ ਭਰਤ, ਚਿੱਤਰਕਾਰ ਜਗਦੀਸ਼ ਸਿੰਘ ਬਰਾੜ, ਦੀਪ ਦਿਲਬਰ, ਪ੍ਰਵੀਨ ਮੱਕੜ, ਨਾਟਕਕਾਰ ਰਾਜਵਿੰਦਰ ਸਮਰਾਲਾ, ਪੀ. ਏ. ਨਵਜੀਤ ਸਿੰਘ, ਜਗਦੀਪ ਸਿੰਘ, ਨਵਦੀਪ ਸਿੰਘ ਮੌਜੂਦ ਸਨ।

## ਬੱਚਿਆਂ ਦੇ ਕਮਰੇ ਲਈ ਸਕੂਲ ਨੂੰ ਅੱਠ ਲੱਖ ਦਾਨ




**ਦੋਰਾਹਾ (ਹਰਮਿੰਦਰ ਸੇਠ)**-'ਅਕਲੀ ਪੜ੍ਹ ਕੈ ਬੁਝੀਐ, ਅਕਲੀ ਕੀਚੈ ਦਾਨ' ਗੁਰਬਾਣੀ ਦੀਆਂ ਸਤਰਾਂ ਅਨੁਸਾਰ ਮਨੁੱਖ ਨੂੰ ਦਾਨ ਵੀ ਸੋਚ ਵਿਚਾਰ ਕਰਨ ਤੋਂ ਬਾਅਦ ਹੀ ਕਰਨਾ ਚਾਹੀਦਾ ਹੈ।ਇਨ੍ਹਾਂ ਤੁਕਾਂ ਉੱਪਰ ਚੱਲਦਿਆਂ ਦਵਾਈਆਂ ਬਣਾਉਣ ਵਾਲੀ ਨਾਮੀ ਕੰਪਨੀ ਲੀਫੋਰਡ ਹੈਲਥ ਕੇਅਰ ਲਿਮਿਟਡ ਦੇ ਚੇਅਰਮੈਨ ਸ਼੍ਰੀ ਜੀਵਨ ਲਾਲ ਗੁਪਤਾ ਤੇ ਮੁਖੀ ਸ੍ਰੀ ਸੁਤਿਕਸ਼ਨ ਕੁਮਾਰ ਵੱਲੋਂ ਕੰਪਨੀ ਦੇ ਫੰਡ ਵਿੱਚੋਂ ਸਰਕਾਰੀ ਹਾਈ ਸਕੂਲ ਪੱਦੀ ਲੁਧਿਆਣਾ ਨੂੰ 800000/- ਦਾ ਚੈੱਕ ਦਾਨ ਕੀਤਾ ਗਿਆ।ਇਹ ਚੈੱਕ ਸਕੂਲ ਵਿੱਚ ਬੱਚਿਆਂ ਲਈ ਲੋੜੀਂਦਾ ਕਮਰਾ ਬਣਾਉਣ ਲਈ ਦਿੱਤਾ ਗਿਆ ਹੈ।ਕਮਰੇ ਦੀ ਲੋੜ ਬਾਰੇ ਸਕੂਲ ਮੁਖੀ ਲਖਵੀਰ ਸਿੰਘ ਨੇ ਕੁੱਝ ਸਮਾਂ ਪਹਿਲਾਂ ਕੰਪਨੀ ਦੇ ਧਿਆਨ ਵਿੱਚ ਲਿਆਂਦਾ ਸੀ, ਜਿਸ ਉਪਰੰਤ ਕੰਪਨੀ ਦੇ ਚੇਅਰਮੈਨ ਸ਼੍ਰੀ ਜੀਵਨ ਲਾਲ ਗੁਪਤਾ ਨੇ ਆਪਣੇ ਟੀਮ ਭੇਜ ਕੇ ਸਕੂਲ ਵਿੱਚ ਨਿਰੀਖਣ ਕਰਾਇਆ ਅਤੇ ਉਨ੍ਹਾਂ ਨੂੰ ਸੱਚਮੁੱਚ ਹੀ ਕਮਰੇ ਦੀ ਘਾਟ ਮਹਿਸੂਸ ਹੋਈ, ਸੋ ਸਾਰੀ ਸਥਿਤੀ ਨੂੰ ਦੇਖਦਿਆਂ ਹੋਇਆਂ ਉਨ੍ਹਾਂ ਨੇ ਸਕੂਲ ਵਿੱਚ ਕਮਰਾ ਪਵਾਉਣ ਲਈ ਸਾਰਾ ਐਸਟੀਮੇਟ ਲਵਾਉਣ ਤੋਂ ਬਾਅਦ ਸਕੂਲ ਨੂੰ ਚੈੱਕ ਦਾਨ ਕੀਤਾ ਤਾਂ ਕਿ ਬੱਚਿਆਂ ਦੇ ਬੈਠਣ ਲਈ ਵਧੀਆ ਕਮਰੇ ਦਾ ਪ੍ਰਬੰਧ ਕੀਤਾ ਜਾ ਸਕੇ ਚੈੱਕ ਲੈਣ। ਉਪਰੰਤ ਸਕੂਲ ਹੈੱਡ ਮਾਸਟਰ ਲਖਵੀਰ ਸਿੰਘ ਤੇ ਸਮੂਹ ਸਟਾਫ਼ ਮੈਂਬਰਾਂ ਨੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀ ਮਦਦ ਦੀ ਉਮੀਦ ਰੱਖਦਿਆਂ ਸ੍ਰੀ ਸੰਜੀਵ ਲਾਲ ਗੁਪਤਾ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਕਿਸਾਨ ਯੂਨੀਅਨ ਖੋਸਾ ਵੱਲੋਂ ਡੀ ਸੀ ਨੂੰ ਮੰਗ ਪੱਤਰ




**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਹੜ੍ਹਾਂ ਕਾਰਨ ਪੰਜਾਬ ਦੇ ਜ਼ਿਆਦਾਤਰ ਹਿੱਸਿਆਂ ਹੋਏ ਨੁਕਸਾਨ ਦਾ ਮੁਨਾਸਿਬ ਮੁਆਵਜ਼ਾ ਦੇਣ ਅਤੇ ਲੋਕਾਂ ਦੇ ਮੁੜ ਵਸੇਬੇ ਲਈ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਦੀ ਹਿੱਸੇਦਾਰ ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਵੱਖ ਵੱਖ ਇਕਾਈਆਂ ਦੇ ਮੈਂਬਰਾਂ ਵੱਲੋਂ ਡਿਪਟੀ ਕਮਿਸ਼ਨਰ ਪਟਿਆਲਾ ਦੇ ਨਾਂਅ ਨੂੰ ਮੰਗ ਪੱਤਰ ਏਡੀਸੀ ਸਿਮਰਪ੍ਰੀਤ ਕੌਰ ਨੂੰ ਸੌਂਪਿਆ ਗਿਆ।ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਸ਼ੇਰਗੜ੍ਹ ਨੇ ਦੱਸਿਆ ਕਿ ਸੂਬੇ ਵਿੱਚ ਆਏ ਹੜ੍ਹਾਂ ਦੌਰਾਨ ਸਰਕਾਰ ਨੇ ਨੁਕਸਾਨੀਆਂ ਗਈਆਂ ਫਸਲਾਂ ਲਈ 20000/- ਰੁਪਏ ਪ੍ਰਤੀ ਏਕੜ ਦਾ ਐਲਾਨ ਕੀਤਾ ਹੈ, ਜਦਕਿ ਕਿਸਾਨਾਂ ਨੂੰ ਘੱਟੋ-ਘੱਟ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦੇ ਹੋਏ ਨੁਕਸਾਨ ਦੀ ਭਰਭਾਈ ਕੀਤੀ ਜਾ ਸਕੇ।ਇਸ ਤੋਂ ਇਲਾਵਾ ਅਗਲੀ ਫਸਲ ਬੀਜਣ ਲਈ ਰੇਤ ਹਟਾਉਣ ਡੀਜ਼ਲ, ਬੀਜ, ਖਾਦਾਂ ਤੇ ਦਵਾਈਆਂ ਦਾ ਪ੍ਰਬੰਧ ਕਰਨ ਸਮੇਤ ਖੇਤ ਮਜ਼ਦੂਰਾਂ ਨੂੰ ਵੀ ਬਣਦਾ ਮੁਆਵਜ਼ਾ ਦੇਣ ਦੇ ਨਾਲ ਨਾਲ ਪਸ਼ੂਆਂ, ਮਸ਼ੀਨਰੀ ਤੇ ਘਰਾਂ ਦੇ ਨੁਕਸਾਨ ਲਈ ਕੋਈ ਸਪੱਸ਼ਟ ਐਲਾਨ ਨਹੀਂ ਕੀਤਾ ਗਿਆ।ਕਿਸਾਨ ਆਗੂਆਂ ਨੇ ਕਿਹਾ ਕਿ ਮਾਰਕੀਟ ਰੇਟ ਦੇ ਹਿਸਾਬ ਨਾਲ ਨੁਕਸਾਨ ਦੀ ਭਰਪਾਈ ਕਰਵਾਈ ਜਾਏ। ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਤੇ ਮਜ਼ਦੂਰਾਂ ਦੇ ਸੰਪੂਰਨ ਕਰਜ਼ੇ ਮੁਆਫ਼ ਕਰਨ ਲਈ ਤੁਰੰਤ ਢੁੱਕਵੀਂ ਨੀਤੀ ਬਣਾਈ ਜਾਵੇ, ਜਿਨ੍ਹਾਂ ਕਿਸਾਨਾਂ ਨੇ ਆਪਣੀਆਂ ਜ਼ਮੀਨਾਂ ਦਰਿਆਵਾਂ ਵਿੱਚ ਗੁਆ ਦਿੱਤੀਆਂ ਹਨ, ਉਨ੍ਹਾਂ ਦੀਆਂ ਜ਼ਮੀਨਾਂ ਉਨ੍ਹਾਂ ਨੂੰ ਵਾਪਸ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾਣ ਅਤੇ ਜਦੋਂ ਤੱਕ ਉਹ ਆਪਣੀਆਂ ਜ਼ਮੀਨਾਂ ਵਾਪਸ ਨਹੀਂ ਪ੍ਰਾਪਤ ਕਰ ਸਕਦੇ, ਉਨ੍ਹਾਂ ਨੂੰ ਉਨ੍ਹਾਂ ਦੀ ਰੋਜ਼ੀ-ਰੋਟੀ ਲਈ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ, ਜਿਹੜੇ ਕਿਸਾਨਾਂ ਦੇ ਸਹਾਇਕ ਧੰਦਿਆਂ ਨੂੰ ਹੜ੍ਹਾਂ ਦੌਰਾਨ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਵੀ ਕਰਜ਼ ਮੁਆਫੀ ਦੇ ਨਾਲ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਸਾਨ ਆਗੂ ਯੁਵਰਾਜ ਸਿੰਘ ਬਾਠ, ਜਨਰਲ ਸਕੱਤਰ ਗੁਰਚਰਨ ਸਿੰਘ ਧਾਲੀਵਾਲ, ਇਕਾਈ ਪ੍ਰਧਾਨ ਸੁਖਵਿੰਦਰ ਸਿੰਘ ਗੁਲਾੜ, ਮਲਕੀਤ ਸਿੰਘ ਸ਼ੇਰਗੜ੍ਹ, ਸੁਖਦੇਵ ਸਿੰਘ ਰਸੌਲੀ, ਪ੍ਰਧਾਨ ਜਸਵੰਤ ਸਿੰਘ ਸੰਧੂ, ਸੁਰਜੀਤ ਸਿੰਘ ਧਾਲੀਵਾਲ, ਮਹਿੰਦਰ ਸਿੰਘ ਜੈਖਰ, ਜੋਗਿੰਦਰ ਸਿੰਘ ਬਲਾਕ ਪ੍ਰਧਾਨ ਆਦਿ ਸ਼ਾਮਲ ਸਨ।

## ਕੇਂਦਰੀ ਜਲ ਸਰੋਤ ਮੰਤਰੀ ਨੇ ਹੜ੍ਹ ਪੀੜਤਾਂ ਦੀਆਂ ਮੁਸ਼ਕਲਾਂ ਸੁਣੀਆਂ



**ਮਮਦੋਟ (ਜਸਬੀਰ ਸਿੰਘ ਕੰਬੋਜ)**

ਪੰਜਾਬ 'ਚ ਆਏ ਹੜ੍ਹਾਂ ਦਾ ਸੰਤਾਪ ਦਰਿਆਵਾਂ ਨਾਲ ਲੱਗਦੇ ਖੇਤਰ ਦੇ ਲਗਪਗ ਸਾਰੇ ਹੀ ਲੋਕ ਭੋਗ ਰਹੇ ਹਨ ਤੇ ਹੜ੍ਹਾਂ ਕਾਰਨ ਆਪਣਾ ਘਰ ਬਾਹਰ ਤੇ ਫ਼ਸਲ ਵਾੜੀ ਤੇ ਪਸ਼ੂਆਂ ਤੱਕ ਨੂੰ ਗਵਾ ਚੁੱਕੇ ਇਨ੍ਹਾਂ ਲੋਕਾਂ ਦੀ ਸਾਰ ਲੈਣ ਤੇ ਮੁੜ ਵਸੇਬੇ ਵਾਸਤੇ ਕੀਤੇ ਜਾਣ ਵਾਲੇ ਯਤਨਾਂ ਦੇ ਮੱਦੇਨਜ਼ਰ ਕੇਂਦਰ ਤੇ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਵੱਲੋਂ ਵੀ ਪ੍ਰਭਾਵਤ ਖੇਤਰ ਵਿੱਚ ਦੌਰੇ ਕੀਤੇ ਜਾ ਰਹੇ ਹਨ। ਇਸੇ ਕੜੀ ਤਹਿਤ ਕੇਂਦਰੀ ਜਲ ਸਰੋਤ ਮੰਤਰੀ ਡਾ. ਰਾਜ ਭੂਸ਼ਨ ਚੌਧਰੀ, ਰਾਣਾ ਗੁਰਮੀਤ ਸਿੰਘ ਸੋਢੀ ਸਾਬਕਾ ਕੈਬਨਿਟ ਮੰਤਰੀ ਪੰਜਾਬ, ਅਨੁਮਿਤ ਹੀਰਾ ਸੋਢੀ ਤੇ ਸਰਬਜੀਤ ਸਿੰਘ ਬਾਠ ਜ਼ਿਲ੍ਹਾ ਪ੍ਰਧਾਨ ਭਾਜਪਾ ਵੱਲੋਂ ਕਸਬਾ ਮਮਦੋਟ ਦੀ ਲੋਕਲ ਟੀਮ, ਜਿਸ ਵਿੱਚ ਸੀਨੀਅਰ ਆਗੂ ਅਸ਼ੋਕ ਸਹਿਗਲ, ਬਲਦੇਵ ਰਾਜ ਸ਼ਰਮਾ, ਸ਼ਮਸ਼ੇਰ ਸਿੰਘ ਕਾਕੜ, ਵਿਕਰਮਜੀਤ ਸਿੰਘ ਪੋਜੋਕੇ, ਐਡਵੋਕੇਟ ਸੁਰਿੰਦਰ ਪਾਲ ਸਿੰਘ ਸਿੱਧੂ ਡੈਲੀਗੇਟ ਪੰਜਾਬ, ਸਰਜੀਤ ਸਿੰਘ ਸਦਰਦੀਨ ਤੇ ਸੰਦੀਪ ਚਾਵਲਾ ਨਾਲ ਪਿੰਡ ਸੇਠਾਂ ਵਾਲਾ, ਜੱਲੋਕੇ ਤੇ ਦੋਨਾਂ ਰਹਿਮਤ ਨਜ਼ਦੀਕ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ। ਪਿੰਡ ਵਾਸੀਆਂ ਨੇ ਦਰਿਆ ਦੇ ਨਾਲ ਭਾਰਤ-ਪਾਕਿ ਸਰਹੱਦ 'ਤੇ ਕੱਚੀਆਂ ਜ਼ਮੀਨਾਂ ਤੇ ਕਾਸ਼ਤਕਾਰਾਂ ਨੂੰ ਵੀ ਹੋਏ ਨੁਕਸਾਨ ਦਾ ਬਣਦਾ ਮੁਆਵਜ਼ਾ ਦੇਣ ਦੇ ਨਾਲ-ਨਾਲ ਜ਼ਮੀਨਾਂ 'ਤੇ ਕਾਸ਼ਤ ਕਰ ਰਹੇ ਕਿਸਾਨਾਂ ਨੂੰ ਮਾਲਕੀ ਹੱਕ ਦੇ ਕੇ ਪੱਕੀਆਂ ਕਰਨ ਦੀ ਮੰਗ ਵੀ ਕੀਤੀ।

ਪੱਤਰਕਾਰਾਂ ਵੱਲੋਂ ਪੁੱਛੇ ਸਵਾਲ 'ਤੇ ਕਿ ਇਸ ਖੇਤਰ ਵਿੱਚ ਪਿੰਡ ਚੱਕ ਭੰਗੇਵਾਲਾ ਤੋਂ ਬਾਅਦ ਗਜਨੀਵਾਲਾ ਪਿੰਡ ਤੱਕ ਦਰਿਆ ਸਤਲੁਜ ਤੇ ਇਧਰ ਭਾਰਤ ਵਾਲੇ ਪਾਸੇ ਕੋਈ ਬੰਨ੍ਹ ਹੀ ਨਹੀਂ ਹੈ, ਜਿਸ ਕਾਰਨ ਹਰ ਸਾਲ ਹੜ੍ਹਾਂ ਕਾਰਨ ਭਾਰੀ ਤਬਾਹੀ ਹੁੰਦੀ ਹੈ, ਦੇ ਜਵਾਬ ਵਿੱਚ ਸ਼੍ਰੀ ਚੌਧਰੀ ਨੇ ਕਿਹਾ ਕਿ ਇਹ ਉਨ੍ਹਾਂ ਦੀ ਜਾਣਕਾਰੀ ਵਿੱਚ ਨਹੀਂ ਹੈ ਕਿ ਇਸ ਖੇਤਰ ਵਿੱਚ ਦਰਿਆ 'ਤੇ ਕੋਈ ਬੰਨ੍ਹ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਕਾਰਜ ਸਟੇਟ ਗੌਰਮਿੰਟ ਦੇ ਅਧੀਨ ਆਉਂਦੇ ਹਨ ਤੇ ਸਟੇਟ ਗੌਰਮਿੰਟ ਨੇ ਪ੍ਰਪੋਜ਼ਲ ਬਣਾ ਕੇ ਦੇਣੀ ਹੁੰਦੀ ਹੈ। ਜਦ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਭਾਜਪਾ ਦੇ ਰਾਜ ਦੀ ਤੀਜੀ ਟਰਮ ਚੱਲ ਰਹੀ ਹੈ ਤੇ ਆਪ ਜਲ ਸਰੋਤ ਮੰਤਰੀ ਹੋ ਤੇ ਆਪ ਦੇ ਮੰਤਰਾਲੇ ਨੂੰ ਅਜੇ ਤੱਕ ਇਹ ਵੀ ਨਹੀਂ ਪਤਾ ਕਿ ਦਰਿਆ ਸਤਲੁਜ ਤੇ ਇਸ ਇਲਾਕੇ ਵਿੱਚ ਦੋ-ਚਾਰ ਫ਼ੁੱਟ ਬੰਨ੍ਹ ਵੀ ਨਹੀਂ ਹੈ ਤੇ ਉਹ ਉਸ ਸਬੰਧੀ ਕੋਈ ਠੋਸ ਜਵਾਬ ਨਹੀਂ ਦੇ ਸਕੇ, ਪ੍ਰੰਤੂ ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਇਥੇ ਜਲਦੀ ਹੀ ਬੰਨ ਦਾ ਨਿਰਮਾਣ ਕਰਾਇਆ ਜਾਵੇਗਾ। ਹੜ੍ਹ ਪ੍ਰਭਾਵਤ ਖੇਤਰ ਦੇ ਲੋਕਾਂ ਨੂੰ ਫੌਰੀ ਰਾਹਤ ਵਜੋਂ ਕੋਈ ਰਾਹਤ ਸਮੱਗਰੀ ਦਿੱਤੇ ਜਾਣ ਸਬੰਧੀ ਉਨ੍ਹਾਂ ਕਿਹਾ ਕਿ ਜਲਦ ਹੀ ਪਸ਼ੂਆਂ ਵਾਸਤੇ ਫੀਡ, ਮੱਛਰਦਾਨੀਆਂ ਅਤੇ ਹੋਰ ਲੋੜੀਂਦਾ ਸਮਾਨ ਮੁਹੱਈਆ ਕਰਾਇਆ ਜਾਵੇਗਾ।

## ਲਾਲ ਲਕੀਰ ਤੋਂ ਬਾਹਰ ਦੱਸ ਕੇ ਲੋਕਾਂ ਨੂੰ ਸਹੂਲਤਾਂ ਤੋਂ ਵਾਂਝੇ ਕੀਤਾ ਜਾ ਰਿਹੈ : ਬਣਵਾਲਾ

### ਸਮੱਸਿਆ ਦੇ ਹੱਲ ਲਈ ਕਾਂਗਰਸੀ ਵਫ਼ਦ ਵੱਲੋਂ ਐੱਸ ਡੀ ਐੱਮ ਨੂੰ ਮੰਗ ਪੱਤਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਵਿਧਾਨ ਸਭਾ ਹਲਕਾ ਹਲਕਾ ਸ਼ੁਤਰਾਣਾ ਤੋਂ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਦੀ ਅਗਵਾਈ ਵਿੱਚ ਵਫ਼ਦ ਨੇ ਐੱਸਡੀਐੱਮ ਪਾਤੜਾਂ ਅਸ਼ੋਕ ਕੁਮਾਰ ਨੂੰ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਮੰਗ ਪੱਤਰ ਸੌਂਪਿਆ।ਕਾਂਗਰਸ ਦੇ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਨੇ ਦੱਸਿਆ ਕਿ ਅਫ਼ਸਰਸ਼ਾਹੀ ਵੱਲੋਂ ਗਰੀਬ ਲੋਕਾਂ ਦੇ ਘਰ ਲਾਲ ਲਕੀਰ ਤੋਂ ਬਾਹਰ ਕਰਾਰ ਕਰ ਦਿੱਤੇ ਜਾ ਰਹੇ ਹਨ, ਜਿਸ ਕਾਰਨ ਬੇਵੱਸ ਤੇ ਬੇਸਹਾਰਿਆਂ ਨੂੰ ਸਰਕਾਰੀ ਸਹੂਲਤਾਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਘੱਗਾ ਦੇ ਵਾਰਡ ਨੰਬਰ 7, 8, 9 ਤੇ 10 ਜਿੱਥੇ ਸਿਰਫ਼ ਗ਼ਰੀਬ ਤੇ ਮਜ਼ਦੂਰ ਭਾਈਚਾਰਾ ਹੀ ਰਹਿੰਦਾ ਹੈ ਤੇ ਇਨ੍ਹਾਂ ਲੋਕਾਂ ਦੇ ਘਰਾਂ ਦਾ ਬਾਰਿਸ਼ਾਂ ਦੌਰਾਨ ਬਹੁਤ ਨੁਕਸਾਨ ਹੋਇਆ ਹੈ, ਪਰ ਅਫਸਰਸ਼ਾਹੀ ਵੱਲੋਂ ਉਨ੍ਹਾਂ ਦੇ ਘਰ ਲਾਲ ਲਕੀਰ ਤੋਂ ਬਾਹਰ ਹੋਣ ਦਾ ਕਹਿ ਕੇ ਉਨ੍ਹਾਂ ਨੂੰ ਸਰਕਾਰੀ ਸਹਾਇਤਾ ਤੋਂ ਵਾਂਝਿਆਂ ਕਰ ਦਿੱਤਾ ਗਿਆ ਹੈ। ਜਦੋਂ ਕਿ ਇਨ੍ਹਾਂ ਦੇ ਘਰਾਂ ਦੀਆਂ ਗਲੀਆਂ-ਨਾਲੀਆਂ, ਬਿਜਲੀ ਕੁਨੈਕਸ਼ਨ, ਵਾਰਡਬੰਦੀ, ਪਾਣੀ ਕੁਨੈਕਸ਼ਨ ਇਨ੍ਹਾਂ ਨੂੰ ਸਰਕਾਰ ਵੱਲੋਂ ਦਿੱਤਾ ਗਿਆ ਹੈ, ਪਰ ਬਹਾਨੇ ਨਾਲ ਸਰਕਾਰੀ ਸਹੂਲਤਾਂ ਤੋਂ ਵਾਂਝੇ ਰੱਖਣਾ ਸ਼ਰੇਆਮ ਬੇਇਨਸਾਫ਼ੀ ਹੈ।ਉਨ੍ਹਾਂ ਕਿਹਾ ਕਿ ਜੇਕਰ ਪ੍ਰਸ਼ਾਸਨ ਨੇ ਇਸ ਮਾਮਲੇ ਵਿੱਚ ਕੋਈ ਕਾਰਵਾਈ ਨਾ ਕੀਤੀ ਤਾਂ ਅਦਾਲਤ ਦਾ ਦਰਵਾਜ਼ਾ ਖੜਕਾਇਆ ਜਾਵੇਗਾ।ਇਸ ਦੌਰਾਨ ਉਨ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਬੇਨਤੀ ਕੀਤੀ ਹੈ ਕਿ ਜਿੱਥੇ ਸੰਕਟਗ੍ਰਸਤ ਕਿਸਾਨਾਂ ਨੂੰ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ, ਉੱਥੇ ਹੀ ਇਨ੍ਹਾਂ ਬੇਆਸਰਿਆਂ ਨੂੰ ਵੀ ਕੁੱਝ ਨਾ ਕੁੱਝ ਸਹਾਇਤਾ ਜ਼ਰੂਰ ਦਿੱਤੀ ਜਾਣੀ ਚਾਹੀਦੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਭੋਲਾ ਸਿੰਘ ਕੌਂਸਲਰ ਲਖਵਿੰਦਰ ਸਿੰਘ ਐੱਮ ਸੀ, ਨਿਰਮਲ ਸਿੰਘ ਪੰਨੂ, ਸਿਕੰਦਰ ਸਿੰਘ ਦੁਤਾਲ ਤੇ ਪ੍ਰਗਟ ਸਿੰਘ ਆਦਿ ਹਾਜ਼ਰ ਸਨ।

## ...ਸ.ਫ਼ਾ 1 ਦੇ ਬਾਕੀ

### ਮਨੁੱਖੀ ਸਿਹਤ ਤੇ ਜਾਨਵਰਾਂ ...

ਪਹੁੰਚ ਕਰਨਾ ਹੈ।ਉਨ੍ਹਾ ਕਿਹਾ ਕਿ ਸੂਬੇ ਦੇ ਸਾਰੇ ਪਿੰਡਾਂ ਨੂੰ ਕਵਰ ਕਰਨ ਦੇ ਮੰਤਵ ਨਾਲ 21 ਦਿਨਾਂ ਫੌਗਿੰਗ ਕਰਨ ਅਤੇ ਮੱਛਰਾਂ ਨੂੰ ਕੰਟਰੋਲ ਕਰਨ ਲਈ ਮੁਹਿੰਮ ਸ਼ੁਰੂ ਕੀਤੀ ਗਈ ਹੈ।ਮੁੱਖ ਮੰਤਰੀ ਨੇ ਕਿਹਾ ਕਿ ਪਸ਼ੂ ਪਾਲਣ ਵਿਭਾਗ ਨੇ ਵੀ ਪਸ਼ੂਆਂ ਵਿਚਾਲੇ ਬਿਮਾਰੀਆਂ ਫੈਲਣ ਤੋਂ ਰੋਕਣ ਲਈ ਜ਼ੋਰਦਾਰ ਢੰਗ ਨਾਲ ਮੁਹਿੰਮ ਸ਼ੁਰੂ ਕੀਤੀ ਹੈ।ਉਨ੍ਹਾਂ ਕਿਹਾ ਕਿ ਹੁਣ ਤੱਕ 14780 ਪਸ਼ੂਆਂ ਦਾ ਇਲਾਜ ਅਤੇ 48535 ਪਸ਼ੂਆਂ ਦਾ ਮੁਫ਼ਤ ਟੀਕਾਕਰਨ ਕੀਤਾ ਜਾ ਚੁੱਕਾ ਹੈ। ਮਾਨ ਨੇ ਪ੍ਰਭਾਵਤ ਖੇਤਰਾਂ ਵਿੱਚ ਵੱਡੇ ਪੱਧਰ 'ਤੇ ਸਫ਼ਾਈ ਮੁਹਿੰਮਾਂ ਚਲਾਉਣ ਅਤੇ ਖੜ੍ਹੇ ਪਾਣੀ ਦੀ ਨਿਕਾਸੀ ਦੇ ਨਾਲ-ਨਾਲ ਫੌਗਿੰਗ ਦੀ ਵਕਾਲਤ ਕੀਤੀ। ਉਨ੍ਹਾ ਕਿਹਾ ਕਿ ਸਫ਼ਾਈ ਦੇ ਕੰਮ 21 ਸਤੰਬਰ ਤੱਕ ਮੁਕੰਮਲ ਹੋਣੇ ਚਾਹੀਦੇ ਹਨ ਅਤੇ ਪਿੰਡਾਂ ਵਿੱਚ ਪਸ਼ੂਆਂ ਦੇ ਵਾੜਿਆਂ ਤੇ ਫੀਡ ਰੱਖਣ ਵਾਲੀਆਂ ਥਾਵਾਂ ਦੀ ਸਫ਼ਾਈ ਹੋਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਸ਼ੂ ਪਾਲਕਾਂ ਨੂੰ ਪੋਟਾਸ਼ੀਅਮ ਪਰਮੈਗਨਾਈਟ ਦੀ ਵੰਡ ਵੀ ਮੁਫ਼ਤ ਵਿੱਚ ਕੀਤੀ ਜਾ ਰਹੀ ਹੈ, ਤਾਂ ਕਿ ਪਸ਼ੂਆਂ ਦੇ ਵਾੜਿਆਂ ਤੇ ਪਾਣੀ ਪਿਲਾਉਣ ਵਾਲੀਆਂ ਥਾਵਾਂ ਬਿਮਾਰੀਆਂ ਤੋਂ ਮੁਕਤ ਹੋਣ। ਉਨ੍ਹਾ ਕਿਹਾ ਕਿ ਹੁਣ ਤੱਕ ਹੜ੍ਹ ਪ੍ਰਭਾਵਤ ਪਿੰਡਾਂ ਦੇ ਕੈਂਪਾਂ ਵਿੱਚ 14780 ਪਸ਼ੂਆਂ ਦਾ ਲੋੜੀਂਦਾ ਇਲਾਜ ਕੀਤਾ ਜਾ ਚੁੱਕਾ ਹੈ। ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ, ਡਾ. ਰਵਜੋਤ, ਤਰੁਨਪ੍ਰੀਤ ਸਿੰਘ ਸੌਂਦ, ਮੁੱਖ ਸਕੱਤਰ ਕੇ ਏ ਪੀ ਸਿਨਹਾ ਅਤੇ ਹੋਰ ਹਾਜ਼ਰ ਸਨ।

### ਹੈਪੀ ਫੋਰਜਿੰਗਜ਼ ਕਰੇਗੀ...

ਬਾਜ਼ਾਰ ਦੋਵਾਂ ਲਈ ਉੱਚ ਮਿਆਰ ਵਾਲੇ ਉਤਪਾਦਾਂ ਦੀ ਫੋਰਜਿੰਗ ਅਤੇ ਮਸ਼ੀਨਿੰਗ 'ਤੇ ਕੇਂਦਰਤ ਹੈ, ਜੋ ਕਿ ਵਪਾਰਕ ਵਾਹਨਾਂ, ਯਾਤਰੀ ਵਾਹਨਾਂ, ਖੇਤੀਬਾੜੀ ਉਪਕਰਣਾਂ, ਆਫ ਹਾਈਵੇਅ ਸੈਗਮੈਂਟਸ, ਬਿਜਲੀ ਉਤਪਾਦਨ, ਰੇਲਵੇ, ਤੇਲ ਅਤੇ ਗੈਸ, ਵਿੰਡ ਟਰਬਾਈਨ ਉਦਯੋਗਾਂ ਅਤੇ ਰੱਖਿਆ ਸਮੇਤ ਵਿਭਿੰਨ ਖੇਤਰਾਂ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ।

## ਲੇਖਕ ਮੰਚ ਵੱਲੋਂ 'ਦਰਿਆਵਾਂ ਦੇ ਵਹਿਣ' ਦਾ ਲੋਕ ਅਰਪਣ ਸਮਾਗਮ



**ਸਮਰਾਲਾ (ਸੁਰਜੀਤ ਸਿੰਘ)**

ਮਾ. ਬਲਕਾਰ ਸਿੰਘ ਦੇ ਪਲੇਠੇ ਗ਼ਜ਼ਲ ਸੰਗ੍ਰਹਿ 'ਦਰਿਆਵਾਂ ਦੇ ਵਹਿਣ' ਦਾ ਲੋਕ ਅਰਪਣ ਸਮਾਗਮ ਸਥਾਨਕ ਕਿੰਡਰਗਾਰਟਨ ਸਕੂਲ ਵਿੱਚ ਕੀਤਾ ਗਿਆ। ਸਮਾਗਮ ਦੇ ਮੁੱਖ ਮਹਿਮਾਨ ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ ਤੇ ਪ੍ਰਧਾਨਗੀ ਉੱਘੇ ਗ਼ਜ਼ਲਗੋ ਐੱਸ. ਨਸੀਮ ਨੇ ਕੀਤੀ। ਲੇਖਕ ਮੰਚ ਦੇ ਪ੍ਰਧਾਨ ਰਾਜਵਿੰਦਰ ਸਮਰਾਲਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ।ਸਮਾਗਮ ਦਾ ਆਗਾਜ਼ ਪ੍ਰਿੰ ਡਾ. ਪਰਮਿੰਦਰ ਸਿੰਘ ਬੈਨੀਪਾਲ ਨੇ ਕੀਤਾ ਅਤੇ ਗ਼ਜ਼ਲ ਸੰਗ੍ਰਹਿ ਤੇ ਮਾ. ਬਲਕਾਰ ਸਿੰਘ ਦਾ ਇਕੱਤਰਤਾ ਨਾਲ ਤੁਆਰੁਫ ਕਰਵਾਇਆ ਅਤੇ ਲੇਖਕ ਦੀਆਂ ਗ਼ਜ਼ਲਾਂ ਸਾਂਝੀਆਂ ਕੀਤੀਆਂ। ਗ਼ਜ਼ਲ ਸੰਗ੍ਰਹਿ ਉੱਪਰ ਚਰਚਾ ਅਮਰਿੰਦਰ ਸੋਹਲ ਨੇ ਸ਼ੁਰੂ ਕੀਤੀ।ਇਸ ਚਰਚਾ ਵਿੱਚ ਡਾ. ਹਰਿੰਦਰਜੀਤ ਸਿੰਘ ਕਲੇਰ, ਮੇਘ ਸਿੰਘ ਜਵੰਦਾ, ਦੀਪ ਦਿਲਬਰ, ਗੁਰਸੇਵਕ ਸਿੰਘ ਢਿੱਲੋਂ ਤੇ ਮਾ. ਰਾਮ ਰਤਨ ਨੇ ਭਾਗ ਲੈਂਦਿਆਂ ਪਲੇਠੇ ਗ਼ਜ਼ਲ ਸੰਗ੍ਰਹਿ ਲਈ ਲੇਖਕ ਨੂੰ ਵਧਾਈ ਦਿੱਤੀ ਤੇ ਕੁਝ ਸੁਝਾਅ ਵੀ ਦਿੱਤੇ।ਸਮਾਗਮ ਦੇ ਪ੍ਰਧਾਨ ਐੱਸ ਨਸੀਮ ਨੇ ਲੇਖਕ ਦੇ ਖ਼ੂਬਸੂਰਤ ਸ਼ਿਅਰ ਸਾਂਝੇ ਕਰਦਿਆਂ ਉਨ੍ਹਾਂ ਵਿਚਲੇ ਵਿਚਾਰਾਂ ਦੀ ਗਹਿਰਾਈ, ਸਪੱਸ਼ਟਤਾ ਤੇ ਨਿੱਡਰਤਾ ਨੂੰ ਖ਼ੂਬ ਸਲਾਹਿਆ।ਉਪਰੰਤ ਪ੍ਰਧਾਨਗੀ ਮੰਡਲ ਤੇ ਆਏ ਮਹਿਮਾਨਾਂ ਨੇ ਸਾਂਝੇ ਤੌਰ 'ਤੇ ਪੁਸਤਕ ਲੋਕ ਅਰਪਣ ਦੀ ਰਸਮ ਅਦਾ ਕੀਤੀ ਅਤੇ ਲੇਖਕ ਮੰਚ ਵੱਲੋਂ ਗੁਰਦਿਆਲ ਰੌਸ਼ਨ ਤੇ ਮਾ. ਬਲਕਾਰ ਸਿੰਘ ਨੂੰ ਸਨਮਾਨਤ ਕੀਤਾ ਗਿਆ। ਲੇਖਕ ਨੇ ਆਪਣੇ ਭਾਸ਼ਣ ਵਿੱਚ ਵਿਦਵਾਨਾਂ ਵੱਲੋਂ ਮਿਲੀ ਸ਼ਾਬਾਸ਼ੀ ਲਈ ਧੰਨਵਾਦ ਕੀਤਾ ਤੇ ਉਨ੍ਹਾਂ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਪੂਰੀ ਸੁਹਿਰਦਤਾ ਨਾਲ ਵਿਚਾਰਨ ਦਾ ਵਾਅਦਾ ਕੀਤਾ। ਮੁੱਖ ਮਹਿਮਾਨ ਗੁਰਦਿਆਲ ਰੌਸ਼ਨ ਨੇ ਕਿਹਾ ਕਿ ਲੇਖਕ ਦੀਆਂ ਗ਼ਜ਼ਲਾਂ ਵਜ਼ਨਦਾਰ ਹਨ ਤੇ ਵਿਚਾਰਾਂ ਦਾ ਨਿਭਾਅ ਵੀ ਤਸੱਲੀਬਖ਼ਸ਼ ਹੈ। ਮੰਚ ਦੇ ਸਰਪ੍ਰਸਤ ਦਲਜੀਤ ਸ਼ਾਹੀ ਨੇ ਪ੍ਰਧਾਨਗੀ ਮੰਡਲ ਤੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਮਾ ਬਲਕਾਰ ਸਿੰਘ ਤੇ ਨਾਲ ਆਏ ਪਰਵਾਰਕ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਅਕਸ ਰੰਗ ਮੰਚ ਸਮਰਾਲਾ ਦੇ ਕਲਾਕਾਰਾਂ ਨੇ ਰੱਜ ਕੇ ਮਹਿਮਾਨ ਨਵਾਜ਼ੀ ਕੀਤੀ।ਉਪਰੰਤ ਹੋਏ ਕਵੀ ਦਰਬਾਰ ਦਾ ਸੰਚਾਲਨ ਡਾ. ਹਰਿੰਦਰਜੀਤ ਸਿੰਘ ਕਲੇਰ ਨੇ ਕੀਤਾ।ਮੰਚ ਦਾ ਸਮੁੱਚਾ ਸੰਚਾਲਨ ਰਾਜਵਿੰਦਰ ਸਮਰਾਲਾ ਨੇ ਬਾਖ਼ੂਬੀ ਨਿਭਾਇਆ।

## ਹੜ੍ਹ ਪ੍ਰਭਾਵਤ ਖੇਤਰਾਂ 'ਚ ਪ੍ਰਸ਼ਾਸਨ ਦਾ ਸਾਥ ਦੇਵੇਗੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ

### ਸ਼ਹਿਰ ਦੇ ਸਟੇਡੀਅਮ ਨੂੰ ਆਮ ਲੋਕਾਂ ਲਈ ਖੋਲ੍ਹਣ ਦੀ ਮੰਗ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੀ ਫ਼ਿਰੋਜ਼ਪੁਰ ਇਕਾਈ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਦੋ ਵੱਖ-ਵੱਖ ਮੁੱਦਿਆਂ 'ਤੇ ਧਿਆਨ ਦਿਵਾਉਣ ਲਈ ਡਿਪਟੀ ਕਮਿਸ਼ਨਰ ਨੂੰ ਦੋ ਮੰਗ ਪੱਤਰ ਸੌਂਪੇ ਹਨ। ਪਹਿਲੇ ਮੰਗ ਪੱਤਰ ਵਿੱਚ ਵਿਦਿਆਰਥੀ ਪ੍ਰੀਸ਼ਦ ਨੇ ਜ਼ਿਲ੍ਹੇ ਵਿੱਚ ਆਏ ਹੜ੍ਹਾਂ ਨਾਲ ਨਜਿੱਠਣ ਲਈ ਪ੍ਰਸ਼ਾਸਨ ਨੂੰ ਪੂਰਨ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਸਵੈ-ਇੱਛਕ ਕਾਰਕੁਨਾਂ ਦੀ ਲੋੜ ਪੈਂਦੀ ਹੈ, ਤਾਂ ਵਿਦਿਆਰਥੀ ਪ੍ਰੀਸ਼ਦ ਦੇ ਕਾਰਕੁਨ ਮੋਢੇ ਨਾਲ ਮੋਢਾ ਜੋੜ ਕੇ ਪ੍ਰਸ਼ਾਸਨ ਦਾ ਸਾਥ ਦੇਣ ਲਈ ਤਿਆਰ ਹਨ। ਆਗੂਆਂ ਨੇ ਦੱਸਿਆ ਕਿ ਉਨ੍ਹਾਂ ਦੇ ਕਾਰਕੁਨ ਕਿਸੇ ਵੀ ਸਮੇਂ ਲੋੜਵੰਦ ਲੋਕਾਂ ਦੀ ਸੇਵਾ ਲਈ ਹਾਜ਼ਰ ਹੋ ਸਕਦੇ ਹਨ ਅਤੇ ਉਹ ਪ੍ਰਸ਼ਾਸਨ ਦੀਆਂ ਹਦਾਇਤਾਂ ਦੀ ਉਡੀਕ ਕਰ ਰਹੇ ਹਨ। ਦੂਜੇ ਮੰਗ ਪੱਤਰ ਵਿੱਚ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਨੇ ਸ਼ਹਿਰ ਦੇ ਸਟੇਡੀਅਮ ਦੀ ਮਾੜੀ ਹਾਲਤ ਤੇ ਆਮ ਲੋਕਾਂ ਲਈ ਇਸ ਦੇ ਦਾਖਲੇ 'ਤੇ ਪਾਬੰਦੀ ਦਾ ਮੁੱਦਾ ਚੁੱਕਿਆ ਹੈ। ਵਿਦਿਆਰਥੀ ਪ੍ਰੀਸ਼ਦ ਨੇ ਪ੍ਰਸ਼ਾਸਨ ਨੂੰ ਸਵਾਲ ਕੀਤਾ ਕਿ ਕਿਸ ਆਧਾਰ 'ਤੇ ਆਮ ਲੋਕਾਂ ਨੂੰ ਸਟੇਡੀਅਮ ਵਿੱਚ ਦਾਖਲ ਹੋਣ ਤੋਂ ਰੋਕਿਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਜੇਕਰ ਅਜਿਹਾ ਕੋਈ ਨਿਯਮ ਨਹੀਂ ਹੈ, ਤਾਂ ਸਟੇਡੀਅਮ ਨੂੰ ਤੁਰੰਤ ਆਮ ਲੋਕਾਂ ਤੇ ਖਿਡਾਰੀਆਂ ਲਈ ਖੋਲ੍ਹਿਆ ਜਾਵੇ। ਇਸ ਤੋਂ ਇਲਾਵਾ 1 ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਨੇ ਸਟੇਡੀਅਮ ਵਿੱਚ ਸਫ਼ਾਈ ਦੀ ਮਾੜੀ ਵਿਵਸਥਾ 'ਤੇ ਵੀ ਚਿੰਤਾ ਪ੍ਰਗਟ ਕੀਤੀ, ਜਿਸ ਕਾਰਨ ਖਿਡਾਰੀਆਂ ਨੂੰ ਸਿਹਤ ਸਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਵਿਦਿਆਰਥੀ ਪ੍ਰੀਸ਼ਦ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਪ੍ਰਸ਼ਾਸਨ ਨੇ ਜਲਦੀ ਹੀ ਸਟੇਡੀਅਮ ਦੀ ਸਫ਼ਾਈ ਤੇ ਇਸ ਨੂੰ ਆਮ ਲੋਕਾਂ ਲਈ ਖੋਲ੍ਹਣ ਦਾ ਪ੍ਰਬੰਧ ਨਾ ਕੀਤਾ, ਤਾਂ ਉਹ ਪ੍ਰਸ਼ਾਸਨ ਖਿਲਾਫ਼ ਅੰਦੋਲਨ ਸ਼ੁਰੂ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਕਈ ਆਗੂ ਤੇ ਕਾਰਕੁਨ ਮੌਜੂਦ ਸਨ, ਜਿਨ੍ਹਾਂ ਵਿੱਚ ਨਗਰ ਪ੍ਰਧਾਨ ਡਾ. ਧੀਰਜ ਦੇਵਗਨ, ਜ਼ਿਲ੍ਹਾ ਪ੍ਰਮੁੱਖ ਦਿਨੇਸ਼ ਸ਼ਰਮਾ, ਐੱਸ ਪੀ ਐੱਸ ਇਕਾਈ ਪ੍ਰਧਾਨ ਮੋਕਸ਼ ਬਾਗੀ ਤੇ ਸਾਬਕਾ ਕਾਰਕੁਨ ਤਮਿਲ ਸਚਦੇਵਾ ਸ਼ਾਮਲ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸੀ ਪੀ ਆਈ ਦੇ 25ਵੇਂ ਮਹਾਂਸੰਮੇਲਨ
## ਨੂੰ ਸਮਰਪਤ ਲੇਖ ਲੜੀ-2



# ਸਰਦਾਰ ਸੋਹਣ ਸਿੰਘ 'ਜੋਸ਼'

ਅੰਮ੍ਰਿਤਸਰ ਸ਼ਹਿਰ ਦੀਆਂ ਸੜਕਾਂ 'ਤੇ ਇਕ ਸੱਤ-ਅੱਠ ਸਾਲ ਦਾ ਮੁੰਡਾ ਰੋਂਦਾ ਫਿਰ ਰਿਹਾ ਹੈ। ਉਸ ਦੇ ਪੈਰ ਨੰਗੇ ਹਨ, ਪਿੰਡੇ ਉੱਤੇ ਇਕ ਮੋਟਾ ਮੈਲ਼ਾ ਜਿਹਾ ਕੁੜਤਾ ਅਤੇ ਜਾਂਘੀਆ ਹੈ ਅਤੇ ਸਿਰ ਉੱਤੇ ਏਸੇ ਤਰ੍ਹਾਂ ਦੀ ਹੀ ਨਿੱਕੀ ਜਿਹੀ ਪੱਗ। ਮੁੰਡੇ ਨੂੰ ਕੀ ਪਤਾ, ਕਿ ਜ਼ਰਾ ਜਿਹਾ ਰੁਕ ਕੇ ਏਧਰ-ਉੱਧਰ ਅੱਖ ਦੇ ਫ਼ੋਰ 'ਚ ਹੀ ਉਸ ਦੀ ਮਾਂ ਕਿਤੇ ਚਲੀ ਜਾਵੇਗੀ ਅਤੇ ਉਹ ਕਿਤੇ। ਉਸ ਦੀਆਂ ਅੱਖਾਂ ਵਿੱਚੋਂ ਹੰਝੂ ਕਿਰ ਰਹੇ ਸਨ ਅਤੇ ਇਸ ਉਮੀਦ 'ਤੇ ਕਿ ਉਸ ਦੀ ਮਾਂ ਕਿਤੇ ਮਿਲ ਜਾਵੇਗੀ, ਉਹ ਅੱਗੇ ਤੋਂ ਹੋਰ ਅੱਗੇ ਤੁਰਦਾ ਹੀ ਜਾ ਰਿਹਾ ਸੀ। ਸ਼ਾਇਦ ਬਹੁਤ ਜ਼ੋਰ ਨਾਲ਼ ਰੋਣ ਕਰਕੇ ਉਸ ਦੀ ਤਰਸਯੋਗ ਹਾਲਤ ਨਜ਼ਰ ਆਉਂਦੀ ਸੀ, ਇਸ ਲਈ ਕਿਸੇ ਦਾ ਧਿਆਨ ਖ਼ਾਸ ਤੌਰ 'ਤੇ ਉਸ ਵੱਲ ਨਹੀਂ ਗਿਆ। ਸਬਰ ਦਾ ਬੰਨ੍ਹ ਟੁੱਟਣ ਹੀ ਵਾਲਾ ਸੀ ਕਿ ਉਸ ਨੂੰ ਮਾਂ ਤਾਂ ਨਹੀਂ ਪਰ ਆਪਣੇ ਹੀ ਪਿੰਡ ਦੇ ਦੋ ਤਿੰਨ ਆਦਮੀ ਨਜ਼ਰ ਆਏ। ਮੁੰਡਾ ਭੱਜ ਕੇ ਉਨ੍ਹਾਂ ਦੇ ਕੋਲ਼ ਪਹੁੰਚ ਗਿਆ ਅਤੇ ਰੋ-ਰੋ ਕੇ ਮਾਂ ਤੋਂ ਵਿੱਛੜ ਜਾਣ ਦੀ ਕਹਾਣੀ ਸੁਣਾਉਣ ਲੱਗਾ। ਉਨ੍ਹਾਂ ਵਿਅਕਤੀਆਂ ਨੂੰ ਇਹ ਚੰਗਾ ਮੌਕਾ ਮਿਲਿਆ। ਜਦੋਂ ਮੁੰਡੇ ਨੇ ਤਰਲੇ ਲੈਂਦਿਆਂ ਨਾਲ਼ ਪਿੰਡ ਲੈ ਚੱਲਣ ਦੀ ਗੱਲ ਕਹੀ ਤਾਂ ਉਨ੍ਹਾਂ ਨੇ ਕਿਹਾ, "ਨਾ, ਬਾਬਾ! ਤੂੰ ਇੱਥੇ ਅੰਮ੍ਰਿਤਸਰ ਦੀਆਂ ਗਲੀਆਂ ਦੀ ਖ਼ਾਕ ਛਾਣ, ਤੈਨੂੰ ਕੋਈ ਕਿਉਂ ਲੈ ਕੇ ਜਾਵੇ ਆਪਣੇ ਖੇਤਾਂ ਨੂੰ ਚਰਵਾਉਣ ਦੇ ਲਈ।" ਮੁੰਡੇ ਨੇ ਕੁਝ ਹੋਰ ਅੱਥਰੂ ਸੁੱਟੇ ਤੇ ਕੁਝ ਹੋਰ ਤਰਲੇ ਮਿੰਨਤਾਂ ਕੀਤੀਆਂ ਅਤੇ ਸਹੁੰ ਖਾ ਕੇ ਕਿਹਾ ਕਿ ਮੈਂ ਹੁਣ ਕਦੇ ਮੱਝਾਂ ਤੁਹਾਡੇ ਖੇਤ ਵਿੱਚ ਨਹੀਂ ਜਾਣ ਦੇਵਾਂਗਾ। ਉਨ੍ਹਾਂ ਨੇ ਖ਼ੁਸ਼ੀ-ਖ਼ੁਸ਼ੀ ਮੁੰਡੇ ਨੂੰ ਆਪਣੇ ਨਾਲ਼ ਲੈ ਲਿਆ।

**ਇਹ 1906 ਦੇ ਆਸ-ਪਾਸ ਦੀ ਗੱਲ ਹੈ।**

ਅੰਮ੍ਰਿਤਸਰ ਬਹੁਤ ਹਰਿਆ-ਭਰਿਆ ਗੁਲਜ਼ਾਰ ਜ਼ਿਲ੍ਹਾ ਹੈ। ਉਸ ਦੇ ਅੰਦਰ ਅਜਨਾਲਾ ਤਹਿਸੀਲ ਵਿੱਚ ਇਕ ਛੋਟਾ ਜਿਹਾ ਪਿੰਡ ਹੈ ਚੇਤਨਪੁਰ। ਚੇਤਨਪੁਰ ਵਿੱਚ ਸਰਦਾਰ ਨਾਲ਼ ਸਿੰਘ ਨਾਮ ਦਾ ਇਕ ਜੱਟ ਕਿਸਾਨ ਸੀ। ਉਹ ਅਤੇ ਉਸ ਦੇ ਭਰਾ ਇਕੱਠੇ ਹੀ ਰਹਿੰਦੇ ਸਨ ਅਤੇ ਉਨ੍ਹਾਂ ਦੇ ਕੋਲ਼ ਖੇਤ ਏਨੇ ਸਨ ਕਿ ਫ਼ਸਲ ਚੰਗੀ ਹੋਣ ਉੱਤੇ ਸਾਰਾ ਸਾਲ ਲੋਕ ਢਿੱਡ ਭਰ ਕੇ ਖਾ ਅਤੇ ਸਰੀਰ ਨੂੰ ਢੱਕ ਸਕਦੇ ਸਨ, ਪਰ ਫਸਲ ਚੰਗੀ ਨਾ ਹੋਣ ਕਰਕੇ ਹਾਲਤ ਖ਼ਰਾਬ ਹੋ ਜਾਂਦੀ ਸੀ। ਸਰਦਾਰ ਨਾਲ਼ ਸਿੰਘ ਅਤੇ ਉਨ੍ਹਾਂ ਦੀ ਪਤਨੀ ਦਿਆਲ ਕੌਰ ਨੂੰ 18 ਨਵੰਬਰ 1898 ਵਿੱਚ ਪਹਿਲਾ ਮੁੰਡਾ ਪੈਦਾ ਹੋਇਆ, ਜਿਸ ਦਾ ਨਾਮ ਉਨ੍ਹਾਂ ਨੇ ਸੋਹਣ ਸਿੰਘ ਰੱਖਿਆ। ਪਲੇਠੀ ਦਾ ਪੁੱਤਰ ਹੋਣ ਕਰਕੇ ਸੋਹਣ ਸਿੰਘ ਨਾਲ਼ ਮਾਂ ਦਾ ਬਹੁਤ ਪਿਆਰ ਸੀ। ਸਰਦਾਰ ਨਾਲ਼ ਸਿੰਘ ਉਂਞ ਤਾਂ ਕਰੀਬ-ਕਰੀਬ ਅਨਪੜ੍ਹ ਜਿਹੇ ਸਨ, ਥੋੜ੍ਹੇ-ਬਹੁਤੇ ਸਾਫ਼ ਉਰਦੂ ਅੱਖਰਾਂ ਨੂੰ ਪੜ੍ਹ ਲੈਂਦੇ ਸਨ ਪਰ ਹਿਸਾਬ ਲਗਾਉਣ ਵਿੱਚ ਬਹੁਤ ਤੇਜ਼ ਸਨ। ਪੰਜਾਬ ਦੀ ਧਰਤੀ ਤੋਂ ਪੰਚਾਇਤਾਂ ਨੂੰ ਲੁਪਤ ਹੋਏ ਬਹੁਤ ਦਿਨ ਹੋ ਗਏ ਸਨ ਅਤੇ ਉਨ੍ਹਾਂ ਦੀ ਜਗ੍ਹਾ ਰਿਸ਼ਵਤਖੋਰ ਨੰਬਰਦਾਰਾਂ ਅਤੇ ਦੂਜੇ ਸਰਕਾਰੀ ਅਫ਼ਸਰਾਂ ਨੇ ਲੈ ਲਈ ਸੀ। ਪਰ ਹਾਲੇ ਵੀ ਲੋਕਾਂ ਦੀ ਆਦਤ ਛੁੱਟੀ ਨਹੀਂ ਸੀ ਅਤੇ ਕਦੀ-ਕਦੀ ਉਹ ਆਪਣੇ ਝਗੜਿਆਂ ਨੂੰ ਆਪਣੇ ਭਰੋਸੇਯੋਗ ਮੈਂਬਰਾਂ (ਪੰਚਾਂ) ਕੋਲ਼ ਲੈ ਜਾਂਦੇ ਸੀ। ਸਰਦਾਰ ਨਾਲ਼ ਸਿੰਘ ਆਪਣੇ ਹੀ ਪਿੰਡ ਦੇ ਨਹੀਂ ਬਲਕਿ ਆਲ਼ੇ-ਦੁਆਲ਼ੇ ਦੇ ਪਿੰਡਾਂ ਦੇ ਵੀ ਭਰੋਸੇਯੋਗ ਪੰਚ ਸਨ। ਖ਼ਾਸ ਕਰਕੇ ਭਾਈਆਂ ਦੀ ਜ਼ਮੀਨ ਦੀ ਵੰਡ ਅਤੇ ਗੁਆਂਢੀਆਂ ਦੇ ਜ਼ਮੀਨ ਦੇ ਝਗੜਿਆਂ ਵਿੱਚ ਉਨ੍ਹਾਂ ਦੀ ਬੜੀ ਮੰਗ ਸੀ। ਨਾਲ਼ ਸਿੰਘ ਨੂੰ ਜੇ ਪੜ੍ਹਨ ਦਾ ਮੌਕਾ ਮਿਲਿਆ ਹੁੰਦਾ ਤਾਂ ਸ਼ਾਇਦ ਇਕ ਚੰਗੇ ਵਿਦਿਆਰਥੀ ਸਿੱਧ ਹੁੰਦੇ। ਉਨ੍ਹਾਂ ਦੀ ਇੱਛਾ ਸੀ ਕਿ ਸੋਹਣ ਸਿੰਘ ਕੁਝ ਪੜ੍ਹ-ਲਿਖ ਜਾਵੇ, ਏਸੇ ਖ਼ਿਆਲ ਨਾਲ਼ ਉਨ੍ਹਾਂ ਨੇ ਸੋਹਣ ਸਿੰਘ ਨੂੰ ਪਿੰਡ ਦੇ ਮਦਰੱਸੇ ਵਿੱਚ ਬਿਠਾ ਦਿੱਤਾ। ਪਰ ਸੋਹਣ ਸਿੰਘ ਨੂੰ ਜਿੰਨਾ ਖੇਡਣਾ ਅਤੇ ਘੁੰਮਣਾ-ਫਿਰਨਾ ਪਸੰਦ ਆਉਂਦਾ ਸੀ, ਓਨਾ ਪੜ੍ਹਨਾ-ਲਿਖਣਾ ਨਹੀਂ। ਉਹ ਬਿਮਾਰੀ ਦਾ ਬਹਾਨਾ ਬਣਾ ਕੇ ਕਈ ਵਾਰੀ ਭੱਜ ਆਉਂਦਾ ਸੀ। ਸਰਦਾਰ ਨਾਲ਼ ਸਿੰਘ ਨੇ ਸੋਚਿਆ, ਜੱਟ ਦੇ ਪੁੱਤ ਨੂੰ ਵਾਹੀ-ਖੇਤੀ ਕਰਨੀ ਹੀ ਬਹੁਤ ਹੈ ਅਤੇ ਸੋਹਣ ਦਾ ਸਰੀਰ ਇਸ ਦੇ ਬਿਲਕੁਲ ਢੁਕਵਾਂ ਸੀ।

ਸੋਹਣ ਸਿੰਘ ਕਈ ਸਾਲਾਂ ਤੱਕ ਮੱਝਾਂ ਚਰਾ ਚੁੱਕੇ ਸਨ। ਖੇਡਣ ਅਤੇ ਲਾਟੂ ਘੁਮਾਉਣ ਵਿੱਚ ਬਾਲਕ ਸੋਹਣ ਸਿੰਘ ਨੂੰ ਬਹੁਤ ਆਨੰਦ ਮਿਲਦਾ ਸੀ, ਪਰ ਨੰਗੇ ਪੈਰ ਘੁੰਮਦਿਆਂ ਅਕਸਰ ਉਸ ਦੇ ਪੈਰਾਂ ਵਿੱਚ ਕੰਡੇ ਚੁਭ ਜਾਂਦੇ ਅਤੇ ਉਸ ਨੂੰ ਬੈਠ ਕੇ ਰੋਣਾ ਪੈਂਦਾ। ਧੁੱਪ ਅਤੇ ਲੂਅ ਵਿੱਚ ਜਾਨਵਰਾਂ ਦੇ ਪਿੱਛੇ ਭੱਜਣਾ ਪੈਂਦਾ ਅਤੇ ਸਰਦੀਆਂ ਦੇ ਲਈ ਗ਼ਰੀਬ ਘਰਾਂ ਵਿੱਚ ਕੱਪੜਾ ਵੀ ਤਾਂ ਬਹੁਤਾ ਨਹੀਂ ਹੁੰਦਾ ਸੀ। ਏਧਰ ਕਦੇ-ਕਦੇ ਉਸ ਨੂੰ ਖ਼ਿਆਲ ਆਉਣ ਲੱਗਦਾ ਸੀ ਕਿ ਮਦਰਸੇ 'ਚ ਪੜ੍ਹਨ ਚਲਿਆ ਜਾਵਾਂ ਤਾਂ ਜੋ ਜਾਨ ਬਚ ਜਾਵੇ। ਪਰ ਪਿਓ ਨੇ ਇਕ ਦਿਨ ਵੀ ਇਸ ਦਾ ਜ਼ਿਕਰ ਨਹੀਂ ਕੀਤਾ। ਸੋਹਣ ਸਿੰਘ ਜਾਣ-ਬੁੱਝ ਕੇ ਦੂਸਰਿਆਂ ਦੇ ਖੇਤਾਂ ਵਿੱਚ ਮੱਝਾਂ ਨਹੀਂ ਚਰਾਉਂਦਾ ਸੀ, ਪਰ ਕਦੀ-ਕਦੀ ਕੋਈ ਨਾ ਕੋਈ ਜਾਨਵਰ ਨਾਲ਼ ਦੇ ਖੇਤਾਂ ਵਿੱਚ ਇਕ ਅੱਧਾ ਮੂੰਹ ਮਾਰ ਹੀ ਲੈਂਦਾ ਸੀ, ਫਿਰ ਜੱਟ ਚਾਰ ਸੁਣਾਏ ਬਿਨਾਂ ਕਿਵੇਂ ਰਹਿ ਸਕਦਾ ਸੀ। ਇਹ ਸਭ ਤੋਂ ਵਧੇਰੇ ਮੁਸ਼ਕਲ ਗੱਲ ਸੀ ਜਿਸ ਨੇ ਉਸ ਨੂੰ ਕਬੱਡੀ ਅਤੇ ਲਾਟੂ ਦਾ ਮੋਹ ਛੱਡਣ ਲਈ ਤਿਆਰ ਕੀਤਾ। ਉਸ ਦਿਨ ਅੰਮ੍ਰਿਤਸਰ ਵਿੱਚ ਜੋ ਉਸ ਨੇ ਆਪਣੇ ਪਿੰਡ ਵਾਲਿਆਂ ਦੇ ਸਾਹਮਣੇ ਸਹੁੰ ਖਾਧੀ ਸੀ, ਉਹ ਅਸਲ ਵਿੱਚ ਬਿੱਲੀ ਦੇ ਭਾਗੀਂ ਛਿੱਕਾ ਟੁੱਟਿਆ ਸੀ। ਏਧਰ ਸਿੱਖਾਂ ਵਿੱਚ ਗੁਰੂ ਸਿੰਘ ਸਭਾ ਅੰਦੋਲਨ ਚੱਲ ਪਿਆ ਸੀ, ਜਿਸ ਨੇ ਧਾਰਮਿਕ ਚੇਤੰਨਤਾ ਦੇ ਨਾਲ਼-ਨਾਲ਼ ਪੜ੍ਹਨ ਲਿਖਣ ਦਾ ਵੀ ਲੋਕਾਂ ਵਿੱਚ ਉਤਸ਼ਾਹ ਪੈਦਾ ਕੀਤਾ ਸੀ ਅਤੇ ਉਸ ਤੋਂ ਪ੍ਰੇਰਿਤ ਹੋ ਕੇ ਚੇਤਨਪੁਰ ਦੇ ਜੱਟਾਂ ਨੇ ਆਪਣੇ ਪਿੰਡ ਵਿੱਚ ਉਰਦੂ ਅਤੇ ਪੰਜਾਬੀ (ਗੁਰਮੁਖੀ) ਦਾ ਇਕ ਪ੍ਰਾਇਮਰੀ ਸਕੂਲ ਖੋਲ੍ਹ ਦਿੱਤਾ। ਜੇ ਪਿੰਡ ਵਿੱਚ ਸਕੂਲ ਨਾ ਹੁੰਦਾ, ਤਾਂ ਸ਼ਾਇਦ ਸੋਹਣ ਸਿੰਘ ਕਿੰਨੇ ਹੀ ਸਾਲ ਮੱਝਾਂ ਨੂੰ ਚਰਾਉਣ, ਕਬੱਡੀ, ਲਾਟੂ ਖੇਡਣ ਅਤੇ ਖੇਤਾਂ ਦੀ ਚਰਾਈ ਦੇ ਲਈ ਗਾਲ੍ਹਾਂ ਸੁਣਨ ਵਿੱਚ ਹੀ ਗਵਾ ਦਿੰਦਾ। ਇਕ ਹੋਰ ਚਰਵਾਹੇ ਸਾਥੀ ਨਾਲ਼ ਸਲਾਹ ਕਰਕੇ ਸੋਹਣ ਸਿੰਘ ਇਕ ਦਿਨ ਸਕੂਲ ਵਿੱਚ ਜਾ ਪਹੁੰਚਿਆ। ਸੋਹਣ ਸਿੰਘ ਹੁਸ਼ਿਆਰ ਮੁੰਡਾ ਸੀ। ਚੇਤਨਪੁਰ ਦੇ ਪ੍ਰਾਇਮਰੀ ਸਕੂਲ ਵਿੱਚ ਹੀ ਨਹੀਂ, ਜਿਸ ਕਿਸੇ ਸਕੂਲ ਵਿੱਚ ਵੀ ਉਹ ਪੜ੍ਹਨ ਗਿਆ, ਉੱਥੇ ਉਸ ਦਾ ਆਪਣੇ ਦਰਜੇ ਵਿੱਚ ਅਵੱਲ ਰਹਿਣਾ ਅਤੇ ਹਿਸਾਬ ਵਿੱਚ ਸੌ ਵਿੱਚੋਂ ਸੌ ਨੰਬਰ ਲਿਆਉਣਾ ਉਸ ਲਈ ਆਮ ਗੱਲ ਸੀ, ਉਸ ਦੀ ਯਾਦਸ਼ਕਤੀ ਵੀ ਬਹੁਤ ਤੀਖਣ ਸੀ। 1911 ਵਿੱਚ ਪਿੰਡ ਦੇ ਸਕੂਲ ਦੀ ਪੜ੍ਹਾਈ ਖ਼ਤਮ ਹੋ ਗਈ ਅਤੇ ਹੁਣ ਉਸ ਨੂੰ ਅੱਗੇ ਪੜ੍ਹਨ ਲਈ ਦੂਜੇ ਪਿੰਡ ਵਿੱਚ ਜਾਣ ਦੀ ਲੋੜ ਮਹਿਸੂਸ ਹੋਈ।

ਹਾਂ, ਸੋਹਣ ਸਿੰਘ ਵਿੱਚ ਬਚਪਨ ਤੋਂ ਹੀ ਇਕ ਹੋਰ ਖ਼ਾਸ ਗੱਲ ਸੀ। ਚੇਤਨਪੁਰ ਵਿੱਚ ਕੁਝ ਮੁਸਲਮਾਨ ਘਰ ਵੀ ਸਨ ਅਤੇ ਸੋਹਣ ਸਿੰਘ ਦੀ ਇਕ ਮੁਸਲਮਾਨ ਮੁੰਡੇ ਨਾਲ਼ ਦੋਸਤੀ ਸੀ। ਜਦੋਂ ਈਦ ਹੁੰਦੀ, ਮਿੱਠੀਆਂ-ਮਿੱਠੀਆਂ ਸੇਵੀਆਂ ਬਣਦੀਆਂ, ਦੋਸਤ ਉਸ ਨੂੰ ਦਾਅਵਤ ਦਿੰਦਾ ਤਾਂ ਘਰ ਵਾਲਿਆਂ ਦੀਆਂ ਪਿਛਲੀਆਂ ਝਿੜਕਾਂ ਨੂੰ ਭੁੱਲ ਕੇ ਉਹ ਉੱਥੇ ਪਹੁੰਚ ਜਾਂਦਾ ਅਤੇ ਸਾਥੀ ਨਾਲ਼ ਬੈਠ ਕੇ ਸੇਵੀਆਂ ਖਾਂਦਾ। ਉਸ ਨੂੰ ਹੁਣ ਇਹ ਚੰਗੀ ਤਰ੍ਹਾਂ ਸਮਝ ਵਿੱਚ ਨਹੀਂ ਆਉਂਦਾ ਸੀ ਕਿ ਆਪਣੇ ਮੁਸਲਮਾਨ ਦੋਸਤ ਦੇ ਘਰ ਦੀਆਂ ਸੇਵੀਆਂ ਖਾ ਕੇ ਉਹ ਕੀ ਗੁਨਾਹ ਕਰ ਰਿਹਾ ਹੈ, ਜਿਸ ਕਰਕੇ ਉਸ ਨੂੰ ਬੋਲ-ਕਬੋਲ ਸੁਣਨੇ ਪੈਂਦੇ ਹਨ। ਸਿੰਘ ਸਭਾ ਨੇ ਆਰੀਆ ਸਮਾਜ ਅਤੇ ਦੂਸਰਿਆਂ ਦੀ ਵੇਖਾ-ਵੇਖੀ ਸਿੱਖਾਂ ਵਿੱਚ ਮਜ਼ਹਬੀ ਜੋਸ਼ ਭਰਨ ਅਤੇ ਸਿੱਖ ਰਾਜ ਦੀਆਂ ਯਾਦਾਂ ਨੂੰ ਤਾਜ਼ਾ ਕਰਨ ਦਾ ਕੰਮ ਆਪਣੇ ਭਾਸ਼ਣਾਂ ਦੁਆਰਾ ਬਹੁਤ ਕੀਤਾ। ਸੋਹਣ ਸਿੰਘ ਜਦੋਂ ਚਾਰ ਸਾਲ ਤੱਕ ਪੜ੍ਹ ਚੁੱਕਿਆ ਸੀ, ਉਦੋਂ ਤੋਂ ਉਸ ਨੂੰ ਪੰਜਾਬੀ ਅਖ਼ਬਾਰਾਂ ਨੂੰ ਪੜ੍ਹਨ ਦਾ ਸ਼ੌਂਕ ਪੈ ਗਿਆ।

ਚੇਤਨਪੁਰ ਵਿੱਚ ਪੜ੍ਹਾਈ ਦੇ ਜ਼ਮਾਨੇ ਵਿੱਚ ਸੋਹਣ ਸਿੰਘ ਸਕੂਲੀ ਕਿਤਾਬਾਂ ਅਤੇ ਪੰਜਾਬੀ ਅਖ਼ਬਾਰਾਂ ਦੇ ਇਲਾਵਾ ਪੰਜਾਬੀ ਦੀਆਂ ਉਨ੍ਹਾਂ ਕਿਤਾਬਾਂ ਨੂੰ ਬੜੇ ਸ਼ੌਂਕ ਨਾਲ਼ ਪੜ੍ਹਦਾ, ਜਿਨ੍ਹਾਂ ਵਿੱਚ ਸਿੱਖਾਂ ਦੀ ਬਹਾਦਰੀ ਦੇ ਕਾਰਨਾਮਿਆਂ ਨੂੰ ਦੱਸਿਆ ਹੁੰਦਾ। ਖ਼ਾਸ ਕਰਕੇ, ਗੁਰੂ ਗੋਬਿੰਦ ਸਿੰਘ ਦੇ ਦੋਵਾਂ ਬੱਚਿਆਂ ਨੂੰ ਜਿਉਂਦੇ ਨੀਂਹਾਂ ਵਿੱਚ ਚਿਣਨ ਦੀਆਂ ਗੱਲਾਂ ਪੜ੍ਹ ਕੇ ਉਹ ਅਕਸਰ ਰੋ ਪੈਂਦਾ। ਪਰ ਤਾਂ ਵੀ ਇਕ ਤੋਂ ਵੱਧ ਵਾਰ ਮਾਂ ਨੂੰ ਸੁਣਾਏ ਬਿਨਾਂ ਨਾ ਰਹਿੰਦਾ। ਧਾਰਮਿਕ ਚੇਤਨਾ ਦੇ ਕਾਰਨ ਗੁਰੂਆਂ ਦੇ ਸ਼ਬਦਾਂ (ਬਾਣੀ) ਨੂੰ ਪੜ੍ਹਨ ਦਾ ਉਸ ਸਮੇਂ ਲੋਕਾਂ ਨੂੰ ਬਹੁਤ ਸ਼ੌਂਕ ਸੀ ਅਤੇ ਸੋਹਣ ਸਿੰਘ ਨੂੰ ਸ਼ਬਦ ਪੜ੍ਹਨ ਲਈ ਦੂਰ-ਦੁਰੇਡੇ ਦੂਜੇ ਪਿੰਡਾਂ ਵਿੱਚ ਵੀ ਜਾਣਾ ਪੈਂਦਾ ਸੀ।

ਚੇਤਨਪੁਰ ਤੋਂ ਮਜੀਠੇ ਦਾ ਕਸਬਾ ਦੋ ਮੀਲ ਤੋਂ ਵੱਧ ਦੂਰ ਨਹੀਂ ਹੈ। ਉੱਥੇ ਇਕ ਚਰਚ ਮਿਸ਼ਨ ਮਿਡਲ ਸਕੂਲ ਈਸਾਈਆਂ ਦੇ ਵੱਲੋਂ ਚੱਲ ਰਿਹਾ ਸੀ। ਕਿਉਂਕਿ, ਸੋਹਣ ਸਿੰਘ ਰੋਜ਼ ਖਾ-ਪੀ ਕੇ ਸਕੂਲ ਜਾ ਸਕਦਾ ਸੀ, ਇਸ ਲਈ ਖ਼ਰਚੇ ਦੀ ਕੋਈ ਜ਼ਿਆਦਾ ਚਿੰਤਾ ਨਹੀਂ ਸੀ। ਸੋਹਣ ਸਿੰਘ ਉੱਥੇ ਦਾਖ਼ਲ ਹੋ ਕੇ ਅੰਗਰੇਜ਼ੀ ਪੜ੍ਹਨ ਲੱਗਾ। ਫਿਰ ਵੀ ਮਿਡਲ ਵਿੱਚ ਆ ਕੇ ਉਸ ਦੀ ਗ਼ਰੀਬੀ ਵੇਖ ਕੇ ਫ਼ੀਸ ਅੱਧੀ ਕਰ ਦਿੱਤੀ ਗਈ ਸੀ। ਮਜੀਠਾ ਕਸਬਾ ਸੀ, ਪਰ ਜਿੱਥੋਂ ਤੱਕ ਰਹਿਣ-ਸਹਿਣ, ਸੱਭਿਅਤਾ-ਸੱਭਿਆਚਾਰ ਦਾ ਸੰਬੰਧ ਸੀ, ਇਹ ਚੇਤਨਪੁਰ ਤੋਂ ਕੋਈ ਜ਼ਿਆਦਾ ਫ਼ਰਕ ਵਾਲਾ ਨਹੀਂ ਸੀ ਅਤੇ ਸੋਹਣ ਸਿੰਘ ਦੇ ਸਾਥੀਆਂ ਵਿੱਚ ਜ਼ਿਆਦਾਤਰ ਪਿੰਡਾਂ ਦੇ ਕਿਸਾਨ ਮੁੰਡੇ ਸਨ। ਇਸ ਲਈ ਵੀ ਉੱਥੇ ਉਸ ਨੂੰ ਕੋਈ ਖ਼ਾਸ ਫ਼ਰਕ ਨਹੀਂ ਮਹਿਸੂਸ ਹੋਇਆ। ਸਕੂਲ ਦੇ ਅਧਿਆਪਕਾਂ ਦਾ ਆਪਣੇ ਸਭ ਤੋਂ ਤੇਜ਼-ਤਰਾਰ ਲੜਕੇ ਤੋਂ ਖ਼ੁਸ਼ ਰਹਿਣਾ ਸੁਭਾਵਿਕ ਹੀ ਸੀ। ਸੋਹਣ ਸਿੰਘ ਆਪਣੀ ਕਲਾਸ ਦੇ ਮਨੀਟਰ ਅਤੇ ਥੋੜ੍ਹੇ ਹੀ ਦਿਨਾਂ ਬਾਅਦ ਖੇਡ ਦੀਆਂ ਟੀਮਾਂ ਦੇ ਕੈਪਟਨ ਵੀ ਬਣ ਗਏ; ਤਾਂ ਵੀ ਉਸ ਨੂੰ ਜਿੰਨਾ ਸ਼ੌਂਕ ਪੜ੍ਹਨ-ਲਿਖਣ ਦਾ ਸੀ, ਓਨਾ ਖੇਡਾਂ ਦਾ ਨਹੀਂ ਸੀ। ਨਵੀਆਂ-ਨਵੀਆਂ ਪੁਸਤਕਾਂ ਨੂੰ ਪੜ੍ਹਨ ਦੇ ਸ਼ੌਂਕ ਨੇ ਉਸ ਦੇ ਦਿਲ ਵਿੱਚ ਪ੍ਰੇਰਨਾ ਪੈਦਾ ਕੀਤੀ ਅਤੇ ਉਸ ਨੇ ਪਿੰਡ ਵਿੱਚ ਇਕ ਲਾਇਬ੍ਰੇਰੀ ਖੋਲ੍ਹਣ ਦੀ ਗੱਲ ਲੋਕਾਂ ਨਾਲ਼ ਕੀਤੀ। ਪੰਜਾਬੀ ਵਿੱਚ, ਖ਼ਾਸ ਕਰਕੇ ਧਾਰਮਿਕ ਵਿਸ਼ਿਆਂ ਉੱਤੇ ਹੁਣ ਬਹੁਤ ਸਾਰੀਆਂ ਕਿਤਾਬਾਂ ਮਿਲ ਸਕਦੀਆਂ ਸਨ ਅਤੇ ਕਿੰਨੇ ਹੀ ਅਨਪੜ੍ਹ ਲੋਕਾਂ ਵਿੱਚ ਵੀ ਸੋਹਣ ਸਿੰਘ ਨੂੰ ਪੜ੍ਹਦੇ ਸੁਣ ਦਿਲਚਸਪੀ ਹੋ ਗਈ ਸੀ; ਇਸ ਲਈ ਚੌਦਾਂ-ਪੰਦਰਾਂ ਸਾਲ ਦੇ ਮੁੰਡੇ ਦੀ ਗੱਲ ਸਮਝ ਕੇ ਕਿਸੇ ਨੇ ਟਾਲਿਆ ਨਹੀਂ ਅਤੇ 1913 ਵਿੱਚ ਚੇਤਨਪੁਰ ਵਿੱਚ ਇਕ ਨਿੱਕੀ-ਜਿਹੀ ਲਾਇਬ੍ਰੇਰੀ ਸਥਾਪਿਤ ਹੋ ਗਈ।

ਸਕੂਲ ਈਸਾਈਆਂ ਦਾ ਹੋਣ ਕਰਕੇ ਬਾਈਬਲ ਦਾ ਪੜ੍ਹਨਾ ਜ਼ਰੂਰੀ ਸੀ। ਸੋਹਣ ਸਿੰਘ ਵੀ ਪੜ੍ਹਦਾ, ਪਰ ਉਸ ਉੱਤੇ ਸਿੰਘ ਸਭਾ ਦੇ ਭਾਸ਼ਣਾਂ ਅਤੇ ਸਿੱਖੀ ਦਾ ਏਨਾ ਗੂੜ੍ਹਾ ਰੰਗ ਚੜ੍ਹਿਆ ਸੀ ਕਿ ਬਾਈਬਲ ਉਸ ਦੇ ਸਾਹਮਣੇ ਬਿਲਕੁਲ ਫਿੱਕੀ ਮਹਿਸੂਸ ਹੁੰਦੀ ਸੀ।

ਮਿਡਲ ਦੀ ਸਾਲਾਨਾ ਪ੍ਰੀਖਿਆ ਵਿੱਚ ਸੋਹਣ ਸਿੰਘ ਨੇ ਸੱਤ ਸੌ ਵਿੱਚੋਂ ਛੇ ਸੌ ਉੱਨੀ ਨੰਬਰ ਪ੍ਰਾਪਤ ਕੀਤੇ, ਪਰ ਇਸ ਤੋਂ ਉਸ ਦਾ ਅਗਲਾ ਰਸਤਾ ਸਾਫ਼ ਨਹੀਂ ਹੋਇਆ। ਪੁੱਤਰ ਦਾ ਸ਼ੌਂਕ ਵੇਖ ਕੇ ਪਿਤਾ ਨੇ ਅੰਮ੍ਰਿਤਸਰ ਦੇ ਖ਼ਾਲਸਾ ਹਾਈ ਸਕੂਲ ਵਿੱਚ ਪੜ੍ਹਨ ਦੀ ਆਗਿਆ ਦੇ ਦਿੱਤੀ ਅਤੇ ਸੋਹਣ ਸਿੰਘ 1915 ਵਿੱਚ ਖ਼ਾਲਸਾ ਸਕੂਲ ਵਿੱਚ ਦਾਖ਼ਲ ਹੋ ਗਿਆ। ਸੋਹਣ ਸਿੰਘ ਦਾ ਵਿਆਹ, ਜਦੋਂ ਉਹ ਨੌਂ-ਦਸ ਸਾਲ ਦਾ ਸੀ, ਉਦੋਂ ਹੀ ਹੋ ਗਿਆ ਸੀ। ਪਰ ਬੱਚੇ ਦੀ ਬੱਚੀ ਘਰਵਾਲੀ ਮੁਕਲਾਵੇ ਤੋਂ ਪਹਿਲਾਂ ਹੀ ਮਰ ਗਈ। ਮਿਡਲ ਵਿੱਚ ਪੜ੍ਹਦੇ ਸਮੇਂ ਉਸ ਦਾ ਦੂਜਾ ਵਿਆਹ ਹੋਇਆ ਅਤੇ ਖ਼ਾਲਸਾ ਹਾਈ ਸਕੂਲ ਵਿੱਚ ਦਾਖ਼ਲ ਹੁੰਦੇ ਸਮੇਂ ਹੁਣ ਉਹ ਆਪਣੀ ਜ਼ਿੰਮੇਵਾਰੀ ਨੂੰ ਕੁਝ ਕੁਝ ਮਹਿਸੂਸ ਕਰਨ ਲੱਗਾ ਸੀ। ਗ਼ਰੀਬੀ ਬਹੁਤ ਜਲਦੀ ਜ਼ਿੰਮੇਵਾਰੀ ਨੂੰ ਮਹਿਸੂਸ ਕਰਵਾ ਦਿੰਦੀ ਹੈ। ਮਜੀਠੇ ਵਿੱਚ ਪਿਓ ਦੇ ਘਰ ਪੈਦਾ ਹੋਈ ਭਾਰੀ ਆਲੂ ਦੀ ਫ਼ਸਲ, ਦੁੱਧ, ਲੱਸੀ, ਰੋਟੀ ਨਾਲ਼ ਕੰਮ ਚੱਲ ਜਾਂਦਾ ਸੀ, ਪਰ ਅੰਮ੍ਰਿਤਸਰ ਵਿੱਚ ਹੁਣ ਹਰ ਇਕ ਚੀਜ਼ ਦਾ ਖ਼ਰਚ ਰੁਪਏ, ਆਨੇ ਵਿੱਚ ਗਿਣਨਾ ਪੈਂਦਾ ਸੀ ਜਿਸ ਲਈ ਸੋਹਣ ਸਿੰਘ ਨੂੰ ਚਿੰਤਾ ਹੋਣੀ ਲਾਜ਼ਮੀ ਸੀ। ਸੋਹਣ ਸਿੰਘ ਉੱਥੇ ਨੌਵੇਂ ਦਰਜੇ ਵਿੱਚ ਦਾਖ਼ਲ ਹੋਏ ਸਨ, ਦੋ ਤਿੰਨ ਮਹੀਨੇ ਪੜ੍ਹ ਕੇ ਵੇਖ ਲਿਆ ਕਿ ਜੇ ਉਨ੍ਹਾਂ ਨੂੰ ਇਸ ਸਾਲ ਇਮਤਿਹਾਨ ਵਿੱਚ ਬੈਠਣ ਦਾ ਮੌਕਾ ਮਿਲ ਜਾਵੇ ਤਾਂ ਉਹ ਪਾਸ ਹੋ ਸਕਦੇ ਹਨ। ਪਰ, ਅਧਿਆਪਕ ਦਸਵੀਂ ਕਲਾਸ ਵਿੱਚ ਨਾਮ ਲਿਖਣ ਲਈ ਤਿਆਰ ਨਹੀਂ ਸੀ। ਸੋਹਣ ਸਿੰਘ ਗ਼ਰੀਬ ਮਾਂ ਪਿਓ ਦੇ ਖ਼ੂਨ-ਪਸੀਨੇ ਦੀ ਕਮਾਈ ਨੂੰ ਤੇ ਆਪਣੇ ਪੂਰੇ ਘਰ ਨੂੰ ਭੁੱਖਾ ਰੱਖ ਕੇ ਅੰਮ੍ਰਿਤਸਰ ਵਿੱਚ ਦੋ ਸਾਲ ਬੈਠ ਕੇ ਖਾਣ ਲਈ ਤਿਆਰ ਨਹੀਂ ਸੀ ਅਤੇ ਇਸ ਲਈ ਤਿੰਨ ਮਹੀਨਿਆਂ ਦੀ ਪੜ੍ਹਾਈ ਤੋਂ ਬਾਅਦ ਹੀ ਉਹ ਕਿਤਾਬਾਂ ਚੁੱਕ ਕੇ ਘਰ ਨੂੰ ਆ ਗਏ। ਪਿੰਡ ਦੇ ਬਾਹਰਵਾਰ ਆਪਣੇ ਖੇਤਾਂ ਵਿੱਚ ਉਨ੍ਹਾਂ ਦਾ ਆਪਣਾ ਇਕ ਖ਼ੂਹ ਅਤੇ ਹਲਟ ਸੀ। ਸਵੇਰੇ ਹੀ ਕੰਬਲ ਅਤੇ ਕਿਤਾਬਾਂ ਨੂੰ ਲੈ ਕੇ ਉਹ ਉੱਥੇ ਪਹੁੰਚ ਜਾਂਦੇ ਅਤੇ ਕਿਤਾਬਾਂ ਨੂੰ ਖ਼ੂਬ ਮਨ ਲਗਾ ਕੇ ਪੜ੍ਹਦੇ, ਯਾਦ ਕਰਦੇ ਸਨ। ਸੋਹਣ ਸਿੰਘ ਨੇ ਤੈਅ ਕਰ ਲਿਆ ਸੀ ਕਿ ਬਿਨਾਂ ਕਿਸੇ ਮਾਸਟਰ ਦੇ ਸਿਰਫ਼ ਕਿਤਾਬਾਂ ਨੂੰ ਪੜ੍ਹ ਕੇ ਮੈਂ ਮੈਟ੍ਰਿਕ ਪਾਸ ਕਰ ਲਵਾਂਗਾ। ਨੌਂ ਮਹੀਨੇ ਪੜ੍ਹ ਕੇ ਉਨ੍ਹਾਂ ਨੇ 1916 ਵਿੱਚ ਇਮਤਿਹਾਨ ਦਿੱਤੇ ਅਤੇ ਦੂਜੀ ਡਿਵੀਜ਼ਨ ਵਿੱਚ ਪਾਸ ਹੋ ਗਏ।

ਸੋਹਣ ਸਿੰਘ ਨੂੰ ਆਪਣੇ ਉੱਤੇ ਪੂਰਾ ਵਿਸ਼ਵਾਸ ਹੋਣਾ ਸੁਭਾਵਿਕ ਸੀ ਅਤੇ ਉਨ੍ਹਾਂ ਨੂੰ ਅੱਗੇ ਪੜ੍ਹਨ ਦਾ ਬਹੁਤ ਸ਼ੌਂਕ ਵੀ ਸੀ। ਪਰ ਘਰ ਦੀ ਗ਼ਰੀਬੀ ਉਨ੍ਹਾਂ ਨੂੰ ਪੈਰ-ਪੈਰ 'ਤੇ ਇਹ ਅਹਿਸਾਸ ਦਿਵਾਉਂਦੀ ਕਿ ਉਹ ਅੱਗੇ ਨਹੀਂ ਪੜ੍ਹ ਸਕਦੇ। ਤਦ ਵੀ ਇਕ ਵਾਰੀ ਉਹ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਵਿੱਚ ਜਾ ਕੇ ਐਫ਼.ਏ. ਵਿੱਚ ਭਰਤੀ ਹੋ ਹੀ ਗਏ। ਜੋ ਕੁਝ ਢਿੱਡ ਕੱਟ ਕੇ ਘਰੋਂ ਲਿਆਏ ਸਨ, ਉਸ ਨੂੰ ਹੱਥ ਘੁੱਟ ਕੇ ਰੋਕਣ 'ਤੇ ਵੀ ਤਿੰਨ ਚਾਰ ਮਹੀਨਿਆਂ ਤੋਂ ਵੱਧ ਨਹੀਂ ਚਲਾ ਸਕੇ, ਅਖ਼ੀਰ ਵਿੱਚ ਉਨ੍ਹਾਂ ਨੂੰ ਅਮੀਰਾਂ ਲਈ ਹੀ ਬਣੇ ਕਾਲਜ ਦੀ ਦਹਿਲੀਜ਼ ਨੂੰ ਸਲਾਮ ਕਰਨਾ ਪਿਆ।

ਸੋਹਣ ਸਿੰਘ ਦੀ ਉਮਰ ਹੁਣ ਉੱਨੀ ਸਾਲ ਸੀ। ਹਰ ਪੀੜ੍ਹੀ ਵਿੱਚ ਖਾਣ ਵਾਲਿਆਂ ਮੂੰਹਾਂ ਦੀ ਗਿਣਤੀ ਵਧਣ ਨਾਲ਼ ਜੋ ਸਮੱਸਿਆ ਹਿੰਦੁਸਤਾਨ ਦੇ ਸਾਰੇ ਸੰਯੁਕਤ ਪਰਿਵਾਰਾਂ ਦੇ ਸਾਹਮਣੇ ਹੁੰਦੀ, ਉਹੀ ਸਮੱਸਿਆ ਉਨ੍ਹਾਂ ਦੇ ਸਾਹਮਣੇ ਵੀ ਸੀ। ਦੋ ਚਾਚੇ ਅਤੇ ਬਾਪ, ਭੈਣ ਅਤੇ ਭਾਈਆਂ ਨਾਲ਼ ਭਰਿਆ ਇਕ ਬਹੁਤ ਵੱਡਾ ਕੁਨਬਾ ਤਿਆਰ ਹੋ ਗਿਆ ਅਤੇ ਉੱਧਰ ਖੇਤ ਤਾਂ ਓਨੇ ਹੀ ਰਹੇ ਸਨ। ਲੜਾਈ ਉਸ ਸਮੇਂ (1917) ਜ਼ੋਰਾਂ ਨਾਲ਼ ਚੱਲ ਰਹੀ ਸੀ। ਆਮ ਹਿੰਦੁਸਤਾਨੀਆਂ ਨੂੰ ਜੋ ਸਹਿਜ ਬੁੱਧੀ ਨਾਲ਼ ਆਪਣੇ ਜੇਤੂਆਂ ਨਾਲ਼ ਘ੍ਰਿਣਾ ਹੁੰਦੀ ਹੈ, ਉਸ ਤੋਂ ਜ਼ਿਆਦਾ ਸੋਹਣ ਸਿੰਘ ਵਿੱਚ ਕੋਈ ਵੀ ਰਾਜਨੀਤਿਕ ਖ਼ਿਆਲ ਨਹੀਂ ਸੀ। ਅਖ਼ਬਾਰਾਂ ਵਿੱਚ ਅੰਗਰੇਜ਼ਾਂ ਦੀ ਜਿੱਤ ਦੀਆਂ ਖ਼ਬਰਾਂ ਪੜ੍ਹਦੇ ਸਨ, ਪਰ ਉਨ੍ਹਾਂ ਦਾ ਵਿਸ਼ਵਾਸ ਉਲਟਾ ਹੀ ਹੁੰਦਾ ਸੀ। ਤਾਂ ਵੀ ਜੇ ਉਹ ਚਾਹੁੰਦੇ ਤਾਂ ਫ਼ੌਜ ਵਿੱਚ ਭਰਤੀ ਹੋ ਸਕਦੇ ਸਨ, ਪਰ ਉਸ ਸਮੇਂ ਸਿਪਾਹੀ ਛੱਡ ਹੋਰ ਹੁੰਦੇ ਵੀ ਕੀ, ਉੱਪਰਲੇ ਸਾਰੇ ਦਰਵਾਜ਼ੇ ਤਾਂ ਹਿੰਦੁਸਤਾਨੀਆਂ ਦੇ ਲਈ ਬੰਦ ਸਨ। ਉਨ੍ਹਾਂ ਨੇ ਕਈ ਕੰਪਨੀਆਂ ਵਿੱਚ ਨੌਕਰੀ ਦੇ ਲਈ ਦਰਖ਼ਾਸਤਾਂ ਭੇਜੀਆਂ ਅਤੇ ਬਿਜਲੀ ਦਾ ਕਾਰੋਬਾਰ ਕਰਨ ਵਾਲੀ ਇਕ ਅੰਗਰੇਜ਼ ਕੰਪਨੀ ਵਿੱਚ ਉਨ੍ਹਾਂ ਦੇ ਪਿੰਡ ਦਾ ਇਕ ਫੋਰਮੈਨ ਸੀ, ਉਸ ਦੇ ਸੰਪਰਕ ਨਾਲ਼ ਉਹ ਬੰਬਈ ਚਲੇ ਗਏ। ਹੁਬਲੀ (ਕਰਨਾਟਕ) ਦੀ ਇਕ ਕੱਪੜੇ ਵਾਲੀ ਮਿੱਲ ਵਿੱਚ ਬਿਜਲੀ ਲਗਾਈ ਜਾ ਰਹੀ ਸੀ। ਕੰਪਨੀ ਨੇ ਸਰਦਾਰ ਸੋਹਣ ਸਿੰਘ ਨੂੰ ਉੱਥੇ ਕੰਮ ਕਰਨ ਲਈ ਭੇਜ ਦਿੱਤਾ। ਤਨਖ਼ਾਹ ਨਹੀਂ ਬਲਕਿ ਮਜ਼ਦੂਰੀ ਡੇਢ ਰੁਪਏ ਰੋਜ਼ ਸੀ ਅਤੇ ਹੁਬਲੀ ਵਿੱਚ ਭੱਤਾ ਵੀ ਛੇ ਆਨੇ ਰੋਜ਼ ਮਿਲ ਜਾਂਦਾ ਸੀ। ਸੋਹਣ ਸਿੰਘ ਨੇ ਤਾਰਾਂ ਲਗਾਉਣ ਦਾ ਕੰਮ ਵੀ ਸਿੱਖ ਲਿਆ, ਉਹ ਸਾਰਾ ਦਿਨ ਤਾਰ ਲਗਾਉਂਦਾ ਅਤੇ ਸ਼ਾਮ ਨੂੰ ਕਲਰਕ ਦਾ ਕੰਮ ਕਰਦਾ ਸੀ। ਇਹ ਸਭ ਕੁਝ ਛੇ ਸੱਤ ਮਹੀਨੇ ਚੱਲਿਆ।

ਉਂਞ ਸੋਹਣ ਸਿੰਘ ਆਪ ਇਕ ਗ਼ਰੀਬ ਕਿਸਾਨ ਘਰ ਵਿੱਚ ਜੰਮਿਆ ਸੀ ਅਤੇ ਸ਼ਾਮ ਦੀ ਧੂਣੀ ਦੀ ਅੱਗ ਵਿੱਚ ਭੁੰਨੇ ਹੋਏ ਆਲੂਆਂ ਨੂੰ ਸਵੇਰੇ ਖਾਣ ਵਿੱਚ ਉਨ੍ਹਾਂ ਨੂੰ ਜੋ ਮਜ਼ਾ ਆਉਂਦਾ ਸੀ ਉਹੀ ਉਨ੍ਹਾਂ ਦੇ ਲਈ ਅੰਮ੍ਰਿਤ ਤੋਂ ਘੱਟ ਨਹੀਂ ਸੀ। ਪਰ ਏਥੋਂ ਦੇ ਮਜ਼ਦੂਰਾਂ ਦੀ ਗ਼ਰੀਬੀ ਪੰਜਾਬ ਦੇ ਗ਼ਰੀਬ ਕਿਸਾਨਾਂ ਨਾਲੋਂ ਵੀ ਅਸਹਿ ਸੀ। ਹਾਲਾਂਕਿ ਹੁਣ ਵੀ ਉਹ ਇਸ ਗ਼ਰੀਬੀ ਦਾ ਜ਼ਿੰਮੇਵਾਰ ਵਿਅਕਤੀਆਂ ਨੂੰ ਮੰਨਣ ਲਈ ਤਿਆਰ ਨਹੀਂ ਸਨ। ਪਰ ਫਿਰ ਵੀ ਉਨ੍ਹਾਂ ਦੇ ਦਿਲ ਵਿੱਚ ਸੰਵੇਦਨਾ ਜ਼ਰੂਰ ਸੀ। ਹੁਣ ਵੀ ਉਨ੍ਹਾਂ ਦੇ ਦਿਮਾਗ਼ ਵਿੱਚ ਧਾਰਮਿਕ ਜੋਸ਼ ਹੀ ਬਹੁਤ ਜ਼ਿਆਦਾ ਕੰਮ ਕਰ ਰਿਹਾ ਸੀ। ਸਰੀਰ ਉੱਚਾ ਲੰਮਾ ਜ਼ਰੂਰ ਸੀ, ਪਰ ਹੁਣ ਦਾੜ੍ਹੀ ਮੁੱਛਾਂ ਥੋੜ੍ਹੀਆਂ-ਥੋੜ੍ਹੀਆਂ ਜ਼ਰੂਰ ਆਉਣ ਲੱਗੀਆਂ ਸਨ। ਹੁਬਲੀ ਵਿੱਚ ਲੋਕਾਂ ਨੇ ਕਦੇ ਕਿਸੇ ਸਿੱਖ ਨੂੰ ਨਹੀਂ ਵੇਖਿਆ ਸੀ, ਇਸ ਲਈ ਜਾਤ ਪੁੱਛਣ ਉੱਤੇ ਜਦੋਂ ਉਹ ਆਪਣੇ ਆਪ ਨੂੰ ਸਿੱਖ ਦੱਸਦੇ ਤਾਂ ਲੋਕ ਸ਼ੇਖ ਸਮਝਦੇ। ਸਿੰਘ ਸਭਾ ਦੇ ਪ੍ਰਵਚਨਾਂ ਨੂੰ ਸੁਣਦੇ-ਸੁਣਦੇ ਨੌਜਵਾਨ ਸੋਹਣ ਸਿੰਘ ਇਹ ਸਮਝ ਗਿਆ ਸੀ ਕਿ ਸਿੱਖ, ਹਿੰਦੂਆਂ ਤੋਂ ਓਨੇ ਹੀ ਦੂਰ ਹਨ, ਜਿੰਨੇ ਕਿ ਮੁਸਲਮਾਨ। ਪਰ ਉਹ ਇਸ ਲਈ ਤਿਆਰ ਨਹੀਂ ਸਨ ਕਿ ਲੋਕ ਸਿੱਖਾਂ ਨੂੰ ਸ਼ੇਖ ਸਮਝਣ ਲੱਗ ਪੈਣ। ਇਸ ਗੱਲ ਨੂੰ ਲੈ ਕੇ ਉਨ੍ਹਾਂ ਨੇ ਆਪਣਾ ਪਲੇਠਾ ਲੇਖ 'ਪੰਥ ਸੇਵਕ' ਪੰਜਾਬੀ ਵਿੱਚ ਭੇਜਿਆ ਸੀ, ਜਿਸ ਵਿੱਚ ਉਨ੍ਹਾਂ ਨੇ ਪੰਥ ਨੂੰ ਇਹ ਅਪੀਲ ਵੀ ਕੀਤੀ ਸੀ ਕਿ ਏਧਰ ਸਿੱਖਾਂ ਦੇ ਉਪਦੇਸ਼ਕ ਭੇਜੇ ਜਾਣ ਅਤੇ ਲੋਕਾਂ ਨੂੰ ਪੰਜ ਕੱਕਿਆਂ ਦਾ ਸੰਕਲਪ ਧਾਰਨ ਕਰਵਾਇਆ ਜਾਵੇ। ਹੁਬਲੀ ਵਿੱਚ ਕੰਮ ਖ਼ਤਮ ਹੋਣ 'ਤੇ ਉਹ ਬੰਬਈ ਆ ਗਏ।



**ਰਾਹੁਲ ਸੰਕਰਤਾਇਣ**
(ਪਾਲੀ ਤੇ ਸੰਸਕ੍ਰਿਤ ਦੇ ਮਸ਼ਹੂਰ ਵਿਦਵਾਨ ਤੇ ਸੀ ਪੀ ਆਈ ਦੇ ਕਾਰਕੁੰਨ)

ਬੰਬਈ ਵਿੱਚ ਵੀ ਸਿੰਘ ਸਭਾ ਸੀ ਅਤੇ ਲੋਕਾਂ ਨੇ ਨੌਜਵਾਨ ਸੋਹਣ ਸਿੰਘ ਨੂੰ ਉਸ ਦਾ ਸਹਾਇਕ ਮੰਤਰੀ ਚੁਣ ਲਿਆ। ਹੁਣ ਉਨ੍ਹਾਂ ਨੂੰ ਡੇਢ ਰੁਪਿਆ ਰੋਜ਼ ਮਜ਼ਦੂਰੀ ਮਿਲਦੀ ਸੀ। ਕੁਝ ਦਿਨਾਂ ਬਾਅਦ ਔਸਲਰ ਕੰਪਨੀ ਵਿੱਚ ਉਨ੍ਹਾਂ ਨੇ ਨੌਕਰੀ ਕਰ ਲਈ, ਜਿੱਥੇ ਇਕ ਰੁਪਿਆ ਦਸ ਆਨੇ ਰੋਜ਼ ਮਿਲਦੇ ਅਤੇ ਨਿਰਧਾਰਿਤ ਸਮੇਂ ਤੋਂ ਵੱਧ ਕੰਮ ਮਿਲਣ 'ਤੇ ਕੁਝ ਹੋਰ ਮਿਲ ਜਾਂਦਾ ਸੀ।

ਹੁਣ 1918 ਆ ਗਿਆ ਸੀ। ਸੋਹਣ ਸਿੰਘ ਦੇ ਸਾਹਮਣੇ ਕੋਈ ਵੱਡੀਆਂ-ਵੱਡੀਆਂ ਇੱਛਾਵਾਂ ਨਹੀਂ ਸਨ। ਉਹ ਇਸ ਇਕ ਰੁਪਏ ਦਸ ਆਨੇ ਦੀ ਮਜ਼ਦੂਰੀ ਦੇ ਰਸਤੇ 'ਤੇ ਹੀ ਚਲਦੇ ਰਹਿਣਾ ਚਾਹੁੰਦੇ ਸਨ। ਉਸ ਸਮੇਂ ਹੀ ਉਨ੍ਹਾਂ ਦੇ ਵੱਡੇ ਚਾਚੇ ਦੇ ਮਰਨ ਦੀ ਖ਼ਬਰ ਆਈ ਅਤੇ ਉਹ ਨੌਕਰੀ ਛੱਡ ਕੇ ਘਰ ਚਲੇ ਗਏ। ਚਾਚੇ ਦੀ ਮੌਤ ਦੇ ਉੱਨੀ ਦਿਨ ਬਾਅਦ ਪਿਤਾ ਦੀ ਮੌਤ ਵੀ ਹੋ ਗਈ ਅਤੇ ਇਸ ਤਰ੍ਹਾਂ ਘਰ ਦੀ ਹੋਰ ਜ਼ਿੰਮੇਵਾਰੀ ਵੀ ਵਧ ਗਈ। ਪਰ ਸੋਹਣ ਸਿੰਘ ਖੇਤੀ ਕਰਕੇ ਘਰ ਦੀ ਓਨੀ ਸਹਾਇਤਾ ਨਹੀਂ ਕਰ ਸਕਦੇ ਸਨ, ਜਿੰਨਾ ਕਿ ਬਾਹਰ ਦੀ ਨੌਕਰੀ ਨਾਲ਼। ਇਸ ਲਈ ਫਿਰ ਏਧਰ ਅਰਜ਼ੀਆਂ ਦਿੱਤੀਆਂ, ਅਖ਼ੀਰ ਵਿੱਚ ਸੈਂਸਰ ਵਿਭਾਗ ਤੋਂ ਤਾਰ ਗਿਆ ਅਤੇ ਸੌ ਰੁਪਏ ਮਹੀਨੇ ਉੱਤੇ ਉਹ ਬੰਬਈ ਚਲੇ ਗਏ। ਉਹ ਲੜਾਈ ਦਾ ਜ਼ਮਾਨਾ ਸੀ। ਹਿੰਦੁਸਤਾਨ ਤੋਂ ਬਾਹਰ ਜਾਣ ਵਾਲੀ ਜਾਂ ਬਾਹਰੋਂ ਹਿੰਦੁਸਤਾਨ ਆਉਣ ਵਾਲਾ ਹਰ ਇਕ ਚਿੱਠੀ-ਪੱਤਰ, ਪੱਤਰ-ਪਤ੍ਰਿਕਾ ਅਤੇ ਕਿਤਾਬਾਂ ਦੀ ਸਖ਼ਤ ਦੇਖ-ਭਾਲ-ਸੈਂਸਰ- ਹੁੰਦੀ। ਸਰਦਾਰ ਸੋਹਣ ਸਿੰਘ ਨੂੰ ਪੰਜਾਬੀ ਵਿਭਾਗ ਵਿੱਚ ਕੰਮ ਮਿਲਿਆ। ਭਾਵੇਂ ਕਿ ਇਸ ਤੋਂ ਪਹਿਲਾਂ ਬੰਬਈ ਵਿੱਚ ਰਹਿੰਦੇ ਸੋਹਣ ਸਿੰਘ ਨੇ ਐਨੀ ਬਸੰਟ ਦੁਆਰਾ ਸੰਚਾਲਿਤ ਹੋਮ ਰੂਲ ਅੰਦੋਲਨਾਂ ਦੀ ਕੁਝ ਭਿਣਕ ਲੱਗੀ ਸੀ ਅਤੇ ਕੁਝ ਕੁਝ ਸੁਪਨਿਆਂ ਵਾਂਗ ਇਕ ਹੋਰ ਹੀ ਦੁਨੀਆ ਵਿਖਾਈ ਦੇ ਰਹੀ ਸੀ ਜੋ ਕਿ ਸਿੱਖੀ ਦੇ ਇਲਾਵਾ ਵੀ ਆਪਣੀ ਇਕ ਹਸਤੀ ਰੱਖਦੀ ਹੈ, ਪਰ ਹਾਲੇ ਸੋਹਣ ਸਿੰਘ ਨੂੰ ਇਹ ਗੱਲ ਪਤਾ ਨਹੀਂ ਸੀ ਕਿ ਉਸ ਦੁਨੀਆ ਨਾਲ਼ ਉਸ ਦਾ ਵੀ ਕੋਈ ਸੰਬੰਧ ਹੈ। ਉੱਥੇ ਉਨ੍ਹਾਂ ਦੇ ਆਪਣੇ ਪੰਜਾਬ ਦੇ ਸਪੂਤ ਲਾਲਾ ਲਾਜਪਤ ਰਾਏ ਅਤੇ ਹਰਦਿਆਲ ਦੀ ਕਲਮ ਤੋਂ ਨਿਕਲੀਆਂ ਕਿੰਨੀਆਂ ਹੀ ਚੀਜ਼ਾਂ ਨੂੰ ਪੜ੍ਹਨਾ ਅਤੇ ਬਕਾਇਦਾ ਰਜਿਸਟਰ 'ਤੇ ਲਿਖਣਾ ਪੈਂਦਾ ਸੀ। ਹਰੇਕ ਰਾਜਨੀਤਿਕ ਗੱਲ ਭਾਵੇਂ ਉਹ ਗ਼ਦਰ ਪਾਰਟੀ (ਅਮਰੀਕਾ) ਦੇ ਅਖ਼ਬਾਰ ਜਾਂ ਕਿਤਾਬਾਂ ਵਿੱਚ ਛਪੀ ਹੋਵੇ ਜਾਂ ਦੂਜੀਆਂ ਕਿਤਾਬਾਂ ਵਿੱਚ ਉਨ੍ਹਾਂ ਨੂੰ ਪੜ੍ਹਨਾ, ਨੋਟ ਕਰਨਾ ਅਤੇ ਸੰਭਾਲ ਕੇ ਰੱਖਣਾ ਪੈਂਦਾ ਸੀ। ਸੋਹਣ ਸਿੰਘ ਦਿਨੋ-ਦਿਨ ਆਪਣੇ ਆਪ ਵਿੱਚ ਨਵੀਨਤਾ ਅਨੁਭਵ ਕਰਨ ਲੱਗੇ ਅਤੇ ਸੋਚਣ ਲੱਗੇ ਕਿ ਆਦਮੀ ਦਾ ਕੰਮ ਆਪਣਾ ਅਤੇ ਆਪਣੇ ਘਰਦਿਆਂ ਦਾ ਢਿੱਡ ਭਰਨਾ ਮਾਤਰ ਹੀ ਨਹੀਂ ਹੈ। ਨਿੱਕੇ ਹੁੰਦਿਆਂ ਤੋਂ ਹੀ ਉਹ ਸਦੀਆਂ ਪਹਿਲੇ ਦੇ ਸਿੱਖ ਸ਼ਹੀਦਾਂ ਦੀਆਂ ਕਥਾ-ਕਹਾਣੀਆਂ ਨੂੰ ਗਦ-ਗਦ ਹੋ ਕੇ ਪੜ੍ਹਦੇ ਆਏ ਹਨ। ਹੁਣ ਉਹ ਇੱਥੇ ਜ਼ਿੰਦਾ ਸ਼ਹੀਦਾਂ ਅਤੇ ਕੁਝ ਤਾਂ ਪੰਜਾਬ ਵਿੱਚ ਹਾਲ ਹੀ ਵਿੱਚ ਫਾਂਸੀ ਦੇ ਤਖ਼ਤਿਆਂ 'ਤੇ ਝੂਲਦੇ ਸ਼ਹੀਦਾਂ ਨੂੰ ਸਾਹਮਣੇ ਵੇਖ ਰਹੇ ਸਨ। ਜਿਸ ਹਿਸਾਬ ਨਾਲ਼ ਸਰਕਾਰ ਨੇ ਉਨ੍ਹਾਂ ਨੂੰ ਸੈਂਸਰ ਦਾ ਕੰਮ ਦਿੱਤਾ ਸੀ, ਉਸ ਦਾ ਉਲਟਾ ਹੀ ਅਸਰ ਉਨ੍ਹਾਂ ਦੇ ਉੱਤੇ ਪਿਆ। ਸੌ ਰੁਪਈਆਂ ਦੀ ਨੌਕਰੀ ਛੱਡਣ ਦਾ ਸਵਾਲ ਸੀ ਅਤੇ ਘਰ ਦੀ ਹਾਲਤ ਦਾ ਖ਼ਿਆਲ ਰੱਖਣਾ ਵੀ ਜ਼ਰੂਰੀ ਸੀ। ਇਸ ਲਈ ਉਹ ਅਚਾਨਕ ਤਾਂ ਕੋਈ ਫ਼ੈਸਲਾ ਨਹੀਂ ਕਰ ਸਕਦੇ ਸਨ, ਪਰ ਨਾਲ਼ ਹੀ ਸੈਂਸਰ ਦਾ ਸਾਹਿਤ ਪੜ੍ਹਨ ਦਾ ਇਕ ਲਾਲਚ ਜ਼ਰੂਰ ਉਨ੍ਹਾਂ ਦੇ ਮਨ ਵਿੱਚ ਪੈਦਾ ਹੋ ਗਿਆ ਸੀ। ਇਸ ਲਈ ਹੁਣ ਉਹ ਕੰਮ ਕਰਨ ਅਤੇ ਛੱਡਣ ਦੇ ਬਾਰੇ ਵਿਚਾਰ ਹੀ ਕਰ ਰਹੇ ਸਨ ਕਿ ਲੜਾਈ ਦੇ ਬੰਦ ਹੋਣ ਨਾਲ਼ ਸੈਂਸਰ ਦਾ ਮਹਿਕਮਾ ਚੁੱਕ ਲਿਆ ਗਿਆ ਅਤੇ ਸੋਹਣ ਸਿੰਘ ਘਰ (1919) ਨੂੰ ਤੁਰ ਆਏ।

ਪਿਛਲੀ ਲੜਾਈ ਦੀ ਲੁੱਟ ਵਿੱਚ ਅੰਗਰੇਜ਼ਾਂ ਦੇ ਮੈਸੋਪੋਟਾਮੀਆਂ ਵੀ ਹਥਿਆ ਲਿਆ ਅਤੇ ਉਸੇ ਦੀ ਸ਼ਾਸ਼ਨ ਯੋਜਨਾ ਹੁਣ ਚੱਲ ਰਹੀ ਸੀ, ਜਿਸ ਵਿੱਚ ਹੱਥ ਵੰਡਾਉਣ ਲਈ ਹਿੰਦੁਸਤਾਨੀ ਕੁਲੀਆਂ ਅਤੇ ਕਲਰਕਾਂ ਦੀ ਵੀ ਲੋੜ ਸੀ। ਸੋਹਣ ਸਿੰਘ ਨੇ ਵੀ ਕਲਰਕੀ ਦੇ ਲਈ ਦਰਖ਼ਾਸਤ ਦਿੱਤੀ ਅਤੇ ਮਨਜ਼ੂਰੀ ਮਿਲਣ 'ਤੇ ਕਰਾਚੀ ਚਲੇ ਗਏ। ਪਰ ਮਨ ਅੰਦਰ ਜੋ ਬੀਜ ਸੈਂਸਰ ਦੇ ਸਮੇਂ ਪੁੰਗਰ ਚੁੱਕਾ ਸੀ, ਉਹ ਹੌਲ਼ੀ-ਹੌਲ਼ੀ ਵਧ ਰਿਹਾ ਸੀ, ਜਿਸ ਕਰਕੇ ਉਨ੍ਹਾਂ ਦੀ ਦਿਲਚਸਪੀ ਅਜਿਹੀਆਂ ਨੌਕਰੀਆਂ ਤੋਂ ਜਾਂਦੀ ਰਹੀ। ਉਸ ਸਮੇਂ ਮਜੀਠੇ ਦੇ ਉਨ੍ਹਾਂ ਦੇ ਆਪਣੇ ਸਕੂਲ ਵਿੱਚ ਇਕ ਮਾਸਟਰ ਦੀ ਅਸਾਮੀ ਖ਼ਾਲੀ ਹੋਈ ਅਤੇ ਅਠਤਾਲੀ ਰੁਪਏ ਮਹੀਨੇ ਉੱਤੇ ਉਨ੍ਹਾਂ ਦੀ ਬਹਾਲੀ (1920) ਹੋ ਗਈ। ਉਨ੍ਹਾਂ ਦੇ ਲਈ ਇਹ ਸਭ ਤੋਂ ਅਨੁਕੂਲ ਨੌਕਰੀ ਸੀ, ਨਾਲ਼ ਦੇ ਪਿੰਡ ਜਿੱਥੇ ਰੋਜ਼ ਪੜ੍ਹਾ ਕੇ ਚਲੇ ਜਾਂਦੇ ਅਤੇ ਡੇਢ ਰੁਪਈਆ ਰੋਜ਼ ਨਾਲੋਂ ਵੱਧ ਮਜ਼ਦੂਰੀ। ਪਰ ਹੁਣ ਉਨ੍ਹਾਂ ਨੂੰ ਦੂਜੀ ਹੀ ਹਵਾ ਲੱਗ ਚੁੱਕੀ ਸੀ। ਸਾਰੀਆਂ ਚੀਜ਼ਾਂ ਮਹਿੰਗੀਆਂ ਸਨ। ਸੋਹਣ ਸਿੰਘ ਨੇ ਸਕੂਲ ਦੇ ਅਧਿਆਪਕਾਂ ਨਾਲ਼ ਮਿਲ ਕੇ ਅੰਦੋਲਨ ਖੜ੍ਹਾ ਕੀਤਾ ਕਿ ਤਨਖ਼ਾਹ ਵਧਾਈ ਜਾਵੇ। ਅਧਿਆਪਕਾਂ ਨੂੰ ਪਹਿਲਾਂ ਇਹ ਗੱਲ ਪਤਾ ਨਹੀਂ ਕਿਹੋ ਜਿਹੀ ਲੱਗੀ, ਪਰ ਬੇਨਤੀ ਪੱਤਰ ਉਤੇ ਸਾਰਿਆਂ ਨੇ ਦਸਤਖ਼ਤ ਕਰ ਦਿੱਤੇ। ਅਧਿਕਾਰੀਆਂ ਨੂੰ ਤਨਖ਼ਾਹ ਵਧਾਉਣੀ ਪਈ। ਅਧਿਆਪਕਾਂ ਵਿੱਚ ਸੋਹਣ ਸਿੰਘ ਦੀ ਇੱਜ਼ਤ ਬਹੁਤ ਵਧ ਗਈ।

ਸਿੰਘ ਸਭਾ ਦਾ ਧਾਰਮਿਕ ਅਤੇ ਸਮਾਜਿਕ ਅੰਦੋਲਨ ਆਪਣਾ ਕੰਮ ਕਰ ਚੁੱਕਿਆ ਸੀ। ਹੁਣ ਪੰਜਾਬ ਦੇ ਸਿੱਖਾਂ ਵਿੱਚ ਇਕ ਨਵੀਂ ਲਹਿਰ 'ਅਕਾਲੀ ਅੰਦੋਲਨ' ਸ਼ੁਰੂ ਹੋਇਆ। ਸੋਹਣ ਸਿੰਘ ਦੀ ਹਮਦਰਦੀ ਇਸ ਨਵੀਂ ਲਹਿਰ ਦੇ ਨਾਲ਼ ਸੀ। ਧਾਰਮਿਕ ਸੁਧਾਰ ਤੋਂ ਉੱਠ ਕੇ ਉਹ ਰਾਜਨੀਤਿਕ ਪੱਧਰ ਤੱਕ ਪਹੁੰਚ ਗਏ ਸਨ। ਸੋਹਣ ਸਿੰਘ ਨੇ ਚੌਦਾਂ ਪੰਦਰਾਂ ਸਾਲ ਦੀ ਉਮਰ ਵਿੱਚ ਉਰਦੂ, ਪੰਜਾਬੀ ਵਿੱਚ ਕੁਝ ਕਵਿਤਾਵਾਂ ਲਿਖੀਆਂ ਸਨ, ਹੁਬਲੀ ਦੇ ਬਾਅਦ ਕਦੀ-ਕਦੀ ਲੇਖ ਲਿਖਿਆ ਕਰਦੇ ਸਨ ਅਤੇ ਇਹ ਸਮਰੱਥਾ ਉਨ੍ਹਾਂ ਦੀ ਵਧਦੀ ਹੀ ਗਈ। ਅਧਿਆਪਕਾਂ ਦੀ ਲੜਾਈ ਵਿੱਚ ਹੁਣੇ-ਹੁਣੇ ਉਨ੍ਹਾਂ ਨੂੰ ਜਿੱਤ ਪ੍ਰਾਪਤ ਹੋਈ ਸੀ।

ਅਕਾਲੀ (ਪੰਜਾਬੀ ਦੈਨਿਕ) ਦੇ ਸੰਪਾਦਕ ਸਰਦਾਰ ਮੰਗਲ ਸਿੰਘ ਗ੍ਰਿਫ਼ਤਾਰ ਹੋ ਗਏ। ਸਰਦਾਰ ਸੋਹਣ ਸਿੰਘ ਨੇ ਇਕ ਦਿਨ ਦਾ ਨੋਟਿਸ ਦੇ ਕੇ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਅਕਾਲੀ ਨੂੰ ਆਪਣੀਆਂ ਸੇਵਾਵਾਂ ਸਮਰਪਿਤ ਕਰ ਦਿੱਤੀਆਂ। ਅਕਾਲੀ ਦਫ਼ਤਰ ਵਿੱਚ ਜਾਣ ਉੱਤੇ ਉਨ੍ਹਾਂ ਨੂੰ ਲਿਖਣ ਦਾ ਨਹੀਂ ਸਗੋਂ ਵਹੀ ਖਾਤਾ ਸੰਭਾਲਣ ਦਾ ਕੰਮ ਦਿੱਤਾ ਗਿਆ, ਜਿਸ ਵਿੱਚ ਉਨ੍ਹਾਂ ਦਾ ਮਨ ਨਾ ਲੱਗਾ ਅਤੇ ਕੁਝ ਹੀ ਦਿਨ ਬਾਅਦ ਉਸ ਨੂੰ ਛੱਡ ਕੇ ਉਹ ਸਿੱਧੇ ਅੰਦੋਲਨ ਵਿੱਚ ਕੁੱਦ ਪਏ।

ਇਹ ਅੰਦੋਲਨ ਸੀ ਚਾਬੀਆਂ ਦਾ। ਅੰਮ੍ਰਿਤਸਰ ਦੇ ਦਰਬਾਰ ਸਾਹਿਬ ਦੀਆਂ ਚਾਬੀਆਂ ਉਸ ਸਮੇਂ ਇਕ ਸਰਕਾਰੀ ਅਧਿਕਾਰੀ -ਸਰਬਰਾਹ- ਦੇ ਹੱਥਾਂ ਵਿੱਚ ਰਿਹਾ ਕਰਦੀਆਂ ਸਨ। ਸਿੱਖ, ਜਿਨ੍ਹਾਂ ਦੇ ਮੁਖੀ ਆਪਣੇ ਆਪ ਨੂੰ ਅਕਾਲੀ ਅਖਵਾਉਂਦੇ ਸਨ, ਚਾਹੁੰਦੇ ਸਨ ਕਿ ਚਾਬੀਆਂ ਸਰਕਾਰੀ ਅਧਿਕਾਰੀ ਦੇ ਹੱਥਾਂ ਵਿੱਚ ਨਹੀਂ ਬਲਕਿ ਪੰਥ ਦੇ ਨੁਮਾਇੰਦਿਆਂ ਦੇ ਹੱਥਾਂ ਵਿੱਚ ਹੋਣੀਆਂ ਚਾਹੀਦੀਆਂ ਹਨ। ਸਰਦਾਰ ਸੋਹਣ ਸਿੰਘ ਕਲਮ ਦੀ ਤਾਕਤ ਵਿਖਾਉਣ ਤੋਂ ਤਾਂ ਵਾਂਝੇ ਰਹਿ ਗਏ, ਪਰ ਹੁਣ ਉਨ੍ਹਾਂ ਨੇ ਬਾਣੀ ਦਾ ਜੌਹਰ ਵਿਖਾਉਣਾ ਸ਼ੁਰੂ ਕਰ ਦਿੱਤਾ। ਪੂਰੇ ਜ਼ਿਲ੍ਹੇ ਵਿੱਚੋਂ ਸ਼ਾਇਦ ਹੀ ਕੋਈ ਪਿੰਡ ਬਚਿਆ ਹੋਵੇ ਜਿੱਥੇ ਉਨ੍ਹਾਂ ਦੇ ਜੋਸ਼ੀਲੇ ਭਾਸ਼ਣ ਨਾ ਹੋਏ ਹੋਣ। ਲੋਕ ਉਨ੍ਹਾਂ ਦੇ ਪ੍ਰਵਚਨਾਂ ਨੂੰ ਬਹੁਤ ਜੋਸ਼ੀਲਾ ਮੰਨਦੇ ਸਨ ਅਤੇ ਉਦੋਂ ਤੋਂ ਉਨ੍ਹਾਂ ਨੇ ਵੀ ਆਪਣਾ ਨਾਮ 'ਜੋਸ਼' ਰੱਖ ਲਿਆ। ਅੰਮ੍ਰਿਤਸਰ ਦੇ ਹਰ ਇਕ ਥਾਣੇ ਵਿੱਚ ਉਨ੍ਹਾਂ ਦੇ ਨਾਂ ਦਾ ਵਾਰੰਟ ਪਹੁੰਚਿਆ ਹੋਇਆ ਸੀ। ਪਰ ਸਰਦਾਰ ਸੋਹਣ ਸਿੰਘ ਜੋਸ਼ ਹੀ ਨਹੀਂ ਸਗੋਂ ਹਵਾ ਦੇ ਖੰਭਾਂ 'ਤੇ ਸਵਾਰ ਵੀ ਸਨ। ਸ਼ਾਮ ਨੂੰ ਏਥੇ ਭਾਸ਼ਣ ਦੇਣਾ ਤੇ ਸਵੇਰੇ ਦਸ ਮੀਲ ਦੂਰ ਕਿਤੇ ਹੋਰ। ਕਿਤੇ ਉਹ ਪੈਦਲ ਚਲਦੇ ਸਨ, ਕਿਤੇ ਲੋਕ ਘੋੜੇ ਦਿੰਦੇ ਸਨ। ਤਿੰਨ ਚਾਰ ਅਕਾਲੀ ਜਵਾਨ ਆਪਣੇ ਜੋਸ਼ ਦੀ ਰੱਖਿਆ ਲਈ ਨੰਗੀ ਤਲਵਾਰ ਲਈ ਬਰਾਬਰ ਨਾਲ਼ ਰਹਿੰਦੇ ਸਨ। ਚਾਬੀਆਂ ਦੇ ਲਈ ਸੱਤਿਆਗ੍ਰਹਿ ਕਰੋ ਅਤੇ ਨਾਲ਼ ਹੀ ਅੰਗਰੇਜ਼ੀ ਸ਼ਾਸਨ ਦੀਆਂ ਸਾਰੀ 'ਕਰਤੂਤਾਂ ਦਾ ਕੱਚਾ ਚਿੱਠਾ'- ਇਹ ਸੀ ਜੋਸ਼ ਦੇ ਭਾਸ਼ਣਾਂ ਦਾ ਵਿਸ਼ਾ। ਅਜਨਾਲਾ ਵਿੱਚ ਬਹੁਤ ਸਾਰੇ ਅਕਾਲੀ ਨੇਤਾ ਫੜ ਲਏ ਗਏ ਸਨ। ਜੋਸ਼ ਨੂੰ ਪੁਲਿਸ ਲੱਭਦੀ ਰਹੀ, ਪਰ ਲੱਭ ਨਾ ਸਕੀ। ਅਖ਼ੀਰ ਵਿੱਚ ਸਰਕਾਰ ਨੂੰ ਝੁਕਣਾ ਪਿਆ, ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਾਂ ਵਿੱਚ ਦੇ ਦਿੱਤੀਆਂ ਗਈਆਂ, ਸਾਰੇ ਅਕਾਲੀ ਨੇਤਾ ਛੱਡ ਦਿੱਤੇ ਗਏ ਅਤੇ ਜੋਸ਼ ਉੱਤੋਂ ਵੀ ਵਾਰੰਟ ਹਟਾ ਲਿਆ (1921) ਗਿਆ।

ਜੋਸ਼ ਦੀਆਂ ਜੋਸ਼ੀਲੀਆਂ ਤਕਰੀਰਾਂ ਹੁਣ ਵੀ ਜਾਰੀ ਹਨ ਅਤੇ 1922 ਵਿੱਚ ਉਨ੍ਹਾਂ ਉੱਤੇ ਰਾਜਧ੍ਰੋਹ ਦੇ ਦੋ ਮੁਕੱਦਮੇ ਚਲਾਏ ਗਏ, ਜਿਨ੍ਹਾਂ ਦੇ ਲਈ ਛੇ-ਛੇ ਮਹੀਨੇ ਜੇਲ੍ਹ ਅਤੇ ਚਾਰ ਸੌ ਰੁਪਏ ਜੁਰਮਾਨੇ ਦੀ ਸਜ਼ਾ ਹੋਈ। ਜੇਲ੍ਹ ਵਿੱਚ ਕੈਦੀਆਂ ਨਾਲ਼ ਜਾਨਵਰਾਂ ਵਰਗਾ ਵਿਹਾਰ ਹੁੰਦਾ ਸੀ, ਉਸ ਨੂੰ ਵੇਖ ਕੇ ਜੋਸ਼ ਆਪਣੀ ਲੜਾਈ ਨੂੰ ਜੇਲ੍ਹ ਦੀ ਚਾਰਦੀਵਾਰੀ ਦੇ ਬਾਹਰ ਹੀ ਖ਼ਤਮ ਸਮਝਣ ਲਈ ਤਿਆਰ ਨਹੀਂ ਸੀ। ਉਨ੍ਹਾਂ ਨੇ ਆਪਣੇ ਨਾਲ਼ ਕੈਦੀਆਂ ਨੂੰ ਸੰਗਠਿਤ ਕਰਕੇ ਜੇਲ੍ਹ ਦੇ ਅੰਦਰ ਵੀ ਸੰਘਰਸ਼ ਸ਼ੁਰੂ ਕੀਤਾ ਅਤੇ ਉਸ ਲਈ ਜੇਲ੍ਹ ਅਧਿਕਾਰੀਆਂ ਨੇ ਆਪਣੇ ਤਰਕਸ਼ ਦੇ ਸਾਰੇ ਤੀਰਾਂ ਦੀ ਜ਼ੋਰ ਅਜਮਾਈ ਕੀਤੀ, ਹਰ ਤਰ੍ਹਾਂ ਦੀ ਸਜ਼ਾ ਦਿੱਤੀ- ਉਨ੍ਹਾਂ ਦੇ ਟਿਕਟ 'ਤੇ ਰਿੰਗਲੀਡਰ (ਆਗੂ) ਜਗ੍ਹਾ-ਜਗ੍ਹਾ ਲਿਖਿਆ ਹੋਇਆ ਸੀ। ਜੇਲ੍ਹ ਵਿੱਚ ਰਹਿੰਦੇ ਸਮੇਂ ਹੀ ਗੁਰੂ ਕੇ ਬਾਗ਼ ਦਾ ਮੋਰਚਾ ਚੱਲਿਆ, ਸਰਕਾਰ ਨੇ ਦਮਨ ਕਰਦੇ-ਕਰਦੇ ਹਾਰ ਕੇ ਸਿੱਖਾਂ ਦੀ ਮੰਗ ਨੂੰ ਮੰਨ ਲਿਆ।

ਜੇਲ੍ਹ ਤੋਂ ਬਾਹਰ ਆਉਣ ਮਗਰੋਂ ਜੋਸ਼ ਨੇ "ਸ਼੍ਰੋਮਣੀ ਅਕਾਲੀ ਦਲ" ਨਾਮ ਦੀ ਸਿੱਖ ਸਵੈਸੇਵਕ ਪਾਰਟੀ ਵਿੱਚ ਸ਼ਾਮਿਲ ਹੋ ਗਏ ਅਤੇ ਉਸ ਦੇ ਮੁੱਖ ਸਕੱਤਰ ਚੁਣੇ ਗਏ। ਜੋਸ਼ ਵਰਗਾ ਜੋਸ਼ੀਲਾ ਆਗੂ ਮਿਲ ਜਾਣ ਕਰਕੇ ਦਲ ਨੂੰ ਲਾਭ ਹੋਣਾ ਸੁਭਾਵਿਕ ਹੀ ਸੀ ਪਰ ਸਰਕਾਰ ਹੱਥ ਧੋ ਕੇ ਉਨ੍ਹਾਂ ਦੇ ਪਿੱਛੇ ਪਈ ਹੋਈ ਸੀ। ਮਹਾਰਾਜਾ ਨਾਭਾ ਇਸ ਸਮੇਂ ਗੱਦੀਓਂ ਲਾਹੇ ਗਏ ਸਨ ਅਤੇ ਸਿੱਖਾਂ ਵਿੱਚ ਇਸ ਦੇ ਲਈ ਜ਼ਬਰਦਸਤ ਅੰਦੋਲਨ ਹੋ ਰਿਹਾ ਸੀ। ਸਿੱਖ ਨੇਤਾਵਾਂ ਦੀ ਇਕ ਸਭਾ ਵਿੱਚ ਇਕ ਸਰਕਾਰ ਪ੍ਰਸਤ ਪ੍ਰੋਫ਼ੈਸਰ ਨੇ ਜੋਸ਼ ਵੱਲ ਇਸ਼ਾਰਾ ਕਰਕੇ ਕਿਹਾ ਸੀ ਕਿ ਕੁਝ ਲੋਕ ਹਨ ਜਿਨ੍ਹਾਂ ਨੂੰ ਪੰਥ ਅਤੇ ਮਹਾਰਾਜਾ ਨਾਭਾ ਨੂੰ ਗੱਦੀ 'ਤੇ ਬਿਠਾਉਣ ਨਾਲ਼ ਓਨਾ ਮਤਲਬ ਨਹੀਂ ਹੈ ਜਿੰਨਾ ਕਿ ਹਰ ਇਕ ਬਹਾਨੇ ਨਾਲ਼ ਅੰਗਰੇਜ਼ੀ ਸਰਕਾਰ ਨੂੰ ਸੱਟ ਮਾਰਨ ਦਾ। ਨਾਭਾ ਦੇ ਮਾਮਲੇ ਪੰਜਾਬ ਦੇ ਸੱਠ ਵੱਡੇ-ਵੱਡੇ ਅਕਾਲੀ ਨੇਤਾਵਾਂ ਨੂੰ ਗ੍ਰਿਫ਼ਤਾਰ ਕਰਕੇ ਸਰਕਾਰ ਨੇ ਸਾਜ਼ਿਸ਼ ਦਾ ਮੁਕੱਦਮਾ ਚਲਾਇਆ, ਇਨ੍ਹਾਂ ਸੱਠ ਨੇਤਾਵਾਂ ਵਿੱਚੋਂ ਇਕ ਸਰਦਾਰ ਸੋਹਣ ਸਿੰਘ ਜੋਸ਼ ਵੀ ਸਨ। ਮੁਕੱਦਮਾ 1923 ਤੋਂ 1926 ਤੱਕ ਚੱਲਦਾ ਰਿਹਾ। ਇਸ ਮੁਕੱਦਮੇ ਦੀਆਂ ਕਾਰਵਾਈਆਂ ਉਸ ਸਮੇਂ ਅਖ਼ਬਾਰਾਂ ਵਿੱਚ ਬਹੁਤ ਛਪਦੀਆਂ ਸਨ, ਰਾਸ਼ਟਰੀ ਅਖ਼ਬਾਰ ਇਸ ਵਿੱਚ ਖ਼ਾਸ ਤੌਰ 'ਤੇ ਦਿਲਚਸਪੀ ਲੈਂਦੇ ਸਨ। ਦੂਜੇ ਅਕਾਲੀ ਨੇਤਾਵਾਂ ਵਿੱਚੋਂ ਬਹੁਤਿਆਂ ਨੇ ਤਾਂ ਉਸ ਸਮੇਂ ਸਰਕਾਰ ਦੇ ਨਾਲ਼ ਸਮਝੌਤਾ ਕਰ ਲਿਆ, ਜਦੋਂ ਕਿ ਸਰਕਾਰ ਨੇ ਗੁਰਦੁਆਰਾ ਕਾਨੂੰਨ ਬਣਾ ਕੇ ਸਿੱਖ ਮੰਦਰਾਂ ਅਤੇ ਧਰਮਸ਼ਾਲਾਵਾਂ ਉੱਤੇ ਮਹੰਤਾਂ ਦੇ ਨਿਜੀ ਅਧਿਕਾਰ ਦੀ ਬਜਾਇ ਸਿੱਖ ਲੋਕਾਂ ਦਾ ਅਧਿਕਾਰ ਸਵੀਕਾਰ ਕਰ ਲਿਆ, ਪਰ ਜੋਸ਼ ਦੇ ਲਈ ਆਪਣੇ ਰਾਜਨੀਤਿਕ ਜੀਵਨ ਅਤੇ ਪ੍ਰੋਗਰਾਮ ਦੀ ਇਹ ਹਾਲੇ ਸ਼ੁਰੂਆਤ ਹੀ ਸੀ। ਉੱਥੇ ਜੇਲ੍ਹ ਵਿੱਚ ਹੀ ਉਨ੍ਹਾਂ ਨੂੰ ਇਕ ਅਮਰੀਕੀ ਲੇਖਕ ਦੀ 'ਸੁਤੰਤਰਤਾ ਅਤੇ ਉਸ ਦੇ ਝੰਡਾਬਰਦਾਰ' (:ਜਲਕਗਵਖ ਖ਼ਅਦ7ਗਕ :ਜਲਕਗਵ ਪੜ੍ਹਨ ਦਾ ਮੌਕਾ ਮਿਲਿਆ। ਇਸ ਪੁਸਤਕ ਨੇ ਜੋਸ਼ ਦੇ ਜੀਵਨ 'ਤੇ ਬਹੁਤ ਡੂੰਘਾ ਅਸਰ ਕੀਤਾ। ਹੁਣ ਤੱਕ ਜੋ ਉਨ੍ਹਾਂ ਦੀ ਦੁਨੀਆ ਕੁਝ ਸਿੱਖਾਂ ਤੱਕ ਹੀ ਸੀਮਿਤ ਸੀ, ਹੁਣ ਉਹ ਧਰਮ ਦੇ ਖੇਤਰ ਰਾਹੀਂ ਬਾਹਰ ਹੋਈ। ਹੁਣ ਉਹ ਪੂਰਨ ਰੂਪ ਵਿੱਚ ਕਾਂਗਰਸ ਦੇ ਸਮਰਥਕ ਬਣ ਗਏ ਅਤੇ ਨਾਲ਼ ਹੀ ਗ਼ਰੀਬੀ ਜੀਵਨ ਦੇ ਅਨੁਭਵ ਨੇ ਉਨ੍ਹਾਂ ਨੂੰ ਇਹ ਵੀ ਦੱਸਿਆ, ਕਿ ਅਸਲੀ ਆਜ਼ਾਦੀ ਉਹੀ ਹੈ ਜਿਸ ਵਿੱਚ ਲੋਕ ਗ਼ਰੀਬੀ ਵਿੱਚ ਨਾ ਰਹਿਣ।

1926 ਵਿੱਚ ਸਰਕਾਰ ਨੇ ਸਾਜ਼ਿਸ਼ ਦਾ ਮੁਕੱਦਮਾ ਹਟਾ ਲਿਆ ਅਤੇ ਉਹ ਤਿੰਨ ਸਾਲ ਜੇਲ੍ਹ ਵਿੱਚ ਰਹਿਣ ਮਗਰੋਂ ਬਾਹਰ ਨਿਕਲੇ। ਅੰਮ੍ਰਿਤਸਰ ਵਿੱਚ ਉਨ੍ਹਾਂ ਨੇ ਕਾਂਗਰਸ ਦਾ ਕੰਮ ਸ਼ੁਰੂ ਕੀਤਾ। ਉਸ ਸਮੇਂ ਅੰਮ੍ਰਿਤਸਰ ਤੋਂ ਪੰਜਾਬੀ ਭਾਸ਼ਾ ਵਿੱਚ ਕਿਸਾਨ ਮਜ਼ਦੂਰਾਂ ਦਾ ਸਮਰਥਕ "ਕਿਰਤੀ" ਰਸਾਲਾ ਨਿਕਲਦਾ ਸੀ। ਸਰਦਾਰ ਸੰਤੋਖ ਸਿੰਘ ਦੇ ਕਹਿਣ 'ਤੇ ਇਸ ਦੀ ਸੰਪਾਦਨਾ ਦਾ ਭਾਰ ਜੋਸ਼ ਨੇ ਆਪਣੇ ਉੱਤੇ ਲੈ ਲਿਆ। ਉਨ੍ਹਾਂ ਦੇ ਸੰਪਾਦਕੀ ਸਮੇਂ "ਕਿਰਤੀ" ਦੀ ਚੰਗੀ ਤਰੱਕੀ ਹੋਈ, ਉਸ ਦਾ ਇਕ ਉਰਦੂ ਸੰਸਕਰਣ ਵੀ ਨਿਕਲਣ ਲੱਗਾ, ਜਿਸ ਲਈ ਜੋਸ਼ ਨੇ ਪਸ਼ੌਰ ਸਾਜ਼ਿਸ਼ ਕੇਸ ਦੀ ਪੈਰਵੀ ਕਰ ਰਹੇ ਕਾਮਰੇਡ ਫ਼ਿਰੋਜ਼ ਮੰਸੂਰ ਨੂੰ ਸੱਦ ਲਿਆ।

ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਅਤੇ ਸਮਾਜਵਾਦ ਉੱਤੇ ਕਦੇ-ਕਦਾਈਂ ਕੋਈ ਕਿਤਾਬ ਬਾਹਰੋਂ ਆ ਜਾਂਦੀ ਸੀ, ਪਰ ਉਸ ਤੋਂ ਵੱਧ ਜੋਸ਼ ਆਪਣੇ ਤਜਰਬੇ ਨਾਲ਼ ਇਸ ਨਤੀਜੇ 'ਤੇ ਪਹੁੰਚੇ ਸਨ ਕਿ ਬਿਨਾਂ ਸਮਾਜਵਾਦ ਦੇ, ਬਿਨਾਂ ਰੂਸ ਜਿਹੇ ਕਿਸਾਨ-ਮਜ਼ਦੂਰ ਰਾਜ ਦੇ, ਭਾਰਤ ਦੀ ਗ਼ਰੀਬੀ ਦੂਰ ਨਹੀਂ ਹੋ ਸਕਦੀ। ਪੰਜਾਬ ਦੀ ਨੌਜਵਾਨ ਭਾਰਤ ਸਭਾ ਕੇ ਉਹ ਮੁੱਖ ਥੰਮ੍ਹ ਸਨ ਅਤੇ ਸਰਦਾਰ ਭਗਤ ਸਿੰਘ ਨੇ ਛੇ ਮਹੀਨੇ ਤੱਕ ਜੋਸ਼ ਦੇ ਰਸਾਲੇ ਵਿੱਚ ਕੰਮ ਕੀਤਾ ਸੀ। ਪੰਜਾਬ ਦੇ ਦੂਸਰੇ ਨੌਜਵਾਨ ਭਾਰਤ ਸੰਮੇਲਨ ਦੇ ਮੁੱਖ ਪ੍ਰਬੰਧਕ ਵੀ ਜੋਸ਼ ਹੀ ਬਣੇ ਸਨ।

1928 ਤੱਕ ਭਾਰਤ ਦੇ ਕਿੰਨੇ ਹੀ ਰਾਜਾਂ ਵਿੱਚ ਮਜ਼ਦੂਰ-ਕਿਸਾਨ ਰਾਜ ਦੇ ਹਮਾਇਤੀ ਤਿਆਰ ਹੋ ਗਏ ਸਨ, ਉਹ ਬੰਬਈ ਅਤੇ ਕਲਕੱਤੇ ਵਿੱਚ ਮਜ਼ਦੂਰਾਂ ਵਿੱਚ ਕੰਮ ਵੀ ਕਰਨ ਲੱਗੇ ਸਨ। ਇਸ ਕੰਮ ਦੇ ਲਈ ਬ੍ਰਾਡਲੇ ਆਦਿ ਤਿੰਨ ਅੰਗਰੇਜ਼ ਮਾਰਕਸਵਾਦੀ ਵੀ ਭਾਰਤ ਵਿੱਚ ਆ ਕੇ ਕੰਮ ਕਰ ਰਹੇ ਸਨ। ਬੰਬਈ ਵਿੱਚ ਮਜ਼ਦੂਰ-ਕਿਸਾਨ ਪਾਰਟੀ ਸਥਾਪਿਤ ਹੋਈ, ਇਸ ਖ਼ਬਰ ਨੂੰ ਸੁਣਦੇ ਹੀ ਜੋਸ਼ ਨੇ ਵੀ ਪੰਜਾਬ ਵਿੱਚ ਮਜ਼ਦੂਰ-ਕਿਸਾਨ ਪਾਰਟੀ ਕਾਇਮ ਕਰ ਲਈ। ਇਨ੍ਹਾਂ ਲੋਕਾਂ ਨੇ 1928 ਦੀ ਸਿਆਲ ਦੀ ਰੁੱਤ ਵਿੱਚ ਮੇਰਠ ਆ ਕੇ ਮਜ਼ਦੂਰ-ਕਿਸਾਨ ਪਾਰਟੀ ਦੀ ਸਥਾਪਨਾ ਕੀਤੀ, ਜਿਸ ਵਿੱਚ ਬੰਬਈ, ਬੰਗਾਲ, ਪੰਜਾਬ ਅਤੇ ਸੰਯੁਕਤ ਰਾਜ ਦੇ ਮਾਰਕਸਵਾਦੀ ਇਕੱਠੇ ਹੋਏ ਸਨ, ਜੋਸ਼ ਵੀ ਇਸ ਵਿੱਚ ਸ਼ਾਮਿਲ ਹੋਏ। ਇੱਥੇ ਹੀ ਸਰਬ ਭਾਰਤੀ ਮਜ਼ਦੂਰ-ਕਿਸਾਨ ਪਾਰਟੀ ਦੀ ਸਥਾਪਨਾ ਹੋਈ ਅਤੇ ਦਸੰਬਰ (1928) ਵਿੱਚ ਕਲਕੱਤਾ ਕਾਂਗਰਸ ਦੇ ਸਮੇਂ ਪਾਰਟੀ ਦਾ ਸਾਲਾਨਾ ਇਜਲਾਸ ਕਰਨਾ ਤੈਅ ਹੋਇਆ, ਜਿਸ ਦੇ ਲਈ ਜੋਸ਼ ਸਭਾਪਤੀ ਚੁਣੇ ਗਏ। ਮੇਰਠ ਵਿੱਚ ਜੋ ਲੋਕ ਸ਼ਾਮਿਲ ਹੋਏ ਸਨ, ਉਹ ਸਾਰੇ ਕਮਿਊਨਿਸਟ ਪਾਰਟੀ ਨਾਲ਼ ਸੰਬੰਧ ਰੱਖਦੇ ਸਨ। ਉੱਥੇ ਹੀ ਜੋਸ਼ ਕਮਿਊਨਿਸਟ ਪਾਰਟੀ ਦੇ ਮੈਂਬਰ ਬਣੇ।

ਕਲਕੱਤੇ ਵਿੱਚ ਇਕੱਠੇ ਹੋ ਕੇ ਜੋਸ਼, ਮੁਜ਼ੱਫ਼ਰ ਅਹਿਮਦ, ਮਿਰਜਕਰ- ਆਦਿ ਨੇ ਮਿਲ ਕੇ ਭਾਰਤ ਵਿੱਚ ਮਜ਼ਦੂਰ-ਕਿਸਾਨ ਪਾਰਟੀ ਦੇ ਕੰਮ ਦੀ ਯੋਜਨਾ ਬਣਾਈ, ਪਰ ਸਰਕਾਰ ਹੁਣ ਹੋਰ ਕਮਿਊਨਿਜ਼ਮ ਨੂੰ ਬਰਦਾਸ਼ਤ ਕਰਨ ਦੇ ਲਈ ਤਿਆਰ ਨਹੀਂ ਸੀ। ਉਹ ਸਮਾਂ ਹੁਣ ਗੁਜ਼ਰ ਚੁੱਕਿਆ ਸੀ, ਜਦੋਂ ਵੱਡੇ-ਵੱਡੇ ਸਰਕਾਰੀ ਅਫ਼ਸਰ, ਜੇਲ੍ਹ ਸੁਪਰਡੈਂਟ ਅਤੇ ਜ਼ਿਲਾ ਮੈਜਿਸਟਰੇਟ- ਆਤੰਕਵਾਦ ਨੂੰ ਹਟਾਉਣ ਲਈ ਨੌਜਵਾਨਾਂ ਨੂੰ ਕਮਿਊਨਿਜ਼ਮ ਦੀਆਂ ਪੁਸਤਕਾਂ ਦਿੰਦੇ ਸਨ। ਬੰਬਈ, ਕਲਕੱਤਾ, ਲਲੂਆ ਆਦਿ ਦੀਆਂ ਵੱਡੀਆਂ-ਵੱਡੀਆਂ ਹੜਤਾਲਾਂ ਨੇ ਅੰਗਰੇਜ਼ ਝੋਲੀਚੁੱਕਾਂ ਦੀਆਂ ਜੇਬਾਂ ਵਿੱਚ ਜਾਣ ਵਾਲੇ ਕਰੋੜਾਂ ਰੁਪਈਆਂ ਨੂੰ ਬਰਬਾਦ ਕਰਕੇ ਉਨ੍ਹਾਂ ਦੇ ਦਿਲਾਂ 'ਤੇ ਸੱਟ ਮਾਰੀ ਸੀ। ਜਿੱਥੇ ਝੋਲੀਚੁੱਕਾਂ ਨੂੰ ਸੇਕ ਲੱਗਾ, ਫਿਰ ਉਨ੍ਹਾਂ ਦੇ ਦਲਾਲ ਕਿਵੇਂ ਚੁੱਪ ਰਹਿ ਸਕਦੇ ਸਨ? ਭਾਰਤੀ ਸਰਕਾਰ ਨੇ ਕਮਿਊਨਿਜ਼ਮ ਦੇ ਨਾਮ 'ਤੇ ਜਿਹਾਦ ਛੇੜ ਦਿੱਤਾ ਅਤੇ ਭਾਰਤ ਦੇ ਕੋਨੇ-ਕੋਨੇ ਤੋਂ 26 ਮਾਰਕਸਵਾਦੀ ਕਮਿਊਨਿਸਟ ਹੋਣ ਦੇ ਇਲਜ਼ਾਮ ਵਿੱਚ ਫੜ ਲਏ ਗਏ। ਇਸੇ ਤਹਿਤ 20 ਮਾਰਚ (1926) ਨੂੰ ਜੋਸ਼ ਨੂੰ ਵੀ ਗ੍ਰਿਫ਼ਤਾਰ ਕਰਕੇ ਮੇਰਠ ਪਹੁੰਚਾਇਆ। ਫਿਰ ਤਿੰਨ ਸਾਲਾਂ ਤੱਕ ਲੱਖਾਂ ਰੁਪਏ 'ਤੇ ਪਾਣੀ ਫੇਰ ਕੇ ਚੱਲਣ ਵਾਲਾ ਕਮਿਊਨਿਸਟ ਸਾਜ਼ਿਸ਼ ਕੇਸ ਚੱਲਦਾ ਰਿਹਾ। ਜੋਸ਼ ਹੁਣ ਤੱਕ ਬਹੁਤ ਘੱਟ ਕਮਿਊਨਿਜ਼ਮ ਨੂੰ ਸਮਝ ਸਕੇ ਸਨ, ਮੇਰਠ ਵਿੱਚ ਸਰਕਾਰ ਦੀ ਕਿਰਪਾ ਨਾਲ਼ ਅੰਗਰੇਜ਼ੀ ਵਿੱਚ ਛਪੀ ਭਾਰਤ ਜਾਂ ਭਾਰਤ ਦੇ ਬਾਹਰ ਦੀਆਂ ਕਮਿਊਨਿਸਟ ਕਿਤਾਬਾਂ ਦੀ ਇਕ ਵੱਡੀ ਲਾਇਬ੍ਰੇਰੀ ਮਿਲ ਗਈ ਅਤੇ ਨਾਲ਼ ਹੀ ਮਾਰਕਸਵਾਦ ਦੇ ਮਾਹਰ ਵਿਦਵਾਨ ਵੀ। ਜੋਸ਼ ਨੇ ਇਸ ਤੋਂ ਪੂਰਾ ਫ਼ਾਇਦਾ ਚੁੱਕਿਆ। ਮੇਰਠ ਵਿੱਚ ਜੋਸ਼ ਨੂੰ ਸੱਤ ਸਾਲ ਦੀ ਸਜ਼ਾ ਹੋਈ, ਪਰ ਹਾਈਕੋਰਟ ਨੇ ਜੇਲ੍ਹ ਵਿੱਚ ਕੱਟੇ ਸਮੇਂ ਦੇ ਇਲਾਵਾ ਇਕ ਸਾਲ ਹੋਰ ਰਹਿਣ ਦਿੱਤਾ।

ਨਵੰਬਰ 1933 ਵਿੱਚ ਜੇਲ੍ਹ ਤੋਂ ਛੁੱਟ ਕੇ ਜੋਸ਼ ਪੰਜਾਬ ਪਹੁੰਚਿਆਂ ਅਤੇ ਦੂਣੇ ਉਤਸ਼ਾਹ ਦੇ ਨਾਲ਼ ਕੰਮ ਵਿੱਚ ਲੱਗ ਗਿਆ। ਨੌਜਵਾਨਾਂ ਅਤੇ ਕਿਸਾਨਾਂ ਵਿੱਚ ਉਨ੍ਹਾਂ ਦੇ ਵਧਦੇ ਹੋਏ ਕੰਮ ਨੂੰ ਵੇਖ ਕੇ ਗੋਰੇ ਅਖ਼ਬਾਰਾਂ ਨੇ ਜੋਸ਼ ਨੂੰ ਦਬਾਉਣ ਦੇ ਲਈ ਜ਼ੋਰ ਲਾਉਣਾ ਸ਼ੁਰੂ ਕੀਤਾ। ਸਰਕਾਰ ਨੇ ਉਨ੍ਹਾਂ ਦੀਆਂ ਕਿੰਨੀਆਂ ਹੀ ਸੰਸਥਾਵਾਂ ਨੂੰ ਗ਼ੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ। ਜੋਸ਼ ਨੇ ਵੀ ਉਨ੍ਹਾਂ ਨੂੰ ਤੋੜ ਦਿੱਤਾ ਅਤੇ ਕਿਸਾਨਾਂ ਦੇ ਕਰਜ਼ਿਆਂ ਨੂੰ ਛੁੜਾਉਣ ਦੇ ਲਈ ਕਰਜ਼-ਕਮੇਟੀਆਂ ਸਥਾਪਿਤ ਕਰਨੀਆਂ ਸ਼ੁਰੂ ਕੀਤੀਆਂ। 1934 ਵਿੱਚ ਜਦੋਂ ਕਾਂਗਰਸ ਸੋਸ਼ਲਿਸਟ ਪਾਰਟੀ ਕਾਇਮ ਹੋਈ ਤਾਂ ਜੋਸ਼ ਉਸ ਵਿੱਚ ਸ਼ਾਮਿਲ ਹੋ ਗਏ। 1935-36 ਵਿੱਚ ਉਨ੍ਹਾਂ ਨੇ ਪੰਜਾਬੀ ਵਿੱਚ "ਪ੍ਰਭਾਤ" ਨਾਮ ਹੇਠ ਇਕ ਸਾਹਿਤਕ ਰਸਾਲਾ ਕੱਢਿਆ ਜੋ ਸਾਲ ਭਰ ਚੱਲਿਆ ਅਤੇ ਸਾਹਿਤ ਵਿੱਚ ਉਸ ਨੇ ਇਕ ਉੱਚਾ ਮੁਕਾਮ ਹਾਸਿਲ ਕੀਤਾ। ਜੋਸ਼ ਖ਼ੁਦ ਉਰਦੂ ਅਤੇ ਪੰਜਾਬੀ ਦੇ ਲੇਖਕ ਹਨ ਅਤੇ ਮੇਰਠ ਵਿੱਚ ਰਹਿ ਕੇ ਬੰਗਲਾ ਅਤੇ ਮਰਾਠੀ ਦਾ ਅਧਿਐਨ ਕੀਤਾ ਸੀ। ਜਿਸ ਨਾਲ਼ ਪੰਜਾਬੀ ਪਾਠਕਾਂ ਨੂੰ ਬਹੁਤ ਫ਼ਾਇਦਾ ਹੋਇਆ।

ਹੁਣ (1937) ਵਿੱਚ ਅਸੈਂਬਲੀ ਚੋਣਾਂ ਆ ਗਈਆਂ। ਜੋਸ਼ ਦੀ ਪਾਰਟੀ ਨੇ ਹੁਕਮ ਦਿੱਤਾ ਕਿ ਉਨ੍ਹਾਂ ਨੂੰ ਸਿੱਧੇ ਕਮਿਊਨਿਸਟ ਨਾਮ ਨਾਲ਼ ਹੀ ਖੜ੍ਹਾ ਹੋਣਾ ਚਾਹੀਦਾ ਹੈ। ਜੋਸ਼ ਨੇ ਅਜਿਹਾ ਹੀ ਕੀਤਾ। ਉਨ੍ਹਾਂ ਦੇ ਮੁਕਾਬਲੇ 'ਤੇ ਖੜ੍ਹਾ ਹੋਇਆ ਸੀ, ਰਾਜਾਸਾਂਸੀ ਦਾ ਇਕ ਵੱਡਾ ਜਾਗੀਰਦਾਰ ਅਤੇ ਪੂੰਜੀਪਤੀ। "ਕਮਿਊਨਿਸਟ ਅਤੇ ਨਾਸਤਕ" ਆਖ ਕੇ ਲੋਕਾਂ ਵਿੱਚ ਬਹੁਤ ਭੰਡਿਆ ਗਿਆ। ਪਰ ਜੋਸ਼ ਸਤਾਰਾਂ ਸਾਲਾਂ ਤੋਂ ਲੋਕਾਂ ਦੀ ਸੇਵਾ ਕਰਦੇ ਆ ਰਹੇ ਸਨ, ਅੰਮ੍ਰਿਤਸਰ ਦੇ ਪਿੰਡ-ਪਿੰਡ ਦੇ ਲੋਕ ਉਨ੍ਹਾਂ ਦੇ ਤਿਆਗ ਅਤੇ ਸਾਧਨਾ ਨੂੰ ਜਾਣਦੇ ਸਨ। ਜੋਸ਼ ਨੇ ਸਾਫ਼ ਕਿਹਾ ਕਿ ਮੈਂ ਕਮਿਊਨਿਸਟ ਹਾਂ, ਮੈਂ ਮਜ਼ਦੂਰ ਕਿਸਾਨ ਰਾਜ ਕਾਇਮ ਕਰਨਾ ਚਾਹੁੰਦਾ ਹਾਂ ਅਤੇ ਇਹ ਵੀ ਕਿ ਮੇਰੇ ਕੌਂਸਲ ਵਿੱਚ ਜਾਣ ਨਾਲ਼ ਤਟ-ਫਟ ਤੁਹਾਡੀਆਂ ਮੁਸ਼ਕਿਲਾਂ ਦੂਰ ਨਹੀਂ ਹੋਣਗੀਆਂ, ਹਾਂ ਸਾਡੀ ਪਾਰਟੀ ਚਾਹੁੰਦੀ ਹੈ ਕਿ ਅਸੈਂਬਲੀ ਦੇ ਮੰਚ ਨੂੰ ਵੀ ਆਪਣੀ ਲੜਾਈ ਦਾ ਇਕ ਮੋਰਚਾ ਬਣਾਇਆ ਜਾਵੇ ਅਤੇ ਉੱਥੇ ਕਿਸਾਨਾਂ ਦੇ ਹਿੱਤਾਂ ਨੂੰ ਸਾਹਮਣੇ ਰੱਖ ਕੇ ਦੂਜੇ ਸਵਾਰਥੀ ਲੋਕਾਂ ਦਾ ਭਾਂਡਾ ਭੰਨਿਆ ਜਾਵੇ। ਧਰਮ ਦੇ ਪੈਰੋਕਾਰ ਸਿਰ ਫੜ ਕੇ ਰਹਿ ਗਏ, ਪਰ ਬੋਲਸ਼ੇਵਿਕ ਜੋਸ਼ ਦੇ ਸਾਹਮਣੇ ਉਨ੍ਹਾਂ ਦੀ ਇਕ ਨਾ ਚੱਲੀ ਅਤੇ ਜੇ ਦੋ ਸੌ ਵੋਟ ਹੋਰ ਘੱਟ ਮਿਲੇ ਹੁੰਦੇ, ਤਾਂ ਜਨਾਬ ਦੀ ਜ਼ਮਾਨਤ ਜ਼ਬਤ ਹੋ ਗਈ ਹੁੰਦੀ। ਉੱਤਰੀ ਅੰਮ੍ਰਿਤਸਰ ਤੋਂ ਜੋਸ਼ ਅਸੈਂਬਲੀ ਦੇ ਮੈਂਬਰ ਚੁਣੇ ਗਏ।

ਜੋਸ਼ ਦਾ ਜੀਵਨ ਲਗਭਗ ਇਕ ਫ਼ੌਜੀ ਜੀਵਨ ਵਰਗਾ ਹੀ ਰਿਹਾ ਹੈ। ਅੰਮ੍ਰਿਤਸਰ ਦੇ ਕਿਸਾਨਾਂ ਦਾ ਸੱਤਿਆਗ੍ਰਹਿ 1938 ਵਿੱਚ ਹੋਇਆ, ਉਸ ਸਮੇਂ ਉੱਥੇ ਉਹ ਮੌਜੂਦ ਸਨ। 1936 ਵਿੱਚ ਲਾਹੌਰ ਵਿੱਚ ਕਿਸਾਨਾਂ ਦੇ ਅੰਦੋਲਨ ਸਮੇਂ ਉਹ ਆਗੂ ਸਨ ਅਤੇ ਇਸ ਸਾਲ ਉਹ ਪੰਜਾਬ ਰਾਜ ਕਾਂਗਰਸ ਕਮੇਟੀ ਦੇ ਸਕੱਤਰ ਚੁਣੇ ਗਏ। ਅਸੈਂਬਲੀ ਵਿੱਚ ਪੰਜਾਬ ਦੇ ਅਮੀਰਾਂ ਅਤੇ ਝੋਲੀਚੁੱਕਾਂ ਦੀ ਸਰਕਾਰ ਜੋਸ਼ ਦੇ ਨਾਮ ਤੋਂ ਖ਼ਾਰ ਖਾਂਦੀ ਸੀ। ਜੋਸ਼ ਨੇ ਆਪਣੇ ਭਾਸ਼ਣਾਂ ਵਿੱਚ ਸਮੇਂ-ਸਮੇਂ 'ਤੇ ਬਹੁਤ ਦੱਸਿਆ ਹੈ ਕਿ ਕਿਸਾਨਾਂ (ਜ਼ਿਮੀਂਦਾਰਾਂ) ਦੀਆਂ ਵੋਟਾਂ ਨਾਲ਼ ਚੁਣੇ ਗਏ ਇਹ ਯੂਨੀਅਨਿਸਟ ਕਿਸ ਤਰ੍ਹਾਂ ਉਨ੍ਹਾਂ ਦਾ ਗਲ ਘੁੱਟ ਰਹੇ ਹਨ। ਜੂਨ 1940 ਵਿੱਚ ਜੋਸ਼ ਨੂੰ ਉਸ ਦੇ ਬਹੁਤ ਸਾਰੇ ਸਾਥੀਆਂ ਸਮੇਤ ਫੜ ਕੇ ਪੰਜਾਬ ਸਰਕਾਰ ਵੱਲੋਂ ਨਜ਼ਰਬੰਦ ਕਰ ਦਿੱਤਾ ਗਿਆ। ਫ਼ਤਿਹਗੜ੍ਹ, ਦੇਵਲੀ, ਗੁਜਰਾਤ ਦੀਆਂ ਜੇਲ੍ਹਾਂ ਵਿੱਚ ਦੋ ਸਾਲ ਤੱਕ ਸਜ਼ਾ ਕੱਟ ਕੇ ਪਹਿਲੀ ਮਈ (1942) ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਅੱਜ ਵੀ ਜੋਸ਼ ਦੇ ਅਣਗਿਣਤ ਸਾਥੀ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਜ਼ਬਰਦਸਤ ਫਾਸਿਸਟ ਵਿਰੋਧੀ ਕਾਰਕੁੰਨਾਂ ਅਤੇ ਨੇਤਾਵਾਂ ਨੂੰ ਪੰਜਾਬ ਸਰਕਾਰ ਜੇਲ੍ਹ ਵਿੱਚ ਰੱਖਣਾ ਚਾਹੁੰਦੀ ਹੈ, ਉਹ ਆਪਣੇ ਮਾਲਕਾਂ ਵਾਂਗ ਫਾਸਿਸਟਾਂ ਉੱਤੇ ਜਿੱਤ ਪ੍ਰਾਪਤ ਕਰਨ ਨੂੰ ਓਨਾ ਮਹੱਤਵ ਨਹੀਂ ਦਿੰਦੀ, ਜਿੰਨਾ ਕਿ ਆਪਣੇ ਸਵਾਰਥਾਂ ਦੇ ਵਿਰੋਧੀਆਂ ਨੂੰ ਕੁਚਲਣ ਵਿੱਚ।

ਪਰ ਪੰਜਾਬ ਬਹੁਤ ਤੇਜ਼ੀ ਨਾਲ਼ ਅੱਗੇ ਵੱਧ ਰਿਹਾ ਹੈ। ਜੋਸ਼ ਅਤੇ ਉਨ੍ਹਾਂ ਦੇ ਸੱਤਰ-ਸੱਤਰ ਸਾਲ ਦੇ ਬੁੱਢੇ ਕ੍ਰਾਂਤੀਕਾਰੀਆਂ, ਜਿਨ੍ਹਾਂ ਨੇ ਜਵਾਨੀ ਤੋਂ ਹੀ ਆਪਣੀ ਸਾਰੀ ਉਮਰ ਦੇਸ਼ ਦੇ ਲਈ ਤਕਲੀਫ਼ਾਂ ਝੱਲਣ ਦੇ ਲਈ ਗੁਜ਼ਾਰ ਦਿੱਤੀ ਅਤੇ ਹੁਣ ਵੀ ਜੋ ਲੋਕ ਜੇਲ੍ਹਾਂ ਵਿੱਚ ਸੜ ਰਹੇ ਹਨ, ਦੀਆਂ ਕੁਰਬਾਨੀਆਂ ਬੇਕਾਰ ਨਹੀਂ ਜਾ ਰਹੀਆਂ। ਜੋਸ਼ ਅੱਜ ਸੂਬਾਈ ਕਮਿਊਨਿਸਟ ਪਾਰਟੀ ਦੇ ਕਾਰਜਸ਼ੀਲ ਸਕੱਤਰ ਹਨ ਅਤੇ ਉਨ੍ਹਾਂ ਦਾ ਜੋਸ਼ 23 ਸਾਲ ਪਹਿਲਾਂ ਦੇ ਜੋਸ਼ ਨਾਲੋਂ ਜ਼ਰਾ ਜਿੰਨਾ ਵੀ ਠੰਡਾ ਨਹੀਂ ਪਿਆ ਹੈ।

**- ਅਨੁਵਾਦ : ਪਵਨ ਟਿੱਬਾ**

17-Sep-PAGE-4.qxd 9/16/2025 10:50 PM Page 1

ਨਵਾਂ ਜ਼ਮਾਨਾ
ਬੁੱਧਵਾਰ 17 ਸਤੰਬਰ 2025

# ਫੁਰਤੀ

*'ਵਨਤਾਰਾ' ਮਾਮਲੇ ਦਾ ਫੈਸਲਾ ਕਰਨ ਵਿੱਚ ਸੁਪਰੀਮ ਕੋਰਟ ਨੇ ਜਿੰਨੀ ਫੁਰਤੀ ਦਿਖਾਈ ਹੈ, ਜੇ ਅਦਾਲਤਾਂ ਓਨੀ ਫੁਰਤੀ ਹੋਰਨਾਂ ਮਾਮਲਿਆਂ ਵਿੱਚ ਦਿਖਾਉਣ ਤਾਂ ਲੋਕਾਂ ਦਾ ਦੇਸ਼ ਦੀ ਨਿਆਂ ਪ੍ਰਣਾਲੀ 'ਤੇ ਭਰੋਸਾ ਵਧ ਸਕਦਾ ਹੈ। ਵਨਤਾਰਾ ਰਿਲਾਇੰਸ ਦੀ ਮਾਲਕੀ ਵਾਲਾ ਗੁਜਰਾਤ ਦੇ ਜਾਮਨਗਰ ਸਥਿਤ ਚਿੜੀਆਘਰ ਤੇ ਪੁਨਰਵਾਸ ਕੇਂਦਰ ਹੈ। 14 ਅਗਸਤ ਨੂੰ ਸੁਪਰੀਮ ਕੋਰਟ ਵਿੱਚ ਦੋ ਪਟੀਸ਼ਨਾਂ ਦਾਇਰ ਕਰਕੇ ਦੋਸ਼ ਲਾਇਆ ਗਿਆ ਸੀ ਕਿ ਵਨਤਾਰਾ ਕੌਮਾਂਤਰੀ ਪੱਧਰ 'ਤੇ ਗੈਰਕਾਨੂੰਨੀ ਤੌਰ 'ਤੇ ਫੜੇ ਗਏ ਜਾਨਵਰਾਂ ਨੂੰ ਹਾਸਲ ਕਰਦਾ ਹੈ। ਪਟੀਸ਼ਨਾਂ ਵਿੱਚ ਮਨੀਲਾਂਡਰਿੰਗ ਤੇ ਹੋਰ ਦੋਸ਼ ਵੀ ਲਾਏ ਗਏ ਸਨ। ਇੱਕ ਪਟੀਸ਼ਨ ਵਿੱਚ 2020 ਤੋਂ ਵਨਤਾਰਾ ਦੇ ਸੰਚਾਲਨ ਦੀ ਜਾਂਚ ਦੀ ਮੰਗ ਕੀਤੀ ਗਈ। ਇਸ ਮੰਗ ਵਿੱਚ ਕਿਹਾ ਗਿਆ ਕਿ ਜੀਵ-ਜੰਤੂਆਂ ਤੇ ਵਨਸਪਤੀਆਂ ਦੀਆਂ ਖਤਮ ਹੋ ਰਹੀਆਂ ਨਸਲਾਂ ਦੇ ਕੌਮਾਂਤਰੀ ਵਪਾਰ ਬਾਰੇ ਕਨਵੈਨਸ਼ਨ ਤਹਿਤ ਵਨਤਾਰਾ ਨੂੰ ਪਰਮਿਟ ਦੇਣ ਕਾਰਨ ਕਈ ਮਹਾਂਦੀਪਾਂ ਤੋਂ ਸੈਂਕੜੇ ਵਿਦੇਸ਼ੀ ਨਸਲਾਂ ਦੀ ਦਰਾਮਦ ਸੰਭਵ ਹੋਈ। ਕਈ ਖੋਜੀ ਅਖਬਾਰੀ ਰਿਪੋਰਟਾਂ ਨੇ ਇਹ ਗੱਲ ਸਾਹਮਣੇ ਲਿਆਂਦੀ ਕਿ ਵਿਦੇਸ਼ੀ ਜੰਗਲੀ ਜੀਵਾਂ ਦੀ ਖਰੀਦ ਨਾਲ ਦੁਨੀਆ-ਭਰ ਵਿੱਚ ਜੰਗਲੀ ਜੀਵਾਂ ਦਾ ਗੈਰਕਾਨੂੰਨੀ ਵਪਾਰ ਵਧਿਆ ਹੋਵੇਗਾ। ਸੁਪਰੀਮ ਕੋਰਟ ਨੇ ਇਸ ਦੀ ਜਾਂਚ ਲਈ 25 ਅਗਸਤ ਨੂੰ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾ ਦਿੱਤੀ। ਟੀਮ ਨੇ 4 ਤੋਂ 6 ਸਤੰਬਰ ਤੱਕ ਵਨਤਾਰਾ ਦਾ ਦੌਰਾ ਕੀਤਾ। ਉਸ ਨੇ ਕਥਿਤ ਤੌਰ 'ਤੇ ਕੇਂਦਰੀ ਅਧਿਕਾਰੀਆਂ ਨਾਲ ਵੀ ਗੱਲ ਕੀਤੀ ਅਤੇ ਵਨਤਾਰਾ ਨੂੰ ਦਿੱਤੀਆਂ ਮਨਜ਼ੂਰੀਆਂ ਦੇ ਦਸਤਾਵੇਜ਼ ਘੋਖੇ। ਟੀਮ ਨੇ ਚਿੜੀਆਘਰਾਂ ਦੇ ਨਿਯਮਾਂ ਤੇ ਕੌਮਾਂਤਰੀ ਕਨਵੈਨਸ਼ਨਾਂ ਦੀ ਪਾਲਣਾ ਦੀ ਪੁਸ਼ਟੀ ਲਈ ਵਾੜਿਆਂ, ਸਹੂਲਤਾਂ ਤੇ ਡਾਕਟਰੀ ਸਹੂਲਤਾਂ ਦਾ ਮੁਆਇਨਾ ਕੀਤਾ ਅਤੇ ਵਨਤਾਰਾ ਨੂੰ 200 ਪ੍ਰਸ਼ਨਾਂ ਦੀ ਪ੍ਰਸ਼ਨਾਵਲੀ ਵੀ ਭੇਜੀ। ਇਸ ਤੋਂ ਬਾਅਦ 12 ਸਤੰਬਰ ਨੂੰ ਸਿੱਟ ਨੇ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪ ਦਿੱਤੀ। ਸੁਪਰੀਮ ਕੋਰਟ ਨੇ ਸਿੱਟ ਦੀ ਰਿਪੋਰਟ ਮਨਜ਼ੂਰ ਕਰਕੇ ਮਾਮਲਾ ਬੰਦ ਕਰ ਦਿੱਤਾ।*

*ਕਾਸ਼, ਰਿਲਾਇੰਸ ਦੇ ਵਨਤਾਰਾ ਦੇ ਮਾਮਲੇ ਵਾਂਗ ਸਾਰੇ ਮਾਮਲਿਆਂ ਦਾ ਨਿਬੇੜਾ ਏਨੀ ਛੇਤੀ ਹੋਵੇ। ਅਦਾਲਤਾਂ ਵੱਲੋਂ ਚੋਣਵੇਂ ਮਾਮਲਿਆਂ ਵਿੱਚ ਦਿਖਾਈ ਜਾਂਦੀ ਫੁਰਤੀ ਹੈਰਾਨ ਕਰਦੀ ਹੈ, ਜਦੋਂ ਕਿ ਉਮਰ ਖਾਲਿਦ ਵਰਗੇ ਨੌਜਵਾਨ ਜ਼ਮਾਨਤ ਲਈ ਹੀ ਪੰਜ ਸਾਲ ਤੋਂ ਵੱਧ ਸਮੇਂ ਤੋਂ ਜੇਲ੍ਹਾਂ ਵਿੱਚ ਸੜ ਰਹੇ ਹਨ।*

## ਚੋਰੀ ਦੇ ਪੁੱਤ !

*ਸੋਸ਼ਲ ਮੀਡੀਆ ਚੋਰਾਂ ਦੇ ਹੱਥ ਆਇਆ,*
*ਚੋਰ ਸਾਰੇ ਦੇ ਸਾਰੇ ਹੀ 'ਸੰਤ' ਬਣ ਗਏ।*
*ਐਸੀ ਉਨ੍ਹਾਂ 'ਤੇ ਰੱਬ ਨੇ ਕਰੀ ਕਿਰਪਾ,*
*ਉਹ ਤਾਂ ਸਾਰੇ ਦੇ ਸਾਰੇ ਮਹੰਤ ਬਣ ਗਏ।*
*ਮੌਜਾਂ ਮਾਣਦੇ ਰੱਬ ਦਾ ਨਾਮ ਲੈ ਕੇ,*
*ਆਫਤ ਆਈ ਤੋਂ ਮੁਖੀ 'ਬੇਅੰਤ' ਬਣ ਗਏ।*
*ਖਾਲੀ ਪੀਪਿਆਂ ਵਾਂਗ ਜੋ ਖੜਕਦੇ ਸੀ,*
*ਭਰੀਆਂ ਕੋਠੀਆਂ ਵਾਲੇ ਤੁਰੰਤ ਬਣ ਗਏ।*
*ਅੰਦਰਖਾਤੇ ਜੋ ਖਾਂਦੇ ਨੇ ਗਿਰੀ-ਖੋਪਾ,*
*ਫੁੱਟ-ਫੁੱਟ ਕੇ ਆਏਗਾ ਬਾਹਰ ਇੱਕ ਦਿਨ।*
*ਪੁੱਤ ਚੋਰੀ ਦੇ ਨਹੀਂ ਜੁਆਨ ਹੁੰਦੇ,*
*ਹੋ ਜਾਂਦਾ ਹੈ ਸਾਰਾ ਕੁਝ ਜ਼ਾਹਰ ਇੱਕ ਦਿਨ!*

**-ਗੁਲਪੁਰ**

# ਬੀ ਕੇ ਐੱਮ ਯੂ ਨੂੰ ਲਾਮਬੰਦ ਕਰਨ ਵਾਲੀ ਸੀ ਪੀ ਆਈ ਦੀ 25ਵੀਂ ਕਾਂਗਰਸ ਨੂੰ ਸਲਾਮ

**ਗੁਲਜ਼ਾਰ ਸਿੰਘ ਗੋਰੀਆ**




ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਪਾਰਟੀ ਕਾਂਗਰਸ ਚੰਡੀਗੜ੍ਹ ਵਿਖੇ 21 ਤੋਂ 25 ਸਤੰਬਰ ਨੂੰ ਬਹੁਤ ਉਤਸ਼ਾਹ ਨਾਲ ਸ਼ੁਰੂ ਹੋ ਰਹੀ ਹੈ । ਇੱਥੇ ਇਹ ਹੋਰ ਵੀ ਮਾਣ ਵਾਲੀ ਗੱਲ ਹੈ ਕਿ ਇਸੇ ਦੌਰਾਨ ਪਾਰਟੀ ਦੀ 100ਵੀਂ ਵਰ੍ਹੇਗੰਢ ਦੇ ਸਮਾਗਮ ਵੀ ਹੋ ਰਹੇ ਹਨ। ਭਾਰਤੀ ਕਮਿਊਨਿਸਟ ਪਾਰਟੀ ਨੇ ਦੇਸ਼ ਵਿਚ ਲੁੱਟ-ਖਸੁੱਟ ਤੋਂ ਰਹਿਤ ਇਕ ਨਵਾਂ ਸਮਾਜ ਸਿਰਜਣ ਦਾ ਟੀਚਾ ਮਿੱਥਿਆ ਹੈ। ਇਸ ਪਾਰਟੀ ਨੇ ਸਾਡੇ ਦੇਸ਼ ਵਿਚ ਪਿੰਡਾਂ ਦੇ ਕਿਰਤੀਆਂ ਦੀ ਆਰਥਿਕ ਅਤੇ ਸਮਾਜਿਕ ਹਾਲਤ ਨੂੰ ਦੇਖਦਿਆਂ ਹੋਇਆਂ ਇੱਥੋਂ ਦੇ ਸਭ ਤੋਂ ਵੱਧ ਹਾਸ਼ੀਏ 'ਤੇ ਲੱਗੇ ਵਰਗ, ਲੁੱਟ ਦਾ ਸ਼ਿਕਾਰ, ਸਮਾਜਿਕ ਤੌਰ 'ਤੇ ਪੀੜ੍ਹਿਤ ਵਰਗ ਨੂੰ ਲਾਮਬੰਦ ਕਰਨ ਦਾ ਵੱਡਾ ਉਪਰਾਲਾ ਕੀਤਾ ਹੈ ।

ਪਾਰਟੀ ਨੇ 27 ਤੋਂ 29 ਸਤੰਬਰ 1968 ਨੂੰ ਪੰਜਾਬ ਦੇ ਸ਼ਹਿਰ ਮੋਗਾ ਵਿਖੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਨੀਂਹ ਰੱਖੀ । ਦੇਸ਼ ਭਰ ਦੇ ਖਿੰਡੇ-ਪੁੰਡੇ, ਅਨਪੜ੍ਹ ਅਤੇ ਭੂਮੀਹੀਣਾਂ ਨੂੰ ਇਕ ਵਿਸ਼ਾਲ ਪਲੇਟਫਾਰਮ 'ਤੇ ਇੱਕਠਾ ਕਰਕੇ ਸਭ ਤੋਂ ਪਹਿਲੀ ਉਜਰਤੀ ਮਜ਼ਦੂਰਾਂ ਦੀ ਕੌਮੀ ਪੱਧਰ ਦੀ ਜਮਾਤੀ ਜੱਥੇਬੰਦੀ ਬਣਾਈ । ਇਸ ਦਾ ਮੁੱਖ ਨਿਸ਼ਾਨਾ ਪਿੰਡਾਂ ਦੇ ਕਿਰਤੀਆਂ ਦੀ ਸਮਾਜਿਕ ਅਤੇ ਆਰਥਿਕ ਤੌਰ ਤੇ ਬੰਦ-ਖਲਾਸੀ ਕਰਨਾ ਹੈ। ਇਹ ਸੀ ਪੀ ਆਈ ਵਾਸਤੇ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਇਸ ਨੇ ਇਹਨਾਂ ਕਾਮਿਆਂ ਨੂੰ ਸਹੀ ਦਿਸ਼ਾ ਦਿੱਤੀ ਅਤੇ ਇਕ ਮਜ਼ਬੂਤ ਲੜਾਕੂ ਖੇਤ ਮਜ਼ਦੂਰ ਜੱਥਬੰਦੀ ਦੇ ਤੌਰ 'ਤੇ ਲਾਮਬੰਦ ਵੀ ਕੀਤਾ । ਇਹ ਜਥੇਬੰਦੀ ਆਪਣੇ ਜਨਮ ਤੋਂ ਹੀ ਭੂਮੀ ਸੁਧਾਰਾਂ ਵਾਸਤੇ, ਉਜਰਤਾਂ ਵਿੱਚ ਵਾਧੇ, ਸਮਾਜਿਕ ਨਿਆਂ ਅਤੇ ਰੁਜ਼ਗਾਰ ਵਾਸਤੇ ਸੰਘਰਸ਼ ਕਰਦੀ ਆ ਰਹੀ ਹੈ । ਜਥੇਬੰਦੀ ਨੂੰ ਇਸ ਗੱਲ ਦਾ ਮਾਣ ਹੈ ਕਿ ਲਗਾਤਾਰ ਘੋਲਾਂ ਅਤੇ ਅਥਾਹ ਕੁਰਬਾਨੀਆਂ ਸਦਕਾ ਪਿੰਡਾਂ ਦੇ ਕਾਮਿਆਂ ਦੇ ਮਨਾਂ ਵਿੱਚ ਇਕ ਨਵੀਂ ਉਮੀਦ ਅਤੇ ਆਪਣੇ ਹੱਕਾਂ ਵਾਸਤੇ ਲੜਨ ਲਈ ਵਿਸ਼ਵਾਸ ਦੀ ਇਕ ਮਜ਼ਬੂਤ ਅਵਾਜ਼ ਦਿੱਤੀ ਹੈ।

1970 ਦੇ ਇਤਿਹਾਸਕ ਭੂਮੀ ਅੰਦੋਲਨ ਵਿੱਚ ਬੀ ਕੇ ਐੱਮ ਯੂ ਨੇ ਭਾਰਤੀ ਕਮਿਊਨਿਸਟ ਪਾਰਟੀ ਅਤੇ ਕੁੱਲ ਹਿੰਦ ਕਿਸਾਨ ਸਭਾ ਦੀ ਮਦਦ ਨਾਲ ਦੇਸ਼ ਦੇ 75 ਵੱਡੇ ਲੈਂਡਲਾਰਡਾਂ ਦੇ ਕੇਂਦਰਾਂ 'ਤੇ ਜ਼ਮੀਨੀ ਸੰਘਰਸ਼ ਕਰਕੇ ਲੱਖਾਂ ਏਕੜ ਜ਼ਮੀਨ ਬੇ-ਜ਼ਮੀਨੇ ਖੇਤ ਮਜ਼ਦੂਰਾਂ ਅਤੇ ਗਰੀਬ ਕਿਸਾਨਾਂ ਵਿੱਚ ਵੰਡਣ ਦਾ ਕੰਮ ਕੀਤਾ ਹੈ । ਦੇਸ਼ ਦੀਆਂ ਕਈ ਸਰਕਾਰਾਂ ਨੇ ਭੂਮੀ ਸੁਧਾਰਾਂ ਵਾਸਤੇ ਸੀਲਿੰਗ ਐਕਟ ਵੀ ਪਾਸ ਕੀਤੇ। ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕੇਰਲਾ, ਪੱਛਮੀ ਬੰਗਾਲ, ਬਿਹਾਰ ਅਤੇ ਪੰਜਾਬ ਆਦਿ ਵਿੱਚ ਵੱਡੇ ਜ਼ਮੀਨੀ ਘੋਲ ਚੱਲੇ । ਇਸ ਦੌਰਾਨ 26 ਖੇਤ ਮਜ਼ਦੂਰਾਂ ਨੂੰ ਆਪਣੀਆਂ ਸ਼ਹਾਦਤਾਂ ਦੇਣੀਆਂ ਪਈਆਂ । ਅੱਜ ਵੀ ਭੂਮੀ ਸੁਧਾਰ ਮੁਕੰਮਲ ਨਹੀਂ ਹੋਏ । ਮੌਜੂਦਾ ਸਰਕਾਰਾਂ ਨੇ ਇਸ ਨੇ ਠੰਢੇ ਬਸਤੇ ਵਿਚ ਰੱਖਿਆ ਹੋਇਆ ਹੈ । ਇਸੇ ਕਰਕੇ ਹੀ ਜ਼ਮੀਨ ਦਾ ਸਵਾਲ ਅੱਜ ਵੀ ਖੇਤ ਮਜ਼ਦੂਰਾਂ ਲਈ ਇਕ ਰਿਸਦਾ ਜ਼ਖਮ ਹੈ । ਇਸ ਉਤੇ ਹੋਰ ਸੰਘਰਸ਼ ਕਰਨ ਦੀ ਲੋੜ ਹੈ। ਬੀ ਕੇ ਐਮ ਯੂ ਨੇ ਸਾਰੇ ਦੇਸ਼ ਵਿਚ ਘੱਟੋ-ਘੱਟ ਉਜਰਤਾਂ ਵਿਚ ਵਾਧੇ ਨੂੰ ਲੈ ਕੇ ਲਗਾਤਾਰ ਸੰਘਰਸ਼ ਲੜੇ ਹਨ । 1974 ਵਿੱਚ ਇਸੇ ਸੰਬੰਧ ਵਿਚ ਖੇਤ ਮਜ਼ਦੂਰਾਂ ਵੱਲੋਂ ਦੇਸ਼-ਵਿਆਪੀ ਜਨਰਲ ਹੜਤਾਲ ਕੀਤੀ ਗਈ। ਇਸ ਸੰਘਰਸ਼ ਦੇ ਦੌਰਾਨ ਪੰਜਾਬ ਵਿੱਚ 4 ਸਾਥੀ ਪਿੰਡ ਬਾਠ ਜ਼ਿਲ੍ਹਾ ਤਰਨ ਤਾਰਨ ਦੇ ਸ਼ਹੀਦ ਹੋਏ ਅਤੇ ਇਕ ਖੇਤ ਮਜ਼ਦੂਰ ਨੂੰ ਆਂਧਰਾ ਪ੍ਰਦੇਸ਼ ਦੇ ਕੋਡਪਾ ਜ਼ਿਲ੍ਹੇ ਵਿਚ ਲੈਂਡਲਾਰਡਾਂ ਨੇ ਅੱਗ ਲਾ ਕੇ ਸਾੜ ਦਿੱਤਾ । ਇਸੇ ਤਰ੍ਹਾਂ ਬਿਹਾਰ ਵਿੱਚ ਵੀ ਖੇਤ ਮਜ਼ਦੂਰਾਂ 'ਤੇ ਬਹੁਤ ਹਮਲੇ ਹੋਏ। ਇਸ ਘੋਲ ਸਦਕਾ ਦੇਸ਼ ਵਿਚ ਖੇਤ ਮਜ਼ਦੂਰਾਂ ਦੀਆਂ ਉਜਰਤਾਂ ਵਿਚ ਵਾਧਾ ਹੋਇਆ । ਸਾਂਝੇ ਫਰੰਟ ਦੀ ਕਾਮਰੇਡ ਅਛੂਤਾ ਮੈਨਨ ਮੁੱਖ ਮੰਤਰੀ ਦੀ ਅਗਵਾਈ ਵਿਚ ਕੇਰਲਾ ਸਰਕਾਰ ਨੇ ਕੇਰਲਾ ਸਟੇਟ ਐਗਰੀਕਲਚਰਲ ਵਰਕਰਜ਼ ਐਕਟ 1974 ਪਾਸ ਕੀਤਾ, ਜਿਸ ਵਿਚ ਖੇਤ ਮਜ਼ਦੂਰਾਂ ਨੂੰ ਬਹੁਤ ਸਹੂਲਤਾਂ ਮਿਲੀਆਂ । ਇਹੀ ਐਕਟ ਬਾਅਦ ਵਿਚ ਦੇਸ਼ ਦੇ ਖੇਤ ਮਜ਼ਦੂਰਾਂ ਵਾਸਤੇ ਸਰਬਪੱਖੀ ਕੇਂਦਰੀ ਕਾਨੂੰਨ ਬਣਾਉਣ ਲਈ ਇਕ ਨਮੂਨੇ ਦੇ ਤੌਰ 'ਤੇ ਪੇਸ਼ ਹੋਇਆ । ਦੇਸ਼ ਦੀ ਪਾਰਲੀਮੈਂਟ ਵਿੱਚ ਬੀ ਕੇ ਐੱਮ ਯੂ ਦੇ ਜਨਰਲ ਸਕੱਤਰ ਕਾਮਰੇਡ ਪੀ ਕੇ ਕੋਡੀਅਨ ਐਮ ਪੀ ਨੇ ਪ੍ਰਾਈਵੇਟ ਮੈਂਬਰ ਦੇ ਤੌਰ 'ਤੇ ਇਸ ਸਵਾਲ ਨੂੰ ਉਠਾਇਆ, ਜਿਸ 'ਤੇ ਸਰਕਾਰ ਨੇ ਲਿਖਤੀ ਤੌਰ ਤੇ ਮੰਨਿਆ ਕਿ ਉਹ ਸਰਬਪੱਖੀ ਕੇਂਦਰੀ ਕਾਨੂੰਨ ਨੂੰ ਪਾਰਲੀਮੈਂਟ ਰਾਹੀਂ ਪਾਸ ਕਰਵਾਉਣਗੇ । ਬਾਅਦ ਵਿਚ ਇਸੇ ਮੁੱਦੇ ਨੂੰ ਲੈ ਕੇ ਭਾਨ ਸਿੰਘ ਭੌਰਾ ਐੱਮ ਪੀ ਅਤੇ ਨਾਗੇਂਦਰ ਨਾਥ ਓਝਾ ਐੱਮ ਪੀ ਨੇ ਲੋਕ ਸਭਾ ਅਤੇ ਰਾਜ ਸਭਾ ਵਿਚ ਵੀ ਸਵਾਲ ਉਠਾਏ, ਪਰੰਤੂ ਅੱਜ ਤੱਕ ਇਹ ਕਾਨੂੰਨ ਪਾਸ ਨਹੀਂ ਹੋ ਸਕਿਆ । ਭਾਵੇਂ ਕਈ ਰੂਪਾਂ ਵਿਚ ਇਸ ਨਾਲ ਸੰਬੰਧਤ ਸਵਾਲਾਂ ਨੂੰ ਹੱਲ ਕੀਤਾ ਗਿਆ। ਇਸੇ ਤਰ੍ਹਾਂ ਤਮਿਲਨਾਡੂ ਅਤੇ ਪਾਂਡੀਚੇਰੀ ਵਿਚ ਵੀ ਖੇਤ ਮਜ਼ਦੂਰਾਂ ਵਾਸਤੇ ਵੈੱਲਫੇਅਰ ਬੋਰਡ ਬਣਾਏ ਗਏ ।

ਬੀ ਕੇ ਐੱਮ ਯੂ ਨੇ ਸਾਰੇ ਦੇਸ਼ ਵਿਚ ਦਲਿਤਾਂ ਅਤੇ ਆਦੀਵਾਸੀਆਂ ਉਤੇ ਹੁੰਦੇ ਅੱਤਿਆਚਾਰਾਂ ਦੇ ਸਵਾਲਾਂ ਨੂੰ ਵਧੇਰੇ ਜ਼ੋਰ ਨਾਲ ਚੁੱਕਿਆ । ਜਨਤਾ ਪਾਰਟੀ ਦੀ ਸਰਕਾਰ ਸਮੇਂ 1977-78 ਵਿੱਚ ਇਹ ਅੱਤਿਆਚਾਰ ਬਹੁਤ ਵੱਡੇ ਪੱਧਰ 'ਤੇ ਵਧੇ ਅਤੇ ਕੁਝ ਵੱਡੇ ਧਨਾਢ ਦਲਿਤਾਂ ਉਤੇ ਅੱਤਿਆਚਾਰ ਕਰਨ ਨੂੰ ਆਪਣਾ ਜਨਮ-ਸਿੱਧ ਅਧਿਕਾਰ ਸਮਝਣ ਲੱਗੇ । 20 ਮਾਰਚ 1979 ਨੂੰ ਦਿੱਲੀ ਵਿਖੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ 3 ਲੱਖ ਤੋਂ ਵੀ ਵਧੇਰੇ ਗਿਣਤੀ ਵਿਚ ਖੇਤ ਮਜ਼ਦੂਰ ਇਕੱਠੇ ਹੋਏ, ਜਿਸ ਦੀ ਪੂਰੀ ਮਦਦ ਅਤੇ ਅਗਵਾਈ ਭਾਰਤੀ ਕਮਿਊਨਿਸਟ ਪਾਰਟੀ ਨੇ ਕੀਤੀ, ਜਿਸ ਦੇ ਮੁੱਖ ਆਗੂ ਕਾਮਰੇਡ ਸੀ. ਰਾਜੇਸ਼ਵਰ ਰਾਓ ਸਨ । ਇਸ 'ਤੇ ਲਗਾਤਾਰ ਸੰਘਰਸ਼ ਕਰਦਿਆਂ ਹੋਇਆਂ ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਉਪਰ ਅੱਤਿਆਚਾਰ ਰੋਕੂ ਕਾਨੂੰਨ 1989 ਪਾਰਲੀਮੈਂਟ ਵਿਚ ਪਾਸ ਹੋਇਆ, ਜਿਸ ਨਾਲ ਦੇਸ਼ ਦੇ ਦਲਿਤ ਲੋਕ ਕੁਝ ਸੁਰੱਖਿਅਤ ਮਹਿਸੂਸ ਕਰਨ ਲੱਗੇ । ਭਾਰਤੀ ਖੇਤ ਮਜ਼ਦੂਰ ਯੂਨੀਅਨ ਦੁਆਰਾ ਸਮਾਜਿਕ ਇਨਸਾਫ ਅਤੇ ਜਾਤੀ ਆਧਾਰਤ ਵਿਤਕਰੇ 'ਤੇ ਲੜੀ ਜਾ ਰਹੀ ਲੜਾਈ ਨੂੰ ਹੋਰ ਵਧੇਰੇ ਬਲ ਮਿਲਿਆ । ਜਿਹੜੀ ਲੜਾਈ ਆਖਰ ਵਿਚ ਜਾਤ-ਪਾਤ ਦੇ ਕੋਹੜ ਦੇ ਮੁਕੰਮਲ ਖਾਤਮੇ ਵੱਲ ਜਾਂਦੀ ਹੈ, ਜਿਸ ਜਾਤ-ਪਾਤ ਦੇ ਬਖੇੜੇ ਨੇ ਸਮਾਜਿਕ ਤਰੱਕੀ ਵਿਚ ਇਕ ਬਹੁਤ ਵੱਡੀ ਰੁਕਾਵਟ ਪਾਈ ਹੈ । ਇਹ ਮਨੁੱਖੀ ਸੱਭਿਅਤਾ ਵਾਸਤੇ ਕੋਈ ਜੁਰਮ ਤੋਂ ਘੱਟ ਨਹੀਂ। ਜਥੇਬੰਦੀ ਹੁਣ ਵੀ ਸਮਾਜਿਕ ਇਨਸਾਫ ਵਾਸਤੇ ਜਾਤੀ ਜਨਗਣਨਾ 'ਤੇ ਜ਼ੋਰ ਦੇ ਕੇ ਇਕ ਬਰਾਬਰਤਾ ਦਾ ਸਮਾਜ ਸਿਰਜਣ ਲਈ ਜੱਦੋ-ਜਹਿਦ ਕਰ ਰਹੀ ਹੈ । ਜਿਹਨਾਂ ਖੇਤਰਾਂ ਵਿਚ ਨਿਆਂ ਨਹੀਂ ਮਿਲਿਆ, ਉਹਨਾਂ ਵਿਚ ਸੰਘਰਸ਼ ਜਾਰੀ ਹੈ ।

ਖੇਤੀ ਵਿੱਚ ਖੇਤ ਮਜ਼ਦੂਰਾਂ ਲਈ ਵਧੇਰੇ ਮਸ਼ੀਨੀਕਰਨ ਹੋਣ ਨਾਲ ਕੰਮ ਲਗਾਤਾਰ ਘਟ ਰਿਹਾ ਹੈ । ਸਰਕਾਰਾਂ ਇਹਨਾਂ ਵਾਸਤੇ ਕੋਈ ਬਦਲਵਾਂ ਕੰਮ ਦਾ ਪ੍ਰਬੰਧ ਕਰਨ ਲਈ ਸੰਜੀਦਾ ਨਹੀਂ । ਕੰਮ ਨਾ ਮਿਲਣ ਕਾਰਣ ਖੇਤ ਮਜ਼ਦੂਰਾਂ ਦੀਆਂ ਆਮਦਨਾਂ ਘੱਟ ਰਹੀਆਂ ਹਨ ਅਤੇ ਖੇਤ ਮਜ਼ਦੂਰ ਗੰਭੀਰ ਸੰਕਟ ਦਾ ਸ਼ਿਕਾਰ ਹੋ ਰਹੇ ਹਨ । ਇਸੇ ਵਾਸਤੇ ਬੀ ਕੇ ਐੱਮ ਯੂ ਦੇਸ਼ ਵਿਚ ਰੁਜ਼ਗਾਰ ਵਾਸਤੇ ਜੱਦੋ-ਜਹਿਦ ਕਰ ਰਹੀ ਹੈ ।

ਯੂ ਪੀ ਏ ਦੀ ਸਰਕਾਰ ਸਮੇਂ ਖੱਬੀ ਧਿਰ ਦੇ 62 ਮੈਂਬਰ ਪਾਰਲੀਮੈਂਟ ਦੀ ਪਹਿਲਕਦਮੀ 'ਤੇ 2005 ਵਿਚ ਪੇਂਡੂ ਰੁਜ਼ਗਾਰ ਗਾਰੰਟੀ ਕਾਨੂੰਨ ਪਾਸ ਕੀਤਾ ਗਿਆ। ਇਹ ਖੇਤ ਮਜ਼ਦੂਰਾਂ ਵਾਸਤੇ ਬਹੁਤ ਵੱਡੀ ਰਾਹਤ ਅਤੇ ਪ੍ਰਾਪਤੀ ਹੈ । ਕੰਮ ਦੀ ਗਾਰੰਟੀ ਹੋਣ ਨਾਲ ਇਹਨਾਂ ਕਾਮਿਆਂ ਦੀ ਆਮਦਨ ਵਿਚ ਕੁਝ ਵਾਧਾ ਹੋਇਆ, ਪਰੰਤੂ ਹੁਣ ਦੀ ਮੋਦੀ ਸਰਕਾਰ ਇਸ ਕਾਨੂੰਨ 'ਤੇ ਲਗਾਤਾਰ ਹਮਲੇ ਬੋਲ ਰਹੀ ਹੈ। ਇਸ ਸੰਬੰਧੀ ਰੱਖੇ ਬਜਟ ਵਿਚ ਕਟੌਤੀ ਕੀਤੀ ਜਾ ਰਹੀ ਹੈ । ਕੰਮ ਦਿਨ 100 ਤੋਂ ਵਧਾ ਕੇ 200 ਦਿਨ ਨਹੀਂ ਕੀਤੇ ਜਾ ਰਹੇ ਅਤੇ ਉਜਰਤ ਵਿਚ ਵੀ 700 ਰੁਪਏ ਪ੍ਰਤੀ ਦਿਨ ਵਾਧਾ ਨਹੀਂ ਕੀਤਾ ਜਾ ਰਿਹਾ। ਕੰਮ ਮੰਗਣ 'ਤੇ ਲਗਾਤਾਰ ਕੰਮ ਨਹੀਂ ਮਿਲ ਰਿਹਾ ਅਤੇ ਕੀਤੇ ਕੰਮ ਦੇ ਪੈਸੇ ਦੇਣ 'ਤੇ ਵੀ ਦੇਰੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਭ੍ਰਿਸ਼ਟਾਚਾਰ ਜਾਰੀ ਹੈ। ਜੱਥੇਬੰਦੀ ਇਸ ਨੂੰ ਸਹੀ ਲਾਗੂ ਕਰਨ ਵਾਸਤੇ ਘੋਲ ਕਰ ਰਹੀ ਹੈ।

ਬੀ.ਕੇ.ਐਮ.ਯੂ. ਦੇਸ਼ ਵਿਚ ਭੂਮੀਹੀਣਾਂ ਲਈ ਜਮੀਨ, ਰੁਜਗਾਰ ਮੰਗਣ ਤੇ ਕਾਮਿਆਂ ਲਈ ਕੰਮ, ਬੇਘਰਿਆਂ ਲਈ ਘਰ, ਉਜ਼ਰਤਾਂ ਵਿਚ ਵਾਧਾ, ਅੱਤਿਆਚਾਰ ਰੋਕਣ ਲਈ, ਮਨਰੇਗਾ ਸਹੀ ਲਾਗੂ ਕਰਵਾਉਣ ਲਈ, ਨਿੱਜੀ ਖੇਤਰ ਵਿਚ ਰਿਜ਼ਰਵੇਸ਼ਨ, ਸਿਹਤ ਅਤੇ ਗੁਣਵਤਾ ਵਾਲੀ ਵਿੱਦਿਆ, ਅੰਨ-ਸੁਰੱਖਿਆ, ਐਸ.ਸੀ./ਐਸ.ਟੀ. ਛੋਟੀ ਯੋਜਨਾ ਨੂੰ ਸਹੀ ਲਾਗੂ ਕਰਾਉਣ ਲਈ ਆਦਿ ਤੇ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ ।

ਬੀ ਕੇ ਐੱਮ ਯੂ ਦੇਸ਼ ਵਿਚ ਜਿੱਥੇ ਅਜ਼ਾਦਾਨਾ ਤੌਰ 'ਤੇ ਘੋਲ ਕਰ ਰਹੀ ਹੈ, ਇਸ ਦੇ ਨਾਲ ਹੀ ਸਾਂਝੇ ਤੌਰ ਤੇ ਦੇਸ਼ ਦੀਆਂ ਕੌਮੀ ਪੱਧਰ ਦੀਆਂ ਖੇਤ ਮਜ਼ਦੂਰ ਜੱਥੇਬੰਦੀਆਂ ਦਾ ਇਕ ਸਾਂਝਾ ਪਲੇਟਫਾਰਮ ਤਿਆਰ ਕੀਤਾ ਹੈ । ਇਸੇ ਤਰ੍ਹਾਂ ਦਾ ਹੀ ਇਕ ਸਾਂਝਾ ਮੰਚ ਦੇਸ਼ ਵਿਚ ਦਲਿਤਾਂ ਉਤੇ ਹੁੰਦੇ ਅੱਤਿਆਚਾਰ, ਉਹਨਾਂ ਦੇ ਹੱਕਾਂ ਦੀ ਰਾਖੀ ਲਈ ਅਤੇ ਸਮਾਜਿਕ ਨਿਆਂ ਵਾਸਤੇ ਇਕ ਵਿਸ਼ਾਲ ਮੰਚ ਤਿਆਰ ਕੀਤਾ ਹੈ। ਇਹਨਾਂ ਪਲੇਟਫਾਰਮਾਂ ਰਾਹੀਂ ਲਗਾਤਾਰ ਸਰਗਰਮੀਆਂ ਜਾਰੀ ਹਨ ਅਤੇ ਹੋਰ ਵਧੇਰੇ ਇਸ ਦੇ ਏਕੇ ਨੂੰ ਵਿਸ਼ਾਲ ਕੀਤਾ ਜਾ ਰਿਹਾ ਹੈ । ਦੇਸ਼ ਵਿਚ ਇਹ ਪਲੇਟਫਾਰਮ ਕਿਸਾਨਾਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਨਾਂਅ ਥੱਲੇ ਲੜੇ ਜਾ ਰਹੇ ਘੋਲਾਂ ਦੀ ਪੂਰੀ ਮਦਦ ਕਰ ਰਿਹਾ ਹੈ । ਇਸ ਨੇ ਪਹਿਲਾਂ ਵੀ ਖੇਤੀ ਵਿਰੋਧੀ ਤਿੰਨ ਕਾਲੇ ਕਾਨੂੰਨਾਂ ਦਾ ਜ਼ੋਰਦਾਰ ਵਿਰੋਧ ਕੀਤਾ ਸੀ । ਇਸੇ ਤਰ੍ਹਾਂ ਹੀ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਬਣਾਏ ਕੌਮੀ ਪੱਧਰ ਦੇ ਪਲੇਟਫਾਰਮ ਵੱਲੋਂ ਦੇਸ਼ ਵਿਚ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਅਤੇ ਮਜ਼ਦੂਰ ਵਿਰੋਧੀ ਨੀਤੀਆਂ ਦੇ ਖਿਲਾਫ ਲੜੇ ਜਾ ਰਹੇ ਸੰਘਰਸ਼ਾਂ ਦੀ ਪੂਰੀ ਮਦਦ ਕੀਤੀ ਜਾ ਰਹੀ ਹੈ ਅਤੇ ਸਰਗਰਮੀ ਨਾਲ ਹਿੱਸਾ ਲਿਆ ਜਾ ਰਿਹਾ ਹੈ।

ਅੱਜ ਦੇ ਸਮੇਂ ਵਿਚ ਦੇਸ਼ ਵਿਚ ਵਿਸ਼ਾਲ ਤੋਂ ਵਿਸ਼ਾਲ ਕਿਰਤੀ ਲੋਕਾਂ ਦੀ ਸੰਭਾਵੀ ਏਕਤਾ ਦੀ ਅਤਿ ਜਰੂਰਤ ਹੈ । ਦੇਸ਼ ਦੀਆਂ ਖੱਬੀਆਂ, ਜਮਹੂਰੀ ਅਤੇ ਧਰਮ ਨਿਰਪੱਖ ਤਾਕਤਾਂ ਨੂੰ ਇੱਕਠੇ ਕਰਦੇ ਹੋਏ ਭਾਜਪਾ ਵੱਲੋਂ ਹਿੰਦੂ ਧਰਮ ਆਧਾਰਤ ਰਾਜ ਦੀ ਸਥਾਪਨਾ ਕਰਨ ਦੇ ਮਨਸੂਬੇ ਜਿਹੜੇ ਇੱਥੋਂ ਦੀ ਜਮਹੂਰੀ ਗਣਰਾਜ ਨੂੰ ਬਦਲਣ ਦਾ ਉਪਰਾਲਾ ਹੈ, ਜਿਸ ਅਧੀਨ ਸਾਡੇ ਸੰਵਿਧਾਨ 'ਤੇ ਵੀ ਹਮਲੇ ਹੋ ਰਹੇ ਹਨ ਅਤੇ ਦੇਸ਼ ਵਿਚ ਮੰਨੂਸਿਮਰਤੀ ਦਾ ਗੁਣਗਾਨ ਕੀਤਾ ਜਾ ਰਿਹਾ ਹੈ । ਇਸ ਦੇ ਖਿਲਾਫ ਭਾਰਤੀ ਖੇਤ ਮਜ਼ਦੂਰ ਯੂਨੀਅਨ ਆਪਣੀ ਰਾਜਨੀਤਕ ਜ਼ਿੰਮੇਵਾਰੀ ਨਿਭਾਏਗੀ ਅਤੇ ਦੇਸ਼ ਵਿਚ ਸਮਾਜਿਕ ਬਰਾਬਰਤਾ ਅਤੇ ਨਿਆਂ ਦੇ ਆਧਾਰਤ ਸਮਾਜ ਸਿਰਜਣ ਦਾ ਉਪਰਾਲਾ ਕਰੇਗੀ।

ਚੰਡੀਗੜ੍ਹ ਵਿਖੇ 25ਵੀਂ ਪਾਰਟੀ ਕਾਂਗਰਸ ਦੇ ਫੈਸਲੇ ਇਸ ਸਬੰਧੀ ਚੱਲ ਰਹੇ ਘੋਲਾਂ ਨੂੰ ਹੋਰ ਮਜ਼ਬੂਤ ਕਰਨਗੇ । ਇਸੇ ਕਰਕੇ ਹੀ ਬੀ ਕੇ ਐੱਮ ਯੂ ਇਸ ਪਾਰਟੀ ਕਾਂਗਰਸ 'ਤੇ ਮਾਣ ਮਹਿਸੂਸ ਕਰ ਰਹੀ ਹੈ ਅਤੇ ਇਸ ਨੂੰ ਤਹਿ ਦਿਲੋਂ ਸਲਾਮ ਕਹਿੰਦੀ ਹੈ।

**# ਸੰਪਰਕ : 94638-09002**

## ਪ੍ਰਧਾਨ ਮੰਤਰੀ ਦਾ ਮਨੀਪੁਰ ਦੌਰਾ ਨਿਰਾਸ਼ਾਜਨਕ

# ਸੂਝਬੂਝ, ਸੰਵੇਦਨਾ ਅਤੇ ਦੂਰਦਰਸ਼ਤਾ ਦੀ ਥਾਂ ਕੇਵਲ ਭਾਸ਼ਣਬਾਜ਼ੀ



**ਡਾ. ਅਰੁਣ ਮਿੱਤਰਾ**

ਦੋ ਸਾਲ ਪਹਿਲਾਂ ਸਤੰਬਰ 2023 ਵਿੱਚ ਲੋਕਾਂ ਦੀ ਸਿਹਤ ਸੰਬੰਧੀ ਹਾਲਾਤ ਦਾ ਜਾਇਜ਼ਾ ਲੈਣ ਲਈ ਅਸੀਂ ਇੰਡੀਅਨ ਡਾਕਟਰਜ਼ ਫ਼ਾਰ ਪੀਸ ਐਂਡ ਡਿਵੈਲਪਮੈਂਟ (IDPD) ਦੀ ਡਾਕਟਰੀ ਟੀਮ ਵਜੋਂ ਮਣੀਪੁਰ ਗਏ ਸੀ । ਅਸੀਂ ਇੰਫਾਲ ਦਾ ਦੌਰਾ ਕੀਤਾ, ਜਿੱਥੇ ਮਿੱਤਈ ਅਬਾਦੀ ਵੱਧ ਹੈ ਅਤੇ ਕੰਗਪੋਕਪੀ ਗਏ, ਜਿੱਥੇ ਮੁੱਖ ਤੌਰ 'ਤੇ ਕੁਕੀ ਵਸਦੇ ਹਨ। ਜੋ ਕੁਝ ਉੱਥੇ ਦੇਖਿਆ, ਉਹ ਹਿਰਦੇਵੇਦਕ ਸੀ। ਘਰਾਂ ਤੋਂ ਬੇਘਰ ਹੋਏ ਪਰਵਾਰ ਬਿਨਾਂ ਕਿਸੇ ਪਰਦੇਦਾਰੀ ਦੇ ਰਾਹਤ ਕੈਂਪਾਂ ਵਿੱਚ ਗੁੱਥਮਗੁੱਥ ਰਹਿ ਰਹੇ ਸਨ। ਬੱਚਿਆਂ ਲਈ ਸਕੂਲ ਨਹੀਂ ਸਨ। ਘਰ ਸੜ ਕੇ ਸੁਆਹ ਹੋ ਗਏ ਸਨ, ਧਾਰਮਿਕ ਸਥਾਨ ਤਬਾਹ ਕੀਤੇ ਗਏ। ਹਿੰਸਾ ਇੰਨੀ ਵਧ ਗਈ ਸੀ ਕਿ ਔਰਤਾਂ ਨੂੰ ਸੜਕਾਂ 'ਤੇ ਨੰਗਾ ਘੁਮਾਇਆ ਗਿਆ। ਇਹ ਕਾਰਵਾਈਆਂ ਸਮਾਜਿਕ ਢਾਂਚੇ 'ਤੇ ਡੂੰਘੇ ਜ਼ਖ਼ਮ ਛੱਡ ਗਈਆਂ। ਘ੍ਰਿਣਾ ਅਤੇ ਬੇਇਤਬਾਰੀ ਨੇ ਉਸ ਧਰਤੀ 'ਤੇ ਜੜ੍ਹਾਂ ਪੱਕੀਆਂ ਕਰ ਲਈਆਂ, ਜੋ ਕਦੇ ਸੱਭਿਆਚਾਰਕ ਸੁਹਿਰਦਤਾ ਲਈ ਮਸ਼ਹੂਰ ਸੀ।

ਮਨੀਪੁਰ ਦੇ ਲੋਕਾਂ ਨੂੰ ਕੇਵਲ ਮਨੁੱਖੀ ਸਹਾਇਤਾ ਦੀ ਹੀ ਨਹੀਂ, ਸਗੋਂ ਵਿਸ਼ਵਾਸ, ਮਿਲਾਪ ਅਤੇ ਭਰੋਸੇ ਦੀ ਵੀ ਲੋੜ ਸੀ। ਬਿਨਾਂ ਸ਼ਾਂਤੀ ਅਤੇ ਭਰੋਸੇ ਦੇ ਕੋਈ ਵੀ ਸਮਾਜ ਅੱਗੇ ਨਹੀਂ ਵਧ ਸਕਦਾ।

ਜਦੋਂ ਮਈ 2023 ਵਿੱਚ ਹਿੰਸਾ ਦੀ ਸ਼ੁਰੂਆਤ ਹੋਈ, ਅਸੀਂ ਉਸ ਵੇਲੇ ਕੀਨੀਆ ਵਿੱਚ ਸ਼ਾਂਤੀ ਲਈ ਡਾਕਟਰਾਂ ਦੀ ਕੌਮਾਂਤਰੀ ਜਥੇਬੰਦੀ ਇੰਟਰਨੈਸ਼ਨਲ ਫਿਜੀਸ਼ੀਅਨਜ਼ ਫ਼ਾਰ ਦੀ ਪ੍ਰਿਵੈਨਸ਼ਨ ਆਫ਼ ਨਿਊਕਲੀਅਰ ਵਾਰ (IPPNW) ਦੇ ਕੌਮਾਂਤਰੀ ਮਹਾਂ ਸੰਮੇਲਨ ਵਿੱਚ ਸ਼ਿਰਕਤ ਕਰ ਰਹੇ ਸੀ । ਸਾਡੇ ਨਾਲ ਮਨੀਪੁਰ ਤੋਂ ਵੀ ਕਈ ਡਾਕਟਰ ਸਨ। ਉਹ ਹੈਰਾਨ ਸਨ ਕਿ ਉਹਨਾਂ ਦੇ ਸੱਭਿਆਚਾਰਕ ਸੁਹਾਦਰਤਾ ਨਾਲ ਭਰਪੂਰ ਸੂਬੇ ਵਿੱਚ ਇਹ ਸਭ ਕਿਵੇਂ ਹੋ ਗਿਆ। ਉਮੀਦ ਅਨੁਸਾਰ ਉਹ ਬਹੁਤ ਚਿੰਤਤ ਸਨ । ਸਤੰਬਰ ਵਿੱਚ ਸਾਡੇ ਮਣੀਪੁਰ ਜਾਣ ਤੱਕ ਹਾਲਾਤ ਹੋਰ ਗੰਭੀਰ ਹੋ ਗਏ ਸਨ। ਕੇਂਦਰੀ ਸਰਕਾਰ ਵੱਲੋਂ ਚਾਰ ਮਹੀਨੇ ਬੀਤ ਜਾਣ ਦੇ ਬਾਵਜੂਦ ਕੋਈ ਵੀ ਢੰਗ ਦਾ ਕਦਮ ਨਹੀਂ ਚੁੱਕਿਆ ਗਿਆ ਸੀ। ਸਮਾਜ ਦੇ ਹਰ ਹਿੱਸੇ ਵੱਲੋਂ ਅਪੀਲਾਂ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾ ਤਾਂ ਮਨੀਪੁਰ ਗਏ ਤੇ ਨਾ ਹੀ ਲੋਕਾਂ ਦੇ ਦੁੱਖ-ਦਰਦ ਬਾਰੇ ਕੁਝ ਕਿਹਾ। ਉਹਨਾਂ ਦੀ ਗੈਰਹਾਜ਼ਰੀ ਆਪ ਹੀ ਬਹੁਤ ਕੁਝ ਕਹਿ ਰਹੀ ਸੀ।

ਹੁਣ ਦੋ-ਸਾਲ ਚਾਰ ਮਹੀਨੇ ਬਾਅਦ ਅਖੀਰ ਪ੍ਰਧਾਨ ਮੰਤਰੀ ਨੇ ਸੂਬੇ ਵਿੱਚ ਪੈਰ ਰੱਖੇ। ਉਮੀਦਾਂ ਵੱਡੀਆਂ ਸਨ। ਕਈ ਲੋਕਾਂ ਨੂੰ ਲੱਗਦਾ ਸੀ ਕਿ ਉਹਨਾਂ ਦੀ ਹਾਜ਼ਰੀ ਕੁਝ ਰਾਹਤ ਅਤੇ ਆਸ ਲਿਆਵੇਗੀ, ਪਰ ਨਤੀਜਾ ਇਕ ਖਾਲੀ ਦਿਖਾਵਾ ਸੀ। ਉਹ ਸਿਰਫ਼ ਬਹੁਤ ਥੋੜ੍ਹੀ ਦੇਰ ਉੱਥੇ ਰਹੇ ਅਤੇ ਕੁਝ ਹੀ ਚੁਣੇ ਹੋਏ ਲੋਕਾਂ ਨਾਲ ਮਿਲੇ।

ਉਹਨਾਂ ਦੇ ਦੌਰੇ ਤੋਂ ਬਾਅਦ ਮੈਂ ਉਹਨਾਂ ਡਾਕਟਰਾਂ ਨਾਲ ਗੱਲ ਕੀਤੀ, ਜਿਨ੍ਹਾਂ ਨਾਲ ਅਸੀਂ ਦੋ ਸਾਲ ਪਹਿਲਾਂ ਮਣੀਪੁਰ ਵਿੱਚ ਮਿਲੇ ਸੀ । ਡਾ. ਨਾਰਾ ਸਿੰਘ, ਜੋ ਮਨੀਪੁਰ ਦੇ ਸਾਬਕਾ ਸਿਹਤ ਅਤੇ ਸੱਭਿਆਚਾਰ ਮੰਤਰੀ ਰਹਿ ਚੁੱਕੇ ਹਨ ਅਤੇ ਹੋਰ ਮਾਣਯੋਗ ਡਾਕਟਰਾਂ ਨਾਲ ਚਰਚਾ ਤੋਂ ਪਤਾ ਲੱਗਾ ਕਿ ਲੋਕ ਸਿਰਫ਼ ਨਿਰਾਸ਼ ਹੀ ਨਹੀਂ, ਸਗੋਂ ਗੁੱਸੇ ਵਿੱਚ ਹਨ। ਉਹ ਕਈ ਉਮੀਦਾਂ ਲਾਈ ਬੈਠੇ ਸਨ, ਪਰ ਉਹਨਾਂ ਨੂੰ ਸਿਰਫ਼ ਭਾਸ਼ਣ ਮਿਲਿਆ। ਪ੍ਰਧਾਨ ਮੰਤਰੀ ਬੇਰੁਜ਼ਗਾਰੀ, ਮਹਿੰਗਾਈ ਅਤੇ ਅਸੁਰੱਖਿਆ ਵਰਗੀਆਂ ਤੁਰੰਤ ਸਮੱਸਿਆਵਾਂ ਦਾ ਹੱਲ ਪੇਸ਼ ਕਰਨ ਦੀ ਥਾਂ ਕੇਵਲ ਪਿਛਲੀਆਂ ਸਰਕਾਰਾਂ ਨੂੰ ਦੋਸ਼ ਦਿੰਦੇ ਰਹੇ। ਉਹਨਾਂ ਦੇ ਸ਼ਬਦ ਇੱਕ ਰਾਸ਼ਟਰੀ ਨੇਤਾ ਦੇ ਨਹੀਂ, ਸਗੋਂ ਚੋਣ ਪ੍ਰਚਾਰ ਦੇ ਜਾਪਦੇ ਸਨ।

ਮਨੀਪੁਰ ਵਿੱਚ ਜ਼ਰੂਰੀ ਸਮਾਨ ਦੀਆਂ ਕੀਮਤਾਂ ਬਹੁਤ ਉੱਚੀਆਂ ਹਨ । ਉਦਾਹਰਨ ਵਜੋਂ ਰਸੋਈ ਗੈਸ ਦਾ ਸਿਲੰਡਰ ਲੱਗਭੱਗ 4000 ਦਾ ਮਿਲਦਾ ਹੈ। ਕੇਂਦਰੀ ਸਰਕਾਰ ਚਾਹੇ ਤਾਂ ਆਸਾਨੀ ਨਾਲ ਇਹ ਬੋਝ ਘਟਾ ਸਕਦੀ ਹੈ, ਹੋਰ ਜ਼ਰੂਰੀ ਸਮਾਨਾ ਦੀ ਸਪਲਾਈ ਵੀ ਸਥਿਰ ਕਰ ਸਕਦੀ ਹੈ । ਪਰ ਕੁਝ ਵੀ ਵਾਅਦਾ ਨਹੀਂ ਕੀਤਾ ਗਿਆ। ਜਿਹੜੇ ਵਿਕਾਸ ਪ੍ਰੋਜੈਕਟ ਉਹਨਾਂ ਨੇ ਗਿਣਵਾਏ, ਉਹ ਵੀ ਨਵੇਂ ਨਹੀਂ ਸਨ-ਇਹਨਾਂ ਦੀ ਸ਼ੁਰੂਆਤ ਡਾ. ਮਨਮੋਹਨ ਸਿੰਘ ਦੀ ਸਰਕਾਰ ਦੌਰਾਨ ਹੋਈ ਸੀ ਪਰ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਅਧੂਰੇ ਪਏ ਸਨ। ਇਹ ਸੰਵੇਦਨਸ਼ੀਲ ਸੂਬੇ ਲਈ ਬੇਹੱਦ ਅਸੰਵੇਦਨਸ਼ੀਲ ਦੌਰਾ ਸੀ।

ਮਨੀਪੁਰ ਦੀ ਭੂਗੋਲਿਕ ਸਥਿਤੀ ਆਪ ਹੀ ਉਸ ਨੂੰ ਭਾਰਤ ਦੇ ਸਭ ਤੋਂ ਸੰਵੇਦਨਸ਼ੀਲ ਖੇਤਰਾਂ 'ਚੋਂ ਇਕ ਬਣਾਉਂਦੀ ਹੈ। ਮਿਆਂਮਾਰ ਨਾਲ ਸਰਹੱਦ ਹੋਣ ਕਾਰਨ ਅਤੇ ਉੱਥੇ ਅਤੀ ਦਮਨਕਾਰੀ ਫ਼ੌਜੀ ਸ਼ਾਸਨ ਦੇ ਕਾਰਨ ਨਸ਼ਿਆਂ ਅਤੇ ਤਸਕਰੀ ਦੀ ਸਮੱਸਿਆ ਸਾਡੇ ਦੇਸ਼ ਲਈ ਵੀ ਬਣੀ ਖੜੀ ਹੈ। ਮਣੀਪੁਰ ਵਿੱਚ ਸਥਿਰਤਾ ਸਿਰਫ਼ ਖੇਤਰੀ ਨਹੀਂ, ਸਗੋਂ ਰਾਸ਼ਟਰੀ ਸੁਰੱਖਿਆ ਲਈ ਵੀ ਜ਼ਰੂਰੀ ਹੈ। ਇਸ ਕਰਕੇ ਪ੍ਰਧਾਨ ਮੰਤਰੀ ਤੋਂ ਉਮੀਦ ਸੀ ਕਿ ਉਹ ਤੁਰੰਤਤਾ, ਦਇਆ ਅਤੇ ਸਮਾਵੇਸ਼ੀ ਨੇਤਰਤੱਵ ਦਰਸਾਉਣਗੇ, ਪਰ ਪ੍ਰਧਾਨ ਮੰਤਰੀ ਆਪਣੇ ਹੀ ਪਾਰਟੀ ਦੇ ਵਿਧਾਇਕਾਂ ਨਾਲ ਵੀ ਨਹੀਂ ਮਿਲੇ। ਉਹਨਾਂ ਨੇ ਦੋਨਾਂ ਸਮੂਹਾਂ ਵਿਚਕਾਰ ਕੋਈ ਗੱਲਬਾਤ ਸ਼ੁਰੂ ਨਹੀਂ ਕਰਵਾਈ । ਇਸ ਦੇ ਉਲਟ ਉਹ ਮਨੀਪੁਰ ਛੱਡਦੇ ਹੀ ਅਸਾਮ ਗਏ, ਜਿੱਥੇ ਉਹ ਭੀੜ ਵਿੱਚ ਪੂਰੇ ਉਤਸ਼ਾਹ ਨਾਲ ਮਿਲਦੇ-ਜੁਲਦੇ ਰਹੇ।

ਸਤੰਬਰ 2023 ਵਿੱਚ ਸਾਡੇ ਮਨੀਪੁਰ ਦੌਰੇ ਦੌਰਾਨ, ਜਦੋਂ ਅਸੀਂ ਰਾਹਤ ਕੈਂਪਾਂ ਵਿੱਚ ਗਏ ਅਤੇ ਬੇਘਰ ਲੋਕਾਂ ਨਾਲ ਗੱਲ ਕੀਤੀ, ਤਾਂ ਸਾਨੂੰ ਲੱਗਾ ਸੀ ਕਿ ਕੋਈ ਐਸਾ ਨੇਤਰਤਵ ਉੱਭਰੇਗਾ ਜੋ ਰਾਜਨੀਤੀ ਤੋਂ ਉਪਰ ਉੱਠ ਕੇ ਲੋਕਾਂ ਨੂੰ ਜੋੜੇਗਾ। ਪਰ ਪ੍ਰਧਾਨ ਮੰਤਰੀ ਦਾ ਦੌਰਾ ਨਿਰਾਸ਼ਾ ਨੂੰ ਹੋਰ ਡੂੰਘਾ ਕਰ ਗਿਆ। ਇਸ ਨੇ ਨਾ ਤਾਂ ਜ਼ਖ਼ਮ ਭਰੇ, ਨਾ ਹੀ ਸ਼ਾਂਤੀ ਲਈ ਕੋਈ ਰਾਹ ਦਿਖਾਇਆ।

ਜੋ ਘਾਟ ਹੈ, ਉਹ ਹੈ ਰਾਜਨੀਤਿਕ ਸੂਝਬੂਝ ਦੀ, ਸਮਰੱਥਾ, ਮਿਲਾਪ ਕਰਵਾਉਣ ਅਤੇ ਟੁੱਟੇ ਸਮਾਜ ਵਿੱਚ ਭਰੋਸਾ ਜਮਾਉਣ ਦੀ ਯੋਗਤਾ ਦੀ । ਦੁੱਖ ਦੀ ਗੱਲ ਹੈ ਕਿ ਪ੍ਰਧਾਨ ਮੰਤਰੀ ਨੇ ਖੋਖਲੇ ਭਾਸ਼ਣ ਅਤੇ ਵੰਡ ਵਾਲੇ ਨੈਰੇਟਿਵ ਨੂੰ ਤਰਜੀਹ ਦਿੱਤੀ ਹੈ।

ਭਾਰਤ ਬੇਮਿਸਾਲ ਵਿਭਿੰਨਤਾ ਵਾਲਾ ਦੇਸ਼ ਹੈ । ਇਸ ਦੀ ਤਾਕਤ ਅਨੇਕਤਾ ਵਿੱਚ ਏਕਤਾ ਵਿੱਚ ਹੈ। ਤਰੱਕੀ ਵੰਡ ਅਤੇ ਉਪੇਖਾਂ ਨਾਲ ਨਹੀਂ ਹੋ ਸਕਦੀ; ਇਹ ਸਿਰਫ਼ ਸ਼ਾਲੀਨਤਾ, ਗੱਲਬਾਤ ਅਤੇ ਹਮਦਰਦੀ ਨਾਲ ਆ ਸਕਦੀ ਹੈ । ਮਨੀਪੁਰ ਦੀ ਤ੍ਰਾਸਦੀ ਨੇਤਰਤੱਵ ਵੱਲੋਂ ਕਦਰਾਂ ਕੀਮਤਾਂ ਉਭਾਰਨ ਦਾ ਇਹ ਇੱਕ ਮੌਕਾ ਸੀ, ਪਰ ਇਹ ਮੌਕਾ ਗਵਾ ਦਿੱਤਾ ਗਿਆ । ਇਸ ਢੰਗ ਨਾਲ ਵਾਰ ਵਾਰ ਲੋਕਾਂ ਦਾ ਵਿਸ਼ਵਾਸ ਟੁੱਟਦਾ ਹੈ। ਮਨੀਪੁਰ ਦੇ ਜ਼ਖ਼ਮ ਹੋਰ ਗਹਿਰੇ ਹੁੰਦੇ ਜਾ ਰਹੇ ਹਨ।

**# ਸੰਪਰਕ : 80775-74352**

# ਨਿਊਕਲੀਅਰ ਪਰਵਾਰਾਂ 'ਚ ਬਜ਼ੁਰਗਾਂ ਦੀ ਹਾਲਤ

**ਪਵਨ ਕੁਮਾਰ**

ਆਧੁਨਿਕ ਸਮੇਂ ਵਿੱਚ ਨਿਊਕਲੀਅਰ ਪਰਵਾਰਾਂ ਵਿੱਚ ਬਜ਼ੁਰਗਾਂ ਦੀ ਹਾਲਤ ਇੱਕ ਨਾਜ਼ੁਕ ਮੁੱਦਾ ਹੈ। ਨਿਊਕਲੀਅਰ ਪਰਵਾਰਾਂ ਵਿੱਚ ਰਹਿਣ ਵਾਲੇ ਬਜ਼ੁਰਗਾਂ ਨੂੰ ਅਕਸਰ ਇਕੱਲਤਾ ਅਤੇ ਅਣਗਹਿਲੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਆਪਣਾ ਸਾਰਾ ਜੀਵਨ ਆਪਣੇ ਪਰਵਾਰ ਨੂੰ ਸਮਰਪਿਤ ਕਰਦੇ ਹਨ, ਪਰ ਬਾਅਦ ਵਿੱਚ ਕਈ ਵਾਰ ਉਹਨਾਂ ਨੂੰ ਅਣਗੌਲਿਆ ਜਾਂਦਾ ਹੈ । ਜਦੋਂ ਬੱਚੇ ਨੌਕਰੀ ਜਾਂ ਵਿਆਹ ਕਾਰਨ ਕਿਸੇ ਹੋਰ ਸ਼ਹਿਰ ਜਾਂ ਦੇਸ਼ ਵਿੱਚ ਚਲੇ ਜਾਂਦੇ ਹਨ, ਤਾਂ ਬਜ਼ੁਰਗ ਇਕੱਲੇ ਰਹਿ ਜਾਂਦੇ ਹਨ। ਇਨ੍ਹਾਂ ਹਾਲਤਾਂ ਵਿੱਚ ਬਜ਼ੁਰਗਾਂ ਦੀ ਸਿਹਤ ਵੀ ਪ੍ਰਭਾਵਤ ਹੁੰਦੀ ਹੈ। ਬਜ਼ੁਰਗਾਂ ਨੂੰ ਸਭ ਤੋਂ ਵੱਧ ਲੋੜ ਪਿਆਰ, ਧਿਆਨ ਅਤੇ ਸਹਾਇਤਾ ਦੀ ਹੁੰਦੀ ਹੈ, ਪਰ ਅਕਸਰ ਇਹ ਚੀਜ਼ਾਂ ਉਹਨਾਂ ਨੂੰ ਨਹੀਂ ਮਿਲਦੀਆਂ। ਇਸ ਨਾਲ ਉਹ ਮਾਨਸਿਕ ਤਣਾਅ, ਉਦਾਸੀ ਅਤੇ ਨੀਂਦ ਨਾ ਆਉਣ ਵਰਗੀਆਂ ਸਮੱਸਿਆਵਾਂ ਤੋਂ ਪੀੜਤ ਹੋ ਸਕਦੇ ਹਨ। ਕਈ ਵਾਰ ਦੇਖਣ ਵਿੱਚ ਆਉਂਦਾ ਹੈ ਕਿ ਬਜ਼ੁਰਗਾਂ ਨੂੰ ਬਿਰਧ ਆਸ਼ਰਮ ਵਿੱਚ ਛੱਡ ਦਿੱਤਾ ਜਾਂਦਾ ਹੈ । ਇਹ ਸਮੱਸਿਆ ਸਿਰਫ਼ ਬਜ਼ੁਰਗਾਂ ਨੂੰ ਬਿਰਧ ਆਸ਼ਰਮਾਂ ਵਿੱਚ ਭੇਜਣ ਨਾਲ ਹੱਲ ਨਹੀਂ ਹੋਵੇਗੀ, ਉਨ੍ਹਾਂ ਨੂੰ ਪਿਆਰ, ਸਤਿਕਾਰ ਅਤੇ ਸਹਾਇਤਾ ਦੇਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਸਮਾਜ ਵਿੱਚ ਜਾਗਰੂਕਤਾ ਲਿਆਉਣਾ ਜ਼ਰੂਰੀ ਹੈ ਕਿ ਸਾਡੇ ਬਜ਼ੁਰਗ ਅਨੁਭਵ ਦਾ ਭੰਡਾਰ ਹਨ ਅਤੇ ਉਨ੍ਹਾਂ ਦੀ ਸੇਵਾ ਅਤੇ ਦੇਖਭਾਲ ਕਰਨਾ ਸਾਡਾ ਫਰਜ਼ ਹੈ । ਜੇਕਰ ਅਸੀਂ ਅੱਜ ਆਪਣੇ ਬਜ਼ੁਰਗਾਂ ਦਾ ਸਤਿਕਾਰ ਨਹੀਂ ਕਰਦੇ, ਤਾਂ ਕੱਲ੍ਹ ਨੂੰ ਸਾਨੂੰ ਵੀ ਇਕੱਲਤਾ ਵਿੱਚ ਰਹਿਣ ਲਈ ਮਜਬੂਰ ਕੀਤਾ ਜਾ ਸਕਦਾ ਹੈ । ਆਓ, ਅਸੀਂ ਸਾਰੇ ਮਿਲ ਕੇ ਇਹ ਯਕੀਨੀ ਬਣਾਈਏ ਕਿ ਬਜ਼ੁਰਗ ਘਰ ਦਾ ਕੇਂਦਰ ਬਣੇ ਰਹਿਣ ਅਤੇ ਉਹ ਕਿਸੇ ਕੋਨੇ 'ਚ ਨਾ ਰਹਿਣ। ਬਜ਼ੁਰਗਾਂ ਦੀ ਹਾਲਤ ਸੁਧਾਰਨ ਲਈ ਕੁਝ ਹੋਰ ਵੇਰਵੇ ਹੇਠਾਂ ਦਿੱਤੇ ਗਏ ਹਨ:

**ਪਰਵਾਰਕ ਸਹਾਇਤਾ**

* ਪਰਵਾਰਕ ਮੈਂਬਰਾਂ ਨੂੰ ਬਜ਼ੁਰਗਾਂ ਨਾਲ ਸਮਾਂ ਬਿਤਾਉਣ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਹਨਾਂ ਨਾਲ ਬੈਠ ਕੇ ਗੱਲਾਂਬਾਤਾਂ ਕਰਨੀਆਂ ਚਾਹੀਦੀਆਂ ਹਨ।

* ਪਰਵਾਰਕ ਫੈਸਲਿਆਂ ਵਿੱਚ ਬਜ਼ੁਰਗਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਕਦਰ ਕੀਤੀ ਜਾਣੀ ਚਾਹੀਦੀ ਹੈ। ਉਹਨਾਂ ਦੇ ਤਜਰਬੇ ਦੀ ਕਦਰ ਕਰਨੀ ਚਾਹੀਦੀ ਹੈ ।

* ਪਰਵਾਰਕ ਮੈਂਬਰਾਂ ਨੂੰ ਬਜ਼ੁਰਗਾਂ ਦੀ ਦੇਖਭਾਲ ਕਰਨ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ। ਉਹਨਾਂ ਦੀ ਸਿਹਤ ਬਾਰੇ ਗੱਲਾਂ ਕਰਨੀਆਂ ਚਾਹੀਦੀਆਂ ਹਨ।

**ਸਮਾਜਿਕ ਜਾਗਰੂਕਤਾ ਅਤੇ ਗਤੀਵਿਧੀਆਂ**

* ਸਮਾਜ ਵਿੱਚ ਬਜ਼ੁਰਗਾਂ ਪ੍ਰਤੀ ਜਾਗਰੂਕਤਾ ਵਧਾਉਣ ਲਈ ਮੁਹਿੰਮਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ। ਲੋਕਾਂ ਵਿਚ ਉਹਨਾਂ ਨੂੰ ਇਕੱਲੇ ਨਾ ਛੱਡਣ ਦੀ ਪ੍ਰੇਰਣਾ ਦੇਣੀ ਚਾਹੀਦੀ ਹੈ।

* ਲੋਕਾਂ ਨੂੰ ਬਜ਼ੁਰਗਾਂ ਦੇ ਅਧਿਕਾਰਾਂ ਅਤੇ ਜ਼ਰੂਰਤਾਂ ਬਾਰੇ ਸਿੱਖਿਅਤ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਕੋਈ ਵੀ ਬਜ਼ੁਰਗਾਂ ਨਾਲ ਅਨਿਆਂ ਨਾ ਕਰ ਸਕੇ ।

* ਸਮਾਜ ਵਿੱਚ ਬਜ਼ੁਰਗਾਂ ਪ੍ਰਤੀ ਸਤਿਕਾਰ ਅਤੇ ਹਮਦਰਦੀ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਉਹਨਾਂ ਦੀ ਇੱਜਤ ਵਿਚ ਹੀ ਸਾਡੀ ਇੱਜ਼ਤ ਹੈ ।

* ਬਜ਼ੁਰਗਾਂ ਨੂੰ ਭਾਈਚਾਰਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ।

* ਬਜ਼ੁਰਗਾਂ ਲਈ ਵਿਸ਼ੇਸ਼ ਪ੍ਰੋਗਰਾਮ ਅਤੇ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਣਾ ਚਾਹੀਦਾ ਹੈ। ਸਮਾਜ ਵਿੱਚ ਬਜ਼ੁਰਗਾਂ ਨੂੰ ਸਰਗਰਮੀ ਨਾਲ ਸ਼ਾਮਲ ਕਰਨ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ ।

**ਸਰਕਾਰੀ ਸਹਾਇਤਾ**

* ਸਰਕਾਰ ਨੂੰ ਬਜ਼ੁਰਗਾਂ ਲਈ ਮੈਡੀਕਲ ਸੇਵਾਵਾਂ ਪੂਰੀ ਤਰ੍ਹਾਂ ਫਰੀ ਕਰਨੀਆਂ ਚਾਹੀਦੀਆਂ ਹਨ।

* ਬਜ਼ੁਰਗਾਂ ਨੂੰ ਪੈਨਸ਼ਨ ਅਤੇ ਹੋਰ ਲਾਭ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ, ਤਾਂ ਜੋ ਉਹ ਪੈਸਿਆਂ ਲਈ ਪੂਰੀ ਤਰ੍ਹਾਂ ਦੂਜਿਆਂ 'ਤੇ ਨਿਰਭਰ ਨਾ ਰਹਿਣ।

* ਬਜ਼ੁਰਗਾਂ ਲਈ ਬਣਾਏ ਗਏ ਕਾਨੂੰਨਾਂ ਨੂੰ ਸਮਾਜ ਵਿਚ ਸਖ਼ਤੀ ਨਾਲ ਲਾਗੂ ਕਰਾਉਣਾ ਚਾਹੀਦਾ ਹੈ।

**ਸਿੱਟਾ:-** ਆਓ, ਆਪਾਂ ਸਾਰੇ ਬਜ਼ੁਰਗਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਇਕੱਠੇ ਕੰਮ ਕਰੀਏ ਅਤੇ ਉਨ੍ਹਾਂ ਨੂੰ ਸਤਿਕਾਰ ਅਤੇ ਸਹਾਇਤਾ ਦੇਈਏ। ਬਜ਼ੁਰਗ ਸਾਡੇ ਸਮਾਜ ਦੀ ਨੀਂਹ ਹਨ । ਸਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਬਜ਼ੁਰਗ ਸਾਡੇ ਸਮਾਜ ਦਾ ਇੱਕ ਮਹੱਤਵਪੂਰਨ ਹਿੱਸਾ ਬਣੇ ਰਹਿਣ ਅਤੇ ਉਨ੍ਹਾਂ ਦੀ ਆਵਾਜ਼ ਸੁਣੀ ਜਾਵੇ। ਸਾਨੂੰ ਬਜ਼ੁਰਗਾਂ ਪ੍ਰਤੀ ਸਤਿਕਾਰ ਅਤੇ ਹਮਦਰਦੀ ਨੂੰ ਉਤਸ਼ਾਹਤ ਕਰਨਾ ਪਵੇਗਾ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕੰਮ ਕਰਨਾ ਪਵੇਗਾ।

**Email:- pkattriii@gmail.com**

CMYK

# ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦਾ ਬੀ ਡੀ ਪੀ ਓ ਦਫ਼ਤਰ ਅੱਗੇ ਧਰਨਾ ਜਾਰੀ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬੀ.ਡੀ.ਪੀ.ਓ. ਦਫ਼ਤਰ ਅੱਗੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਪੰਚਾਇਤੀ ਵਿਭਾਗ ਦੀ ਜ਼ਮੀਨ 'ਤੇ ਕੀਤੇ ਨਾਜਾਇਜ਼ ਕਬਜ਼ੇ ਛੁਡਾਉਣ ਲਈ ਦਿੱਤਾ ਜਾ ਰਿਹਾ ਧਰਨਾ ਅੱਜ ਪੰਜਵੇਂ ਦਿਨ ਵੀ ਜਾਰੀ ਰਿਹਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਗਿਆਸਪੁਰਾ ਤੇ ਬਲਾਕ ਪ੍ਰਧਾਨ ਗੁਰਜੀਤ ਸਿੰਘ ਗੜ੍ਹੀ ਤਰਖਾਣਾ ਨੇ ਦੱਸਿਆ ਕਿ ਪੰਚਾਇਤ ਵਿਭਾਗ ਨਾਜਾਇਜ਼ ਕਾਬਜ਼ਕਾਰਾਂ ਦਾ ਪੱਖ ਪੂਰ ਰਹੀ ਹੈ ਜਦਕਿ ਸਰਕਾਰ ਵੱਲੋਂ ਸਖ਼ਤ ਨਿਰਦੇਸ਼ ਹਨ ਕਿ ਨਾਜਾਇਜ਼ ਕਬਜੇ ਹਟਾਏ ਜਾਣ। ਉਨ੍ਹਾਂ ਕਿਹਾ ਕਿ ਪਤਾ ਨਹੀਂ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਦੀ ਕੀ ਮਜਬੂਰੀ ਹੈ ਕਿ ਉਹ ਇਹ ਨਾਜਾਇਜ਼ ਕਬਜ਼ੇ ਨਹੀਂ ਹਟਾ ਰਹੇ। ਕਿਸਾਨ ਆਗੂਆਂ ਨੇ ਕਿਹਾ ਕਿ ਜਦ ਤੱਕ ਨਾਜਾਇਜ਼ ਕਬਜੇ ਨਹੀਂ ਹਟਦੇ, ਉਦੋਂ ਤੱਕ ਧਰਨਾ ਲਗਾਤਾਰ ਜਾਰੀ ਰਹੇਗਾ। ਰੋਸ ਧਰਨੇ 'ਚ ਸੋਹਨਜੀਤ ਸਿੰਘ ਸਹਿਜੋ ਮਾਜਰਾ, ਬਲਵੰਤ ਸਿੰਘ, ਕੁਲਵਿੰਦਰ ਸਿੰਘ ਗੋਲੂ, ਹਰਮੇਸ਼ ਸਿੰਘ, ਸਮਸ਼ੇਰ ਸਿੰਘ, ਜਗਜੀਤ ਸਿੰਘ, ਤੇਜਿੰਦਰ ਸਿੰਘ, ਅਮਰੀਕ ਸਿੰਘ, ਹਾਕਮ ਸਿੰਘ ਬੁੱਧੂ, ਮੇਜਰ ਸਿੰਘ, ਸਵਰਨ ਸਿੰਘ ਹੇੜੀਆਂ, ਦਲਵਾਰਾ ਸਿੰਘ, ਬਲਵੀਰ ਸਿੰਘ, ਹਰਬੰਸ ਸਿੰਘ, ਹਰਬੰਸ ਸਿੰਘ, ਰਮਨਦੀਪ ਸਿੰਘ, ਜਸਵੀਰ ਸਿੰਘ, ਬਿਕਰਮ ਸਿੰਘ, ਜੁਗਰਾਜ ਸਿੰਘ ਗੜ੍ਹੀ, ਗੁਰਸੇਵਕ ਸਿੰਘ, ਗੁਰਜੀਤ ਸਿੰਘ, ਰਾਜਿੰਦਰ ਸਿੰਘ, ਕੁਲਦੀਪ ਸਿੰਘ, ਹਰਬੰਸ ਸਿੰਘ ਖੀਰਨੀਆਂ, ਸੁਖਦੇਵ ਸਿੰਘ, ਦਰਸ਼ਨ ਸਿੰਘ ਰੋਹਲੇ, ਬਹਾਦਰ ਸਿੰਘ, ਕਾਲਾ ਬਾਬਾ ਹੇੜੀਆਂ, ਰਜਿੰਦਰ ਸਿੰਘ ਮਾਛੀਵਾੜਾ, ਰਮਨਦੀਪ ਸਿੰਘ ਘੁਲਾਲ, ਬਲਵਿੰਦਰ ਸਿੰਘ ਮੁਸ਼ਕਾਬਾਦ, ਨਰਾਤਾ ਸਿੰਘ, ਹਰਮਿੰਦਰ ਸਿੰਘ ਵਰਮਾ, ਪ੍ਰਕਾਸ਼ ਸਿੰਘ ਬੈਰਸਾਲ ਕਲਾਂ, ਮਨਜਿੰਦਰ ਸਿੰਘ ਰੋਹਲੇ, ਮਨਪ੍ਰੀਤ ਸਿੰਘ ਘੁਲਾਲ, ਮਨਪ੍ਰੀਤ ਸਿੰਘ ਗੜ੍ਹੀ ਤਰਖਾਣਾ, ਗੁਰਪ੍ਰੀਤ ਸਿੰਘ ਹੇੜੀਆਂ, ਅਮਰਿੰਦਰ ਸਿੰਘ ਹੇੜੀਆਂ, ਸੋਨੀ ਹੇੜੀਆਂ ਮੌਜੂਦ ਸਨ।

ਇਸ ਸਬੰਧੀ ਜਦੋਂ ਬਲਾਕ ਪੰਚਾਇਤ ਅਫ਼ਸਰ ਰੁਪਿੰਦਰ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪਿੰਡ ਸਹਿਜੋ ਮਾਜਰਾ ਵਿਖੇ ਇੱਕ ਨਾਜਾਇਜ਼ ਕਬਜ਼ਾ ਹਟਾ ਦਿੱਤਾ ਗਿਆ ਹੈ ਤੇ ਉੱਥੇ ਕੰਡਿਆਲੀ ਤਾਰ ਵੀ ਲਗਾ ਦਿੱਤੀ ਹੈ, ਪਰ ਯੂਨੀਅਨ ਦੀ ਮੰਗ ਹੈ ਕਿ ਇੱਥੇ ਪੱਕੀ ਦੀਵਾਰ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਹੇੜੀਆਂ ਵਿਖੇ ਪੰਚਾਇਤੀ ਜ਼ਮੀਨ ਦੀ ਬੋਲੀ ਦਾ ਮਾਮਲਾ ਸੀ, ਉਹ ਵੀ ਲੱਗਭਗ ਹੱਲ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਦੇ ਕੁਝ ਲੋਕਾਂ ਵਲੋਂ ਦੱਸਿਆ ਜਾ ਰਿਹਾ ਹੈ ਕਿ ਇਸ ਪਿੰਡ ਵਿੱਚ ਪੁਰਾਣੇ ਸਮਿਆਂ ਦੌਰਾਨ ਪੰਚਾਇਤੀ ਜਗ੍ਹਾ 'ਤੇ ਕਬਜ਼ੇ ਕੀਤੇ ਹਨ ਤੇ ਮੰਗ ਕੀਤੀ ਜਾ ਰਹੀ ਹੈ ਕਿ ਉਹ ਵੀ ਹਟਾਏ ਜਾਣ।

# ਪੀ ਐੱਮ ਐੱਨ ਕਾਲਜ ਵਿਖੇ ਓਜ਼ੋਨ ਦਿਵਸ ਮਨਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**-ਪੀ ਐੱਮ ਐੱਨ ਕਾਲਜ ਰਾਜਪੁਰਾ ਦੇ ਵਿਗਿਆਨ ਵਿਭਾਗ ਨੇ ਵਿਸ਼ਵ ਓਜ਼ੋਨ ਦਿਵਸ ਉਤਸ਼ਾਹ ਨਾਲ ਮਨਾਇਆ ਅਤੇ ਜੀਵਨ ਨੂੰ ਕਾਇਮ ਰੱਖਣ ਵਿੱਚ ਓਜ਼ੋਨ ਪਰਤ ਦੀ ਮਹੱਤਤਾ ਤੇ ਇੱਕ ਟਿਕਾਊ ਭਵਿੱਖ ਲਈ ਇਸ ਨੂੰ ਸੁਰੱਖਿਅਤ ਰੱਖਣ ਦੀ ਤੁਰੰਤ ਲੋੜ ਬਾਰੇ ਜਾਗਰੂਕਤਾ ਫੈਲਾਈ। ਵਿਦਿਆਰਥੀਆਂ ਨੇ ਪੋਸਟਰ ਤੇ ਕੋਲਾਜ ਬਣਾ ਕੇ ਆਪਣੀ ਸਿਰਜਨਾਤਮਕਤਾ ਦਾ ਪ੍ਰਦਰਸ਼ਨ ਕੀਤਾ, ਜਿਨ੍ਹਾਂ ਵਿੱਚੋਂ ਹਰੇਕ ਵਾਤਾਵਰਣ ਸੰਭਾਲ ਤੇ ਟਿਕਾਊ ਵਿਕਾਸ ਬਾਰੇ ਵਿਚਾਰਸ਼ੀਲ ਵਿਚਾਰਾਂ ਨੂੰ ਦਰਸਾਉਂਦਾ ਸੀ।ਉਨ੍ਹਾਂ ਦੀ ਸਰਗਰਮ ਭਾਗੀਦਾਰੀ ਨੇ ਸਮਾਗਮ ਵਿੱਚ ਊਰਜਾ ਤੇ ਜੀਵੰਤਤਾ ਲਿਆਂਦੀ।

ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕਾਂ ਦੀ ਨਿੱਘੀ ਮੌਜੂਦਗੀ ਨੇ ਏਕਤਾ ਤੇ ਜਾਗਰੂਕਤਾ ਦੀ ਭਾਵਨਾ ਨੂੰ ਹੋਰ ਵਧਾਇਆ।ਡਾ. ਦਲਵੀਰ ਕੌਰ, ਡਾ. ਨੀਰਜ ਬਾਲਾ, ਡਾ. ਰਜਨੀ, ਡਾ. ਜਸਨੀਤ ਕੌਰ, ਪ੍ਰੋ. ਸੋਮੀਆ ਤੇ ਡਾ. ਤਰੰਗ ਗੁਪਤਾ ਦੇ ਉਤਸ਼ਾਹ ਨਾਲ ਇਹ ਸਮਾਗਮ ਹੋਰ ਵੀ ਅਮੀਰ ਹੋਇਆ, ਜਿਨ੍ਹਾਂ ਵਿਦਿਆਰਥੀਆਂ ਨੂੰ ਵਾਤਾਵਰਣ-ਅਨੁਕੂਲ ਅਭਿਆਸਾਂ ਨੂੰ ਅਪਣਾਉਣ ਤੇ ਸਥਿਰਤਾ ਦੇ ਸੰਕਲਪ ਨੂੰ ਗੰਭੀਰਤਾ ਨਾਲ ਲੈਣ ਲਈ ਪ੍ਰੇਰਿਤ ਕੀਤਾ।

ਇਸ ਸਮਾਗਮ ਦਾ ਨਿਰਣਾ ਡਾ. ਵੰਦਨਾ ਗੁਪਤਾ ਤੇ ਡਾ. ਜਸਨੀਤ ਕੌਰ ਨੇ ਕੀਤਾ, ਜਿਨ੍ਹਾਂ ਨੇ ਵਿਦਿਆਰਥੀਆਂ ਦੇ ਨਵੀਨਤਾਕਾਰੀ ਯਤਨਾਂ ਦੀ ਸ਼ਲਾਘਾ ਕੀਤੀ।ਜਸਲੀਨ (ਬੀਐੱਸਸੀ ਪਹਿਲੀ), ਤਾਨੀਆ (ਬੀਐੱਸਸੀ ਦੂਜੀ) ਤੇ ਜਸ਼ਨ (ਬੀਐੱਸਸੀ ਪਹਿਲੀ) ਨੂੰ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਇਨਾਮ ਦਿੱਤਾ ਗਿਆ।ਕਾਰਜਕਾਰੀ ਪ੍ਰਿੰਸੀਪਲ ਡਾ. ਵੰਦਨਾ ਗੁਪਤਾ ਨੇ ਵਿਗਿਆਨ ਵਿਭਾਗ ਦੀ ਅਜਿਹੇ ਸਮਾਗਮ ਦੇ ਆਯੋਜਨ ਲਈ ਸ਼ਲਾਘਾ ਕੀਤੀ।

# ਪੰਜਾਬ ਖੇਤ ਮਜ਼ਦੂਰ ਸਭਾ ਜਲਾਲਾਬਾਦ ਦੀ ਚੰਡੀਗੜ੍ਹ ਰੈਲੀ ਸੰਬੰਧੀ ਮੀਟਿੰਗ

**ਜਲਾਲਾਬਾਦ (ਜੰਗੀਰ ਕੌਰ)**

ਪੰਜਾਬ ਖੇਤ ਮਜ਼ਦੂਰ ਸਭਾ ਦੀ ਮੀਟਿੰਗ ਸਥਾਨਕ ਸੁਤੰਤਰ ਭਵਨ ਸੀ.ਪੀ.ਆਈ. ਦਫਤਰ ਜਲਾਲਾਬਾਦ ਵਿਖੇ ਕਾਮਰੇਡ ਹੀਰਾ ਸਿੰਘ ਫਲੀਆਂਵਾਲਾ ਤੇ ਕਾਮਰੇਡ ਕਰਤਾਰ ਸਿੰਘ ਬਸਤੀ ਸਰੂਪ ਦਾਸ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸੂਬਾ ਵਰਕਿੰਗ ਕਮੇਟੀ ਮੈਂਬਰ ਕਾਮਰੇਡ ਬਲਵੀਰ ਸਿੰਘ ਕਾਠਗੜ੍ਹ, ਬਲਾਕ ਜਲਾਲਾਬਾਦ ਦੇ ਪ੍ਰਧਾਨ ਕਾਮਰੇਡ ਮੁਖਤਿਆਰ ਸਿੰਘ, ਕਾਮਰੇਡ ਦਲਜੀਤ ਸਿੰਘ, ਸੁਰਜੀਤ ਸਿੰਘ ਕਾਠਗੜ੍ਹ, ਰੇਸ਼ਮ ਸਿੰਘ ਪਾਲੀਵਾਲਾ, ਸ਼ਿੰਗਾਰਾ ਸਿੰਘ ਪਾਲੀਵਾਲਾ, ਬਲਵਿੰਦਰ ਸਿੰਘ ਕਾਠਗੜ੍ਹ, ਪ੍ਰਿੰਥੀਪਾਲ ਸਿੰਘ ਕਾਨੇਵਾਲਾ, ਅਮਰੀਕ ਸਿੰਘ ਛੋਟਾ ਫਲੀਆਂਵਾਲਾ, ਤਰਸੇਮ ਸਿੰਘ ਛੋਟਾ ਫਲੀਆਂਵਾਲਾ, ਦਰਸ਼ਨ ਸਿੰਘ ਫਲੀਆਂਵਾਲਾ, ਚਰਨ ਸਿੰਘ ਫਲੀਆਂਵਾਲਾ, ਬਲਵੀਰ ਸਿੰਘ, ਪ੍ਰੀਤਮ ਸਿੰਘ, ਪ੍ਰੇਮ ਸਿੰਘ, ਭਗਵਾਨ ਸਿੰਘ ਝੁੱਗੇ ਜਵਾਹਰ ਸਿੰਘ ਵਾਲਾ ਆਦਿ ਮੌਜੂਦ ਸਨ।

ਮੀਟਿੰਗ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ 21 ਸਤੰਬਰ 2025 ਨੂੰ ਚੰਡੀਗੜ੍ਹ ਵਿਖੇ ਹੋਣ ਵਾਲੀ ਰੈਲੀ ਦੀ ਤਿਆਰੀ ਲਈ ਜ਼ਿਲ੍ਹਾ ਕਮੇਟੀ ਫਾਜ਼ਿਲਕਾ ਤੇ ਬਲਾਕ ਜਲਾਲਾਬਾਦ ਵੱਲੋਂ ਪਿੰਡਾਂ ਤੇ ਸ਼ਹਿਰਾਂ ਵਿੱਚ ਮਜ਼ਦੂਰਾਂ ਨੂੰ ਘਰ ਘਰ ਜਾ ਕੇ ਸੁਨੇਹਾ ਲਗਾਇਆ ਜਾਵੇਗਾ ਅਤੇ ਇਸ ਰੈਲੀ ਵਿੱਚ ਸ਼ਾਮਲ ਹੋਣ ਲਈ ਲਾਮਬੰਦ ਕੀਤਾ ਜਾਵੇਗਾ। ਰੈਲੀ ਵਿੱਚ ਜਾਣ ਲਈ ਬੱਸ ਦਾ ਪ੍ਰਬੰਧ ਕਰਨ ਦਾ ਵੀ ਫੈਸਲਾ ਕੀਤਾ ਗਿਆ।



ਹੜ੍ਹਾਂ ਦੀ ਮਾਰ ਹੇਠ ਆਏ ਖੇਤ ਮਜ਼ਦੂਰਾਂ, ਦੁਕਾਨਦਾਰਾਂ, ਮਿਸਤਰੀਆਂ, ਕਿਸਾਨਾਂ ਦੇ ਹੋਏ ਨੁਕਸਾਨ ਦਾ ਸਰਵੇਖਣ ਕਰਕੇ ਵੱਧ ਤੋਂ ਵੱਧ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ ਤਾਂ ਜੋ ਬੇਘਰ ਮਜ਼ਦੂਰ ਲੋਕ ਆਪਣੇ ਘਰ ਦੁਬਾਰਾ ਬਣਾ ਸਕਣ। ਇਹ ਵੀ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਬਿਲਡਿੰਗ ਵੈੱਲਫੇਅਰ ਬੋਰਡ ਅਧੀਨ ਰਜਿਸਟਰ ਮਜ਼ਦੂਰਾਂ ਨੂੰ ਆਏ ਹੜ੍ਹਾਂ ਤੇ ਬਰਸਾਤਾਂ ਕਾਰਨ ਕੰਮਕਾਰ ਬੰਦ ਹੋਣ ਦੇ ਕਾਰਨ ਇਨ੍ਹਾਂ ਮਜ਼ਦੂਰਾਂ ਨੂੰ 50 ਹਜ਼ਾਰ ਰੁਪਏ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ। ਕਾਮਰੇਡ ਬਲਵੀਰ ਸਿੰਘ ਕਾਠਗੜ੍ਹ ਤੇ ਕਾਮਰੇਡ ਮੁਖਤਿਆਰ ਸਿੰਘ ਕਮਰੇਵਾਲਾ ਨੇ ਕਿਹਾ ਕਿ 21 ਸਤੰਬਰ ਨੂੰ ਹੋਣ ਵਾਲੀ ਰੈਲੀ ਵਿੱਚ ਜ਼ਿਲ੍ਹਾ ਫਾਜ਼ਿਲਕਾ ਤੇ ਜਲਾਲਾਬਾਦ ਤੋਂ ਵੱਡੀ ਗਿਣਤੀ ਵਿੱਚ ਖੇਤ ਮਜ਼ਦੂਰ ਸ਼ਾਮਲ ਹੋਣਗੇ, ਜਿਸ ਦੀ ਤਿਆਰੀ ਲਈ ਇਸ ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਰੈਲੀ ਸਬੰਧੀ ਪਿੰਡਾਂ ਤੇ ਸ਼ਹਿਰਾਂ ਵਿੱਚ ਪੋਸਟਰ ਵੀ ਲਗਾਏ ਜਾ ਰਹੇ ਹਨ।

## ਕਾਤਰਾਂ

### ਹੜ੍ਹ ਪੀੜਤਾਂ ਨੂੰ ਰਾਹਤ ਦਿਵਾਉਣ ਲਈ ਸਾਂਝੇ ਯਤਨਾਂ ਦੀ ਲੋੜ : ਜੂਪਾ

**ਬੱਧਨੀ ਕਲਾਂ (ਲਵਲੀ ਕੁਮਾਰ)**-ਜ਼ਿਲ੍ਹਾ ਮੋਗਾ ਯੂਥ ਕਾਂਗਰਸ ਦੇ ਸੀਨੀਅਰ ਵਾਇਸ ਪ੍ਰਧਾਨ ਤੇ ਨਗਰ ਪੰਚਾਇਤ ਨਿਹਾਲ ਸਿੰਘ ਵਾਲਾ ਕੌਂਸਲਰ ਜਗਰੂਪ ਸਿੰਘ ਜੂਪਾ ਨੇ ਕਿਹਾ ਕਿ ਇੱਕ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹਨ ਤੇ ਦੂਸਰੇ ਪਾਸੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਹਨ, ਜੋ ਕਿ ਦੋਵੇਂ ਪਾਵਰ ਵਿੱਚ ਹਨ ਅਤੇ ਦੋਵਾਂ ਦਾ ਫ਼ਰਜ਼ ਪੰਜਾਬ ਤੇ ਆਈ ਹੜ੍ਹਾਂ ਦੀ ਆਫ਼ਤ ਦੌਰਾਨ ਲੋਕਾਂ ਨੂੰ ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਰਾਹਤ ਦਿਵਾਉਣ ਲਈ ਸਾਂਝੇ ਯਤਨ ਕਰਨ, ਪ੍ਰੰਤੂ ਆਮ ਆਦਮੀ ਪਾਰਟੀ ਤੇ ਭਾਜਪਾ ਦੀ ਮਾੜੀ ਸਿਆਸਤ ਦੀ ਨੀਤੀ ਤਹਿਤ ਦੋਵੇਂ ਇੱਕ ਦੂਸਰੇ 'ਤੇ ਚਿੱਕੜ ਸੁੱਟਣ ਵੱਲ ਜ਼ਿਆਦਾ ਧਿਆਨ ਦੇ ਰਹੇ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਰਵਨੀਤ ਸਿੰਘ ਬਿੱਟੂ ਨੂੰ ਬਹਿਸ ਦੀ ਚੁਣੌਤੀ ਦੇ ਰਹੇ ਹਨ ਤੇ ਰਵਨੀਤ ਸਿੰਘ ਬਿੱਟੂ ਚੁਣੌਤੀ ਮੰਨ ਵੀ ਰਹੇ ਹਨ, ਪਰ ਪਤਾ ਨਹੀਂ ਕਿਉਂ ਦੋਵੇਂ ਇੱਕ ਮੰਚ 'ਤੇ ਇਕੱਠੇ ਨਹੀਂ ਹੋ ਰਹੇ, ਜਦਕਿ ਦੋਵਾਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਪੰਜਾਬ ਦੇ ਹਿੱਤਾਂ ਤੇ ਹੜ੍ਹ ਪੀੜਤਾਂ ਲਈ ਰਾਹਤ ਲਈ ਸਕਾਰਾਤਮਕ ਬਹਿਸ ਕਰਕੇ ਕੋਈ ਸਾਰਥਕ ਹੱਲ ਕੱਢਣਾ ਚਾਹੀਦਾ ਹੈ।

### ਐੱਲ ਡੀ ਆਰ 'ਚ ਟ੍ਰੈਫਿਕ ਨਿਯਮਾਂ ਤੇ ਨਸ਼ਿਆਂ ਵਿਰੁੱਧ ਸੈਮੀਨਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਐੱਲ. ਡੀ. ਆਰ. ਕੌਨਵੈਂਟ ਸਕੂਲ ਵਿੱਚ ਐੱਸ.ਐੱਸ.ਪੀ. ਅਖਿਲ ਚੌਧਰੀ ਦੀ ਅਗਵਾਈ ਹੇਠ ਟ੍ਰੈਫਿਕ ਇੰਚਾਰਜ ਏ. ਐੱਸ. ਆਈ. ਹਰਮੰਦਰ ਸਿੰਘ ਨੇ ਟ੍ਰੈਫਿਕ ਨਿਯਮਾਂ ਤੇ ਨਸ਼ਿਆਂ ਵਿਰੁੱਧ ਇੱਕ ਸੈਮੀਨਾਰ ਲਗਾਇਆ, ਜਿਸ ਵਿੱਚ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਬਾਰੇ ਜਾਣੂ ਕਰਵਾਇਆ।ਸਾਰੇ ਬੱਚਿਆਂ ਨੇ ਇਸ ਸੈਮੀਨਾਰ ਵਿੱਚ ਭਾਗ ਲਿਆ ਅਤੇ ਇਹ ਸੰਕਲਪ ਲਿਆ ਕਿ ਉਹ ਨਸ਼ਿਆਂ ਤੋਂ ਦੂਰ ਰਹਿਣਗੇ ਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨਗੇ।ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਗੁੰਜਨ ਤੇ ਚੇਅਰਮੈਨ ਅਜੈ ਅਰੋੜਾ ਨੇ ਏ. ਐੱਸ. ਆਈ. ਹਰਮੰਦਰ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ।

### ਨਸ਼ੇ ਦਾ ਸੇਵਨ ਕਰਦੇ 2 ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਨਸ਼ੇ ਦਾ ਸੇਵਨ ਕਰਦੇ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਅਮਰੀਕ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਗਸ਼ਤ ਕਰਦੇ ਹੋਏ ਸਮਾਧ ਬਾਬਾ ਖੱਜੀ ਪੀਰ ਨਜਦੀਕ ਸੈਕਰਟ ਹਾਰਟ ਸਕੂਲ ਦੇ ਕੋਲ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਪੰਜਾਬ ਨੈਸ਼ਨਲ ਬੈਂਕ ਦੇ ਨੇੜੇ ਖਾਲੀ ਪਏ ਸ਼ੈਲਰ 'ਚ ਮਨਜੀਤ ਸਿੰਘ ਪੁੱਤਰ ਜਰਨੈਲ ਸਿੰਘ ਉਰਫ਼ ਮਹਿਲ ਸਿੰਘ ਤੇ ਜਨਕ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀਆਨ ਬਲੇਲ ਕੇ ਕਾਮਲ ਨਸ਼ੇ ਦਾ ਸੇਵਨ ਕਰ ਰਹੇ ਹਨ, ਜਿਸ 'ਤੇ ਪੁਲਸ ਪਾਰਟੀ ਨੇ ਉਪਰੋਕਤ ਜਗ੍ਹਾ 'ਤੇ ਛਾਪੇਮਾਰੀ ਕਰਕੇ ਮਨਜੀਤ ਸਿੰਘ ਅਤੇ ਜਨਕ ਸਿੰਘ ਨੂੰ ਲਾਇਟਰ, ਸਿਲਵਰ ਪੇਪਰ, 10 ਰੁਪਏ ਦਾ ਨੋਟ ਥੋੜ੍ਹਾ ਸੜਿਆ ਹੋਇਆ ਨਸ਼ਾ ਕਰਦੇ ਸਮੇਤ ਕਾਬੂ ਕੀਤਾ ਗਿਆ ਹੈ। ਥਾਣਾ ਅਮੀਰ ਖਾਸ ਵਿਖੇ ਮੁਕੱਦਮਾ ਨੰਬਰ 85 ਮਿਤੀ 15-09-2025 ਨੂੰ ਧਾਰਾ 27/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਆਰ ਐੱਮ ਪੀ ਆਈ ਹੜ੍ਹ ਪੀੜਤਾਂ ਨੂੰ ਯੋਗ ਮੁਆਵਜ਼ਾ ਦਿੱਤੇ ਜਾਣ ਲਈ 26 ਨੂੰ ਕਰੇਗੀ ਜ਼ਿਲ੍ਹਾ ਕੇਂਦਰਾਂ 'ਤੇ ਰੋਸ ਮੁਜ਼ਾਹਰੇ : ਮਹੀਪਾਲ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ.ਆਈ.) ਦੀ ਬਠਿੰਡਾ ਤਹਿਸੀਲ ਕਮੇਟੀ ਹੜ੍ਹ ਪੀੜਤਾਂ ਨੂੰ ਢੁੱਕਵਾਂ ਮੁਆਵਜ਼ਾ ਦਿਵਾਉਣ ਲਈ ਆਉਣ ਵਾਲੀ 26 ਸਤੰਬਰ ਨੂੰ ਬਠਿੰਡਾ ਦੇ ਡੀ ਸੀ ਦਫਤਰ ਮੂਹਰੇ ਕੇਂਦਰੀ ਤੇ ਸੂਬਾਈ ਸਰਕਾਰਾਂ ਖ਼ਿਲਾਫ਼ ਵਿਸ਼ਾਲ ਰੈਲੀ ਤੇ ਸ਼ਹਿਰ 'ਚ ਜ਼ੋਰਦਾਰ ਰੋਸ ਮੁਜ਼ਾਹਰਾ ਕਰੇਗੀ।ਇਹ ਐਲਾਨ ਇੱਥੋਂ ਦੇ ਡਾਕਟਰ ਬੀ. ਆਰ. ਅੰਬੇਡਕਰ ਪਾਰਕ ਵਿਖੇ ਸਾਥੀ ਗੁਰਮੀਤ ਸਿੰਘ ਜੈ ਸਿੰਘ ਵਾਲਾ ਦੀ ਪ੍ਰਧਾਨਗੀ ਹੇਠ ਹੋਈ ਤਹਿਸੀਲ ਕਮੇਟੀ ਦੀ ਵਧਾਈ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ ਨੇ ਕੀਤਾ। ਸਾਥੀ ਮਹੀਪਾਲ ਨੇ ਦੋਸ਼ ਲਾਇਆ ਹੈ ਕਿ ਕੇਂਦਰੀ ਤੇ ਸੂਬਾਈ ਸਰਕਾਰਾਂ ਨੇ ਮੁਆਵਜ਼ਾ ਦੇਣ ਦੇ ਨਾਂ 'ਤੇ ਹੜ੍ਹ ਪੀੜਤਾਂ ਨਾਲ ਭੱਦਾ ਮਖੌਲ ਕੀਤਾ ਹੈ।ਉਨ੍ਹਾਂ ਕਿਹਾ ਕਿ ਮੋਦੀ-ਮਾਨ ਸਰਕਾਰਾਂ ਦੀ ਹੜ੍ਹਾਂ ਦੀ ਅਗਾਊਂ ਰੋਕਥਾਮ ਕਰਨ ਪੱਖੋਂ ਮੁਜਰਮਾਨਾ ਅਣਗਹਿਲੀ ਤੇ ਉੱਤੇ ਤੋਂ ਹੇਠਾਂ ਤੱਕ ਫੈਲੇ ਭ੍ਰਿਸ਼ਟਾਚਾਰ ਨੇ ਲੋਕਾਂ ਦੇ ਜਾਨ-ਮਾਲ ਦਾ ਕੁਦਰਤੀ ਕਰੋਪੀ ਨਾਲੋਂ ਕਿਤੇ ਵਧੇਰੇ ਨੁਕਸਾਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦਾ ਐਲਾਨ ਕਰਨ ਵੇਲੇ ਬੇਜ਼ਮੀਨੇ-ਸਾਧਨਹੀਣ ਕਿਰਤੀ ਪਰਿਵਾਰਾਂ ਦੀ ਅਣਦੇਖੀ ਕੀਤੇ ਜਾਣ ਤੋਂ ਸਰਕਾਰਾਂ ਦੀ ਸਿਰੇ ਦੀ ਸੰਵੇਦਨਹੀਣਤਾ ਬਾਖ਼ੂਬੀ ਬੇਪਰਦ ਹੋਈ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹੜ੍ਹਾਂ ਦੀ ਹੁਣ ਤੱਕ ਦੀ ਸਥਿਤੀ ਦਾ ਸਮੁੱਚਾ ਸਾਰ-ਤੱਤ ਇਹ ਹੈ ਕਿ ਲੋਕਾਂ ਨੇ ਲੋਕਾਂ ਦੀ ਬਾਂਹ ਫੜੀ ਹੈ, ਜਦਕਿ ਹਕੂਮਤਾਂ ਤੇ ਪ੍ਰਸ਼ਾਸਨ ਤੰਤਰ ਤਾਂ ਅੰਤਾਂ ਦੇ ਨਾ-ਅਹਿਲ ਸਿੱਧ ਹੋਏ ਹਨ।ਉਨ੍ਹਾਂ ਮੰਗ ਕੀਤੀ ਹੈ ਕਿ ਕੇਂਦਰੀ ਸਰਕਾਰ ਫੁਰਤੀ ਨਾਲ ਹੋਈਆਂ ਦਰਜਨਾਂ ਮੌਤਾਂ, ਲੱਖਾਂ ਏਕੜਾਂ ਫਸਲ ਤੇ ਉਪਜਾਊ ਭੂਮੀ ਦੀ ਬਰਬਾਦੀ, ਮਕਾਨਾਂ, ਪਸ਼ੂ ਧਨ ਆਦਿ ਦੇ ਲੱਖਾਂ ਕਰੋੜ ਰੁਪਏ ਦੇ ਨੁਕਸਾਨ ਦੇ ਮੱਦੇਨਜ਼ਰ ਸੂਬੇ ਨੂੰ ਘੱਟੋ-ਘੱਟ 25 ਹਜ਼ਾਰ ਕਰੋੜ ਰੁਪਏ ਦੀ ਅੰਤਰਿਮ ਰਾਹਤ ਦੇਣ ਦਾ ਐਲਾਨ ਕਰੇ ਤੇ ਬਾਕੀ ਖਰਚਾ ਪੰਜਾਬ ਸਰਕਾਰ ਕਰੇ।ਉਨ੍ਹਾਂ ਇਹ ਵੀ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਇਹ ਯਕੀਨੀ ਬਣਾਵੇ ਕਿ ਕੋਈ ਵੀ ਹੜ੍ਹ ਪੀੜਤ ਮੁਆਵਜ਼ੇ ਤੋਂ ਮਹਿਰੂਮ ਨਾ ਰਹੇ।

ਸਾਥੀ ਮਹੀਪਾਲ ਨੇ ਕਿਹਾ ਕਿ ਇਸ ਔਖ ਦੀ ਘੜੀ ਰਾਜ ਕਰਦੀਆਂ ਪਾਰਟੀਆਂ ਵੱਲੋਂ ਇੱਕ-ਦੂਜੇ ਖਿਲਾਫ਼ ਕੀਤੀ ਜਾ ਰਹੀ ਬਿਆਨਬਾਜ਼ੀ ਤੇ ਫਰਜ਼ੀ ਵਿਰੋਧ ਅਤਿਅੰਤ ਦੁਖਦਾਈ ਹੈ।ਯਾਦ ਰਹੇ ਪਾਰਟੀ ਵੱਲੋਂ 26 ਸਤੰਬਰ ਨੂੰ ਉਕਤ ਪ੍ਰਕਾਰ ਦੇ ਰੋਸ ਐਕਸ਼ਨ ਸੂਬੇ ਦੇ ਸਾਰੇ ਜ਼ਿਲ੍ਹਾ ਕੇਂਦਰਾਂ 'ਤੇ ਕੀਤੇ ਜਾਣਗੇ। ਪਾਰਟੀ ਦੀ ਬਠਿੰਡਾ-ਮਾਨਸਾ ਜ਼ਿਲ੍ਹਾ ਕਮੇਟੀ ਦੇ ਵਿੱਤ ਸਕੱਤਰ ਸਾਥੀ ਪ੍ਰਕਾਸ਼ ਸਿੰਘ ਨੰਦਗੜ੍ਹ ਨੇ ਵੀ ਵਿਚਾਰ ਰੱਖੇ।ਮੱਖਣ ਸਿੰਘ ਪੂਹਲੀ, ਅਮਰੀਕ ਸਿੰਘ ਤੁੰਗਵਾਲੀ, ਬਲਦੇਵ ਸਿੰਘ ਨੇਹੀਆਂ ਵਾਲਾ, ਬਲਵੀਰ ਸਿੰਘ ਗਿੱਦੜ ਤੇ ਮਿਹਰ ਸਿੰਘ ਮੌਜੂਦ ਸਨ।

# ਕੈਨੇਡਾ 'ਚ ਦਿਲ ਦਾ ਦੌਰਾ ਪੈਣ ਕਾਰਨ ਮਾਛੀਵਾੜਾ ਦੇ ਨੌਜਵਾਨ ਦੀ ਮੌਤ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਆਪਣੇ ਰੁਜ਼ਗਾਰ ਖਾਤਰ ਕੁਝ ਸਾਲ ਪਹਿਲਾਂ ਕੈਨੇਡਾ ਗਏ ਮਾਛੀਵਾੜਾ ਸਾਹਿਬ ਦੇ ਰਮਨਦੀਪ ਸਿੰਘ ਗਿੱਲ (40) ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਜਾਣਕਾਰੀ ਅਨੁਸਾਰ ਰਮਨਦੀਪ ਸਿੰਘ ਗਿੱਲ ਕੈਨੇਡਾ ਦੇ ਸ਼ਹਿਰ ਸਰੀ ਵਿਖੇ ਰਹਿੰਦਾ ਸੀ, ਜਿੱਥੇ ਉਸ ਦਾ ਆਪਣਾ ਕੰਮ ਸੀ। ਲੰਘੀ 12 ਸਤੰਬਰ ਨੂੰ ਉਸ ਨੂੰ ਛਾਤੀ ਵਿੱਚ ਦਰਦ ਹੋਣ ਲੱਗਾ ਤਾਂ ਉਸ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਅਤੇ ਡਾਕਟਰਾਂ ਨੇ ਉਸ ਦੇ ਦਿਲ ਦਾ ਆਪ੍ਰੇਸ਼ਨ ਕਰ ਦਿੱਤਾ। ਇਲਾਜ ਦੌਰਾਨ ਹੀ 2 ਦਿਨ ਬਾਅਦ ਉਸ ਨੂੰ ਫਿਰ ਛਾਤੀ ਵਿੱਚ ਸਮੱਸਿਆ ਆਈ ਤੇ ਦੁਬਾਰਾ ਆਇਆ ਅਟੈਕ ਉਸ ਲਈ ਜਾਨਲੇਵਾ ਸਾਬਿਤ ਹੋਇਆ।



ਮ੍ਰਿਤਕ ਰਮਨਦੀਪ ਸਿੰਘ ਗਿੱਲ ਆਪਣੇ ਪਿੱਛੇ ਪਤਨੀ ਤੋਂ ਇਲਾਵਾ 2 ਬੱਚੇ ਛੱਡ ਗਿਆ। ਬੇਸ਼ੱਕ ਉਸ ਦਾ ਭਰਾ ਤਰਨ ਗਿੱਲ ਤੇ ਹੋਰ ਪਰਿਵਾਰਕ ਮੈਂਬਰ ਕੈਨੇਡਾ ਵਿਖੇ ਹੀ ਰਹਿੰਦੇ ਹਨ, ਪਰ ਮਾਛੀਵਾੜਾ ਇਲਾਕੇ ਵਿੱਚ ਇਹ ਨੌਜਵਾਨ ਨੇਕ ਦਿਲ ਸ਼ਖ਼ਸੀਅਤ ਵਜੋਂ ਜਾਣਿਆ ਜਾਂਦਾ ਸੀ। ਨੌਜਵਾਨ ਦੀ ਮੌਤ ਕਾਰਨ ਇਲਾਕੇ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ।

# ਕੇਂਦਰੀ ਰਾਜ ਮੰਤਰੀ ਨਿਖਿਲ ਖੜਸੇ ਤੇ ਪ੍ਰਨੀਤ ਕੌਰ ਵੱਲੋਂ ਹੜ੍ਹ ਮਾਰੇ ਇਲਾਕਿਆਂ ਦਾ ਦੌਰਾ

## ਹਾਂਸੀ ਬੁਟਾਨਾ ਨਹਿਰ ਨੂੰ ਲੈ ਕੇ ਧਰਮਹੇੜੀ 'ਚ ਲੱਗਾ ਧਰਨਾ ਖਤਮ ਕਰਾਇਆ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਮਿਆਰ ਸਿੰਘ ਬੱਲ)**-ਕੇਂਦਰੀ ਰਾਜ ਮੰਤਰੀ ਰਕਸ਼ਾ ਨਿਖਿਲ ਖੜਸੇ ਨੇ ਸਾਬਕਾ ਕੇਂਦਰੀ ਮੰਤਰੀ ਪ੍ਰਨੀਤ ਕੌਰ ਨਾਲ ਸਮਾਣਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ।ਸ੍ਰੀ ਗੁੱਜਰਾਂ ਤੇ ਧਰਮਹੇੜੀ ਸਮੇਤ ਪਿੰਡਾਂ ਦਾ ਨਰੀਖਣ ਕੀਤਾ, ਜੋ ਘੱਗਰ ਦਰਿਆ ਕਾਰਨ ਆਏ ਹੜ੍ਹਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।ਦੌਰੇ ਦੌਰਾਨ ਕੇਂਦਰੀ ਰਾਜ ਮੰਤਰੀ ਰਕਸ਼ਾ ਨਿਖਿਲ ਖੜਸੇ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਨੁਕਸਾਨ ਦੀ ਵਿਆਪਕ ਰਿਪੋਰਟ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਕੇਂਦਰ ਵੱਲੋਂ ਢੁੱਕਵਾਂ ਮੁਆਵਜ਼ਾ ਦਿੱਤਾ ਜਾ ਸਕੇ।ਕਿਸਾਨਾਂ ਨਾਲ ਗੱਲਬਾਤ ਦੌਰਾਨ, ਉਨ੍ਹਾਂ ਨੇ ਉਨ੍ਹਾਂ ਦੀਆਂ ਮੁੱਖ ਮੰਗਾਂ ਨੂੰ ਨੋਟ ਕੀਤਾ।



ਉਨ੍ਹਾਂ ਭਰੋਸਾ ਦਿੱਤਾ ਕਿ ਇਨ੍ਹਾਂ ਸਮੱਸਿਆਵਾਂ ਨੂੰ ਪ੍ਰਧਾਨ ਮੰਤਰੀ ਦਫ਼ਤਰ, ਕੇਂਦਰੀ ਜਲ ਕਮਿਸ਼ਨ ਤੇ ਕੇਂਦਰੀ ਸਰਕਾਰੀ ਆਵਾਜਾਈ ਮੰਤਰਾਲੇ ਕੋਲ ਉਠਾਇਆ ਜਾਵੇਗਾ ਤਾਂ ਜੋ ਇੱਕ ਸਥਾਈ ਹੱਲ ਯਕੀਨੀ ਬਣਾਇਆ ਜਾ ਸਕੇ ਤੇ ਵਾਰ-ਵਾਰ ਹੋਣ ਵਾਲੀ ਤਬਾਹੀ ਨੂੰ ਰੋਕਿਆ ਜਾ ਸਕੇ। ਬਾਅਦ ਵਿੱਚ, ਉਨ੍ਹਾਂ ਨੇ ਧਰਮਹੇੜੀ ਦਾ ਦੌਰਾ ਕੀਤਾ, ਜਿੱਥੇ ਕਿਸਾਨ ਹਾਂਸੀ-ਬੁਟਾਨਾ ਨਹਿਰ ਦੇ ਮੁੱਦੇ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ।ਪ੍ਰਨੀਤ ਕੌਰ ਨੇ ਦੱਸਿਆ ਕਿ ਇਹ ਮਾਮਲਾ ਪਹਿਲਾਂ ਹੀ ਹਰਿਆਣਾ ਦੇ ਮੁੱਖ ਮੰਤਰੀ ਤੇ ਰਾਜਪਾਲ ਕੋਲ ਉਠਾਇਆ ਜਾ ਚੁੱਕਿਆ ਹੈ ਅਤੇ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਹਰਿਆਣਾ ਦੇ ਮੁੱਖ ਮੰਤਰੀ ਨੇ ਵੀ ਜ਼ਮੀਨੀ ਸਥਿਤੀ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਨੂੰ ਭੇਜਿਆ ਹੈ।ਉਨ੍ਹਾਂ ਭਰੋਸਾ ਦਿਵਾਇਆ ਕਿ ਸਬੰਧਤ ਰਾਜਾਂ ਦੀ ਕੇਂਦਰੀ ਜਲ ਕਮਿਸ਼ਨ ਨਾਲ ਜਲਦ ਹੀ ਇੱਕ ਉੱਚ-ਪੱਧਰੀ ਮੀਟਿੰਗ ਬੁਲਾਈ ਜਾਵੇਗੀ ਅਤੇ ਇੱਕ ਠੋਸ ਹੱਲ ਕੱਢਿਆ ਜਾਵੇਗਾ।ਕੇਂਦਰੀ ਮੰਤਰੀ ਦੇ ਦੌਰੇ ਤੇ ਭਰੋਸੇ ਤੋਂ ਬਾਅਦ, ਕਿਸਾਨਾਂ ਨੇ ਤੁਰੰਤ ਆਪਣਾ ਵਿਰੋਧ ਪ੍ਰਦਰਸ਼ਨ ਖਤਮ ਕਰ ਦਿੱਤਾ ਤੇ ਕੀਤੀ ਗਈ ਕਾਰਵਾਈ ਲਈ ਆਗੂਆਂ ਦਾ ਧੰਨਵਾਦ ਪ੍ਰਗਟਾਇਆ।ਇਸ ਦੌਰੇ ਦੌਰਾਨ ਸਮਾਣਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ, ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਗਗਰੋਲੀ ਤੇ ਹਰਮੇਸ਼ ਗੋਇਲ ਡਕਾਲਾ, ਮੰਡਲ ਪ੍ਰਧਾਨ ਜਤਿੰਦਰ ਸ਼ਰਮਾ, ਜ਼ਿਲ੍ਹਾ ਸਪੋਕਸਮੈਨ ਸ਼ੈਂਕੀ ਧੀਮਾਨ, ਯੁਵਾ ਮੋਰਚਾ ਸਮਾਣਾ ਦੇ ਪ੍ਰਧਾਨ ਪ੍ਰੀਕਸ਼ਤ ਪਾਠਕ, ਲੱਡੂ ਭੱਲਾ, ਦਮਨ ਭੱਲਾ, ਵਿਨੇ ਸ਼ਰਮਾ ਤੇ ਵੱਡੀ ਗਿਣਤੀ ਵਿੱਚ ਕਿਸਾਨ ਮੌਜੂਦ ਸਨ।

# ਡੀ ਟੀ ਐੱਫ ਵੱਲੋਂ ਖਜ਼ਾਨਾ ਅਫਸਰ ਦੇ ਦਫਤਰ ਅੱਗੇ ਧਰਨਾ ਤੇ ਘਿਰਾਓ, ਵਿੱਤ ਮੰਤਰੀ ਦੇ ਨਾਂਅ ਦਿੱਤਾ ਰੋਸ ਪੱਤਰ

**ਸੰਗਰੂਰ (ਪ੍ਰਵੀਨ ਸਿੰਘ)**-ਡੈਮੋਕ੍ਰੇਟਿਕ ਟੀਚਰ ਫਰੰਟ ਸੰਗਰੂਰ ਵੱਲੋਂ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ ਦੀ ਅਗਵਾਈ ਵਿੱਚ ਜ਼ਿਲ੍ਹਾ ਖਜ਼ਾਨਾ ਅਫਸਰ ਦੇ ਦਫਤਰ ਬਾਹਰ ਰੋਸ ਧਰਨਾ ਦਿੱਤਾ ਗਿਆ।ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ 5178 ਅਧਿਆਪਕਾਂ ਦੇ ਲੰਮੇ ਸਮੇਂ ਤੋਂ ਲਟਕਦੇ ਏਰੀਅਰ ਬਿਲਾਂ ਦੇ ਕਲੀਅਰ ਨਾ ਹੋਣ ਕਰਕੇ ਜ਼ਿਲ੍ਹਾ ਖਜ਼ਾਨਾ ਅਫਸਰ ਸੰਗਰੂਰ ਨੂੰ ਮਿਲਿਆ ਗਿਆ ਸੀ, ਪਰ ਸਮਾਂ ਲੰਘ ਜਾਣ ਦੇ ਬਾਵਜੂਦ ਜਦੋਂ ਉਕਤ ਅਧਿਆਪਕਾਂ ਦੇ ਬਕਾਏ ਖਾਤੇ ਵਿੱਚ ਨਾ ਪਏ ਤਾਂ ਡੀਟੀਐੱਫ ਸੰਗਰੂਰ ਤੇ 5178 ਅਧਿਆਪਕਾਂ ਵੱਲੋਂ ਸਾਂਝੇ ਰੂਪ ਵਿੱਚ ਜ਼ਿਲ੍ਹਾ ਖਜ਼ਾਨਾ ਅਫਸਰ ਦਫਤਰ ਦੇ ਬਾਹਰ ਰੋਸ ਧਰਨਾ ਦਿੱਤਾ ਗਿਆ ਅਤੇ ਨਾਅਰੇਬਾਜ਼ੀ ਕਰਕੇ ਪੀੜਤ ਅਧਿਆਪਕਾਂ ਨੇ ਆਪਣਾ ਰੋਸ ਜਤਾਇਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ, ਜਨਰਲ ਸਕੱਤਰ ਮਨ ਵਸ਼ਿਸ਼ਟ, ਪ੍ਰੈੱਸ ਸਕੱਤਰ ਕਰਮਜੀਤ ਨਦਾਮਪੁਰ, ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਆਗੂ ਦਲਜੀਤ ਸਫੀਪੁਰ ਤੇ ਮੈਡਮ ਸੋਨੀ ਕੌਰ ਨੇ ਸੰਬੋਧਨ ਕਰਦਿਆਂ 5178 ਅਧਿਆਪਕਾਂ ਦੇ ਬਕਾਇਆ ਪੈਣ ਸਬੰਧੀ ਆ ਰਹੀਆਂ ਸਮੱਸਿਆਵਾਂ ਸਬੰਧੀ ਰੋਸ ਦਾ ਪ੍ਰਗਟਾਵਾ ਕੀਤਾ।ਇਸ ਤੋਂ ਬਾਅਦ ਅਧਿਆਪਕਾਂ ਵੱਲੋਂ ਜ਼ਿਲ੍ਹਾ ਖਜ਼ਾਨਾ ਅਫਸਰ ਨੂੰ ਵਿੱਤ ਮੰਤਰੀ ਪੰਜਾਬ ਦੇ ਨਾਮ ਰੋਸ ਪੱਤਰ ਦਿੱਤਾ ਗਿਆ, ਜਿਸ ਰਾਹੀਂ ਪੀੜਤ 5178 ਅਧਿਆਪਕਾਂ ਦੇ ਬਕਾਏ ਉਨ੍ਹਾਂ ਦੇ ਖਾਤਿਆਂ ਵਿੱਚ ਤੁਰੰਤ ਪਾਉਣ ਲਈ ਮੰਗ ਕੀਤੀ।ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਵੱਲੋਂ ਐਲਾਨ ਕੀਤਾ ਗਿਆ ਕਿ ਜੇਕਰ 5178 ਅਧਿਆਪਕਾਂ ਦੇ ਬਕਾਏ ਤੁਰੰਤ ਖਾਤਿਆਂ ਵਿੱਚ ਨਹੀਂ ਪਾਏ ਜਾਂਦੇ ਤਾਂ ਪੂਰੇ ਪੰਜਾਬ ਵਿੱਚ ਜ਼ਿਲ੍ਹਾ ਖਜ਼ਾਨਾ ਦਫਤਰਾਂ ਤੇ ਸੂਬਾ ਪੱਧਰ 'ਤੇ ਵੀ ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਘਿਰਾਓ ਕੀਤਾ ਜਾਵੇਗਾ।ਇਸ ਮੌਕੇ ਏਕਮ ਸਿੰਘ, ਮਨਜੀਤ ਲਹਿਰਾ, ਕਰਮਜੀਤ ਕੌਰ, ਸ਼ਿਵਾਲੀ ਗਿਰ ਆਦਿ ਅਧਿਆਪਕਾਂ ਤੋਂ ਬਿਨਾਂ ਵੱਡੀ ਗਿਣਤੀ ਵਿੱਚ ਆਗੂ ਤੇ ਅਧਿਆਪਕ ਹਾਜ਼ਰ ਸਨ।



# ਸਾਬਕਾ ਚੇਅਰਮੈਨ ਹਰਚਰਨ ਸਿੰਘ ਵੈਰੜ ਦਾ ਦੇਹਾਂਤ

## ਅੱਜ ਗਿਆਰਾਂ ਵਜੇ ਹੋਵੇਗਾ ਅੰਤਿਮ ਸੰਸਕਾਰ

**ਮਮਦੋਟ (ਜਸਬੀਰ ਸਿੰਘ ਕੰਬੋਜ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀ: ਆਗੂ ਤੇ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸ: ਹਰਚਰਨ ਸਿੰਘ ਵੈਰੜ 16 ਸਤੰਬਰ ਮੰਗਲਵਾਰ ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾ ਟਰੱਕ ਯੂਨੀਅਨ ਮਮਦੋਟ ਵਿਖੇ ਬਤੌਰ ਪ੍ਰਧਾਨ ਸ਼ਾਨਦਾਰ ਸੇਵਾਵਾਂ ਨਿਭਾਈਆਂ, ਜਿਸ ਕਾਰਨ ਉਹ ਇਲਾਕੇ ਭਰ ਵਿੱਚ ਸਤਿਕਾਰ ਨਾਲ ਪ੍ਰਧਾਨ ਜੀ ਕਰਕੇ ਜਾਣੇ ਜਾਂਦੇ ਸਨ।ਉਨ੍ਹਾ ਸਮੇਂ ਸਮੇਂ 'ਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਵੱਖ ਵੱਖ ਅਹੁਦਿਆਂ 'ਤੇ ਸੇਵਾਵਾਂ ਵੀ ਬਾਖੂਬੀ ਨਿਭਾਈਆਂ।ਉਨ੍ਹਾ ਦੇ ਅਚਨਚੇਤ ਅਕਾਲ ਚਲਾਣਾ ਕਰ ਜਾਣ 'ਤੇ ਸ੍ਰ. ਜਨਮੇਜਾ ਸਿੰਘ ਸੇਖੋਂ ਸਾਬਕਾ ਕੈਬਨਿਟ ਮੰਤਰੀ ਪੰਜਾਬ, ਜਥੇਦਾਰ ਪ੍ਰੀਤਮ ਸਿੰਘ ਮਲਸੀਆਂ ਮੈਂਬਰ ਸ਼੍ਰੋਮਣੀ ਕਮੇਟੀ, ਦਰਸ਼ਨ ਸਿੰਘ ਸ਼ੇਰ ਖਾਂ ਮੈਂਬਰ ਸ਼੍ਰੋਮਣੀ ਕਮੇਟੀ, ਜੋਗਿੰਦਰ ਸਿੰਘ ਜਿੰਦੂ ਸਾਬਕਾ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ, ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਰਵੀ ਦੱਤ ਚਾਵਲਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਯੂਥ ਆਗੂ ਸੁਰਿੰਦਰ ਸਿੰਘ ਬੱਬੂ, ਹਰਪ੍ਰੀਤ ਸਿੰਘ ਸ਼ੇਰ ਖਾਂ, ਚਮਕੌਰ ਸਿੰਘ ਟਿੱਬੀ, ਜੋਗਾ ਸਿੰਘ ਮੁਰਕ ਵਾਲਾ, ਪ੍ਰਕਾਸ਼ ਸਿੰਘ, ਕੁਲਦੀਪ ਸਿੰਘ ਲਹੌਰੀਆ, ਪ੍ਰਤਾਪ ਸਿੰਘ ਲੱਖੋ ਕੇ, ਗੁਰਪ੍ਰੀਤ ਸਿੰਘ ਲੱਖੋ ਕੇ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਜਗਦੀਸ਼ ਕੁਮਾਰ ਰਾਜੂ ਚਾਵਲਾ, ਅਵਤਾਰ ਸਿੰਘ ਲੋਧਰਾਂ ਪ੍ਰਧਾਨ ਆੜ੍ਹਤੀ ਯੂਨੀਅਨ, ਸੁਰਿੰਦਰ ਕੁਮਾਰ (ਸੋਨੂੰ) ਸੇਠੀ ਅਸ਼ੋਕ ਨਾਰੰਗ, ਪਵਨ ਕੁਮਾਰ ਦੁੱਗਲ, ਸੁਰਿੰਦਰ ਕੁਮਾਰ ਕਾਲਾ ਪ੍ਰਧਾਨ ਵਪਾਰ ਯੂਨੀਅਨ ਵੱਲੋਂ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦਾ ਅੰਤਿਮ ਸੰਸਕਾਰ 17 ਸਤੰਬਰ ਬੁੱਧਵਾਰ ਸ਼ਮਸ਼ਾਨ ਘਾਟ ਮਮਦੋਟ ਵਿਖੇ 11 ਵਜੇ ਹੋਵੇਗਾ।



# ਪੰਜਾਬ ਪੈਨਸ਼ਨਰਜ਼ ਯੂਨੀਅਨ ਏਟਕ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ 51 ਹਜ਼ਾਰ ਦਾ ਯੋਗਦਾਨ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਜ਼ਿਲ੍ਹਾ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਕੁਲਵੰਤ ਸਿੰਘ ਚਾਨੀ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ, ਪੈਨਸ਼ਨਰ ਆਗੂ ਅਸ਼ੋਕ ਕੌਸ਼ਲ, ਇਕਬਾਲ ਸਿੰਘ ਮੰਘੇੜਾ, ਸੋਮ ਨਾਥ ਅਰੋੜਾ, ਤਰਸੇਮ ਨਰੂਲਾ, ਗੁਰਚਰਨ ਸਿੰਘ ਮਾਨ ਤੇ ਸੁਖਚੈਨ ਸਿੰਘ ਥਾਂਦੇਵਾਲਾ ਨੇ ਪਿਛਲੇ ਦਿਨੀਂ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਸਦੀਵੀ ਵਿਛੋੜਾ ਦੇ ਗਏ ਵਿਅਕਤੀਆਂ, ਸੁਖਮੰਦਰ ਕੌਰ ਬਰਾੜ ਸੇਵਾ ਮੁਕਤ ਜ਼ਿਲ੍ਹਾ ਸਿੱਖਿਆ ਅਫਸਰ ਫਰੀਦਕੋਟ, ਗੁਰਨਾਮ ਕੌਰ ਢਿੱਲੋਂ ਸੇਵਾ ਮੁਕਤ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਫਰੀਦਕੋਟ ਤੇ ਹੋਰ ਵੱਖ ਵੱਖ ਸ਼ਖਸੀਅਤਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਦੱਸਿਆ ਕਿਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੀ ਅਪੀਲ 'ਤੇ ਲਗਭਗ 51000 ਰੁਪਏ ਦੀ ਰਾਸ਼ੀ ਇਕੱਤਰ ਹੋ ਗਈ ਹੈ।ਉਨ੍ਹਾਂ ਇਸ ਕਾਰਜ ਵਿੱਚ ਯੋਗਦਾਨ ਪਾਉਣ ਵਾਲੇ ਸਮੂਹ ਪੈਨਸ਼ਨਰਾਂ ਦਾ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਦੱਸਿਆ ਕਿ ਇਹ ਰਾਸ਼ੀ 18 ਸਤੰਬਰ ਨੂੰ ਜਲੰਧਰ ਵਿਖੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਸੂਬਾ ਕਮੇਟੀ ਦੀ ਮੀਟਿੰਗ ਦੌਰਾਨ ਜਮ੍ਹਾਂ ਕਰਵਾ ਦਿੱਤੀ ਜਾਵੇਗੀ ਅਤੇ ਇਸ ਤੋਂ ਜਥੇਬੰਦੀ ਦੇ ਫੈਸਲੇ ਮੁਤਾਬਕ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਮੁਹੱਈਆ ਕਰ ਦਿੱਤੀ ਜਾਵੇਗੀ।

## ■ ਢੁਕਵੇਂ ਮੁਆਵਜ਼ੇ ਲਈ ਡੀ ਸੀ ਨੂੰ ਦਿੱਤਾ ਜਾਵੇਗਾ ਅੱਜ ਮੰਗ ਪੱਤਰ



ਆਗੂਆਂ ਨੇ ਦੱਸਿਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਅਨੁਸਾਰ 17 ਸਤੰਬਰ ਨੂੰ ਸਵੇਰੇ ਠੀਕ 10-30 ਵਜੇ ਹੜ੍ਹ ਪੀੜਤਾਂ ਨੂੰ ਢੁੱਕਵਾਂ ਮੁਆਵਜ਼ਾ ਦਿਵਾਉਣ ਲਈ ਮੁੱਖ ਮੰਤਰੀ ਪੰਜਾਬ ਦੇ ਨਾਂ ਇੱਕ ਮੰਗ ਪੱਤਰ ਡਿਪਟੀ ਕਮਿਸ਼ਨਰ ਫਰੀਦਕੋਟ ਨੂੰ ਦਿੱਤਾ ਜਾਵੇਗਾ।ਮੀਟਿੰਗ ਦੌਰਾਨ ਕਿਰਤੀਆਂ ਦੇ ਹੱਕਾਂ ਲਈ ਲਗਾਤਾਰ ਸੰਘਰਸ਼ਸ਼ੀਲ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਕੌਮੀ ਕਾਨਫਰੰਸ ਦੇ ਮੌਕੇ 21 ਸਤੰਬਰ ਨੂੰ ਮੋਹਾਲੀ ਵਿਖੇ ਕੀਤੀ ਜਾ ਰਹੀ ਸੂਬਾਈ ਰੈਲੀ ਵਿੱਚ ਪੰਜਾਬ ਪੈਨਸ਼ਨਰਜ਼ ਯੂਨੀਅਨ ਵੱਲੋਂ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ।ਆਗੂਆਂ ਨੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਬਣੀ ਕੈਬਨਿਟ ਸਬ ਕਮੇਟੀ ਵੱਲੋਂ ਵਾਰ ਵਾਰ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀ ਲੀਡਰਸ਼ਿਪ ਨੂੰ ਮੀਟਿੰਗਾਂ ਦਾ ਸਮਾਂ ਦੇ ਕੇ ਮੀਟਿੰਗਾਂ ਮੁਲਤਵੀ ਕਰਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਆਪਣੇ ਚੋਣ ਮਨੋਰਥ ਪੱਤਰ ਵਿੱਚ ਲੋਕਾਂ ਨਾਲ ਕੀਤੇ ਗਏ ਬਹੁਤ ਸਾਰੇ ਵਾਅਦਿਆਂ ਤੋਂ ਸ਼ਰੇਆਮ ਮੁੱਕਰਨ ਦਾ ਦੋਸ਼ ਲਾਇਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਅਸ਼ੋਕ ਚਾਵਲਾ ਸੁਪਰਡੈਂਟ, ਜਸਵਿੰਦਰ ਸਿੰਘ ਬਰਾੜ, ਹਰਦੇਵ ਸਿੰਘ ਗਿੱਲ, ਜਸਪਾਲ ਸਿੰਘ, ਹਾਕਮ ਸਿੰਘ ਡੀ ਪੀ ਈ, ਮੇਜਰ ਸਿੰਘ ਡੀ ਪੀ ਈ, ਲੈਕਚਰਾਰ ਮੰਦਰ ਸਿੰਘ, ਮਦਨ ਲਾਲ ਸ਼ਰਮਾ ਸੰਧਵਾਂ, ਕੇਵਲ ਸਿੰਘ ਲੰਭਵਾਲੀ, ਬਿੱਕਰ ਸਿੰਘ ਗੋਂਦਾਰਾ, ਸੁਖਮੰਦਰ ਸਿੰਘ ਰਾਮਸਰ, ਗੁਰਦੀਪ ਭੋਲਾ ਪੀ ਆਰ ਟੀ ਸੀ, ਜਗਸੀਰ ਸਿੰਘ, ਅੰਗਰੇਜ਼ ਸਿੰਘ ਪੰਜਾਬ ਪੁਲਸ ਤੇ ਗੇਜ ਰਾਮ ਭੌਰਾ ਆਦਿ ਹਾਜ਼ਰ ਸਨ।

# ਰਾਜਿੰਦਰਾ ਜਿੰਮਖਾਨਾ ਐਂਡ ਮਹਿੰਦਰਾ ਕਲੱਬ 'ਚ ਲੱਖਾਂ ਰੁਪਏ ਦਾ ਘਪਲਾ ਹੋਣ ਨਾਲ ਮਚਿਆ ਘਸਮਾਨ

**ਪਟਿਆਲਾ (ਰਜਿੰਦਰ ਸਿੰਘ ਥਿੰਦ)**

ਉੱਤਰੀ ਭਾਰਤ ਦੇ ਨਾਮਵਰ ਪਟਿਆਲਾ ਸਥਿਤ ਰਾਜਿੰਦਰਾ ਜਿੰਮਖਾਨਾ ਐਂਡ ਮਹਿੰਦਰਾ ਕਲੱਬ ਵਿੱਚ ਹੋਏ ਲੱਖਾਂ ਰੁਪਏ ਦੇ ਘਪਲੇ ਨੇ ਪੂਰੀ ਤਰ੍ਹਾਂ ਘਸਮਾਨ ਮਚਾ ਦਿੱਤਾ ਹੈ।ਕਲੱਬ ਦੇ ਵੀਵੀਆਈਪੀ ਮੈਂਬਰ ਵੀ ਇਸ ਗੱਲ ਨੂੰ ਲੈ ਕੇ ਹੈਰਾਨ ਹਨ ਕਿ ਇਹ ਆਖਿਰ ਕਿਸ ਤਰ੍ਹਾਂ ਹੋ ਗਿਆ। ਉਧਰੋਂ ਕਲੱਬ ਦੇ ਮੌਜੂਦਾ ਪ੍ਰਧਾਨ ਦੀਪਕ ਕੰਪਾਨੀ ਤੇ ਮੀਤ ਪ੍ਰਧਾਨ ਵਿਕਾਸ ਪੁਰੀ ਨੇ ਘਪਲਾ ਕਰਨ ਵਾਲੇ ਦੋ ਐਡੀਟਰਾਂ ਖਿਲਾਫ ਪਟਿਆਲਾ ਵਿਖੇ ਧੋਖਾਧੜੀ ਦਾ ਕੇਸ ਰਜਿਸਟਰਡ ਕਰਵਾਇਆ ਹੈ।

ਰਾਜਿੰਦਰਾ ਜਿੰਮਖਾਨਾ ਐਂਡ ਮਹਿੰਦਰਾ ਕਲਬ ਵਿਚ ਲੰਬੇ ਸਮੇਂ ਤੋਂ ਗੋਇਲ ਐਂਡ ਐਸੋਸੀਏਟ ਕੰਪਨੀ ਤੇ ਇਕ ਹੋਰ ਕੰਪਨੀ ਗੋਇਲ ਮਹਾਜਨ ਐਂਡ ਐਸੋਸੀਏਟ ਸਮੁੱਚੇ ਸਾਲ ਦੇ ਲੱਖਾਂ ਰੁਪਏ ਦੇ ਲੈਣ ਦੇਣ ਦਾ ਬਤੌਰ ਸੀਏ ਕੰਮਕਾਜ ਦੇਖਦੀ ਸੀ।ਇਨ੍ਹਾਂ ਕੰਪਨੀਆਂ ਦੇ ਪ੍ਰੋਪਰਾਈਟਰ ਅਸ਼ੋਕ ਗੋਇਲ, ਨੀਰਜ ਜਿੰਦਲ ਤੇ ਰਾਜੀਵ ਗੋਇਲ ਹਨ, ਜਿਹੜੇ ਕਿ ਬਤੌਰ ਐਡੀਟਰ ਤੇ ਸੀਏ ਸਮੁਚੇ ਕਲੱਬ ਦਾ ਫਾਈਨਾਂਸ਼ੀਅਲ ਸਿਸਟਮ ਦੇਖਦੇ ਸਨ।ਇਨ੍ਹਾਂ ਪ੍ਰੋਪਰਾਈਟਰ ਨੇ ਆਪਸ ਵਿੱਚ ਮਿਲੀਭੁਗਤ ਕਰਕੇ ਧੋਖਾਧੜੀ ਕਰਦੇ ਹੋਏ ਰਾਜਿੰਦਰਾ ਜਿੰਮਖਾਨਾ ਐਂਡ ਮਹਿੰਦਰਾ ਕਲੱਬ ਤੇ ਮੋਟੇ ਪੈਸੇ ਹੜੱਪ ਕਰ ਲਏ ਤੇ ਕਲੱਬ ਦੇ ਖਾਤੇ ਵਿੱਚੋਂ ਗੋਇਲ ਮਹਾਜਨ ਐਂਡ ਐਸੋਸੀਏਟ ਕੰਪਨੀ ਵਿੱਚ 5 ਲੱਖ 21 ਹਜ਼ਾਰ 663 ਰੁਪਏ ਦੀ ਰਕਮ ਬਿਨਾ ਕਿਸੇ ਇਜਾਜ਼ਤ ਤੋਂ ਸ਼ਿਫਟ ਕਰ ਲਈ।ਇਸ ਤੋਂ ਬਿਨਾਂ ਵੱਖ ਵੱਖ ਤਰੀਕਾਂ ਵਿੱਚ ਹੋਰ ਵੀ ਲੱਖਾਂ ਰੁਪਏ ਸ਼ਿਫਟ ਹੋਏ ਹਨ।ਇਥੇ ਹੀ ਬਸ ਨਹੀਂ ਗੋਇਲ ਐਂਡ ਐਸੋਸੀਏਟ ਦੇ ਪ੍ਰੋਪਰਾਈਟਰ ਅਸ਼ੋਕ ਗੋਇਲ, ਨੀਰਜ ਕੁਮਾਰ ਆਦਿ ਨੇ ਆਪਣੀ ਆਡਿਟ ਦੀ ਇੱਕ ਸਾਲ ਦੀ ਫੀਸ ਡੇਢ ਲੱਖ ਤੋਂ ਵਧਾ ਕੇ 1 ਲੱਖ 80 ਹਜ਼ਾਰ ਕਰ ਲਈ ਤੇ ਫਿਰ ਟੈਕਸਾਂ ਸਮੇਤ 1 ਲੱਖ 93 ਹਜ਼ਾਰ ਕਰ ਲਈ ਤੇ ਫਿਰ ਕਲੱਬ ਦੇ ਖਾਤੇ ਵਿੱਚੋਂ ਪੈਸੇ ਟਰਾਂਸਫਰ ਕਰ ਲਏ।

## ■ ਕਲੱਬ ਦੇ ਪ੍ਰਧਾਨ ਦੀਪਕ ਕੰਪਾਨੀ ਤੇ ਮੀਤ ਪ੍ਰਧਾਨ ਵਿਕਾਸ ਪੁਰੀ ਦੀ ਅਰਜ਼ੀ 'ਤੇ ਹੋਈ ਕਾਰਵਾਈ ■ ਮੁਲਜ਼ਮ ਐਡੀਟਰਾਂ ਨੇ ਬਿਨਾਂ ਪ੍ਰਵਾਨਗੀ ਪੈਸੇ ਆਪਣੇ ਖਾਤੇ 'ਚ ਕੀਤੇ ਸ਼ਿਫਟ



ਮੈਂ, ਪਰਮਜੀਤ ਕੌਰ ਪਤਨੀ ਲੇਟ ਸੁਰਜੀਤ ਸਿੰਘ ਛੀਨਾ ਵਾਸੀ 504, ਕਿਰਨ ਕਾਲੋਨੀ, ਚਰਚ, ਗੁਮਟਾਲਾ ਬਾਈਪਾਸ, ਗੁਮਟਾਲਾ, ਸਬ-ਅਰਬਨ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ-143008 ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਉਂਕਾਰ ਸਿੰਘ ਉਰਫ ਸੌਰਵ ਗੱਟੂ ਅਤੇ ਮੇਰੀ ਨੂੰਹ ਸਨੇਹਾ ਮੇਰੇ ਕਹਿਣੇ ਵਿੱਚ ਨਹੀਂ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਧਰਮ ਪਾਲ ਪੁੱਤਰ ਸ੍ਰੀ ਰਾਮ ਪ੍ਰਕਾਸ਼ ਵਾਸੀ ਪਿੰਡ ਸੋਹੀਆਂ, ਡਾਕਖਾਨਾ ਕੁਰਾਲਾ ਕਲਾਂ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਬਲਜਿੰਦਰ ਪਾਲ ਅਤੇ ਉਸ ਦੀ ਪਤਨੀ ਸ਼ਿਲਪੀ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰਕ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਸੁਰਿੰਦਰ ਕੌਰ ਪਤਨੀ ਅਮਰਜੀਤ ਸਿੰਘ, ਵਾਸੀ ਪਿੰਡ ਲੋਹਾਰਾਂ, ਡਾਕ. ਮਾਨਕ ਰਾਏ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਤਵੀਰ ਸਿੰਘ ਅਤੇ ਉਸ ਦੀ ਪਤਨੀ ਸੁਮਨ ਕੁਮਾਰੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸਰਬਜੀਤ ਸਿੰਘ ਪੁੱਤਰ ਗਿਆਨ ਸਿੰਘ, ਵਾਸੀ ਪਿੰਡ ਸਮਸਤਪੁਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਹੁਣ ਵਾਸੀ 22919, 105th AVE SOUTH EAST, KENT, WASHINGTON, ZIP CODE 98031, USA ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਕਰਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਹਰਪ੍ਰੀਤ ਕੌਰ ਪਤਨੀ ਜਸਵਿੰਦਰ ਸਿੰਘ ਪੁੱਤਰ ਪ੍ਰਸ਼ਾਨ ਸਿੰਘ ਵਾਸੀਆਨ ਪਿੰਡ ਤੇ ਡਾਕ: ਸਾਂਧਰਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੁਰਸਿਮਰਨ ਸਿੰਘ ਅਤੇ ਉਸ ਦੀ ਪਤਨੀ ਅਮਨਪ੍ਰੀਤ ਕੌਰ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਮਹਿੰਦਰ ਪਾਲ ਪੁੱਤਰ ਅਮਰ ਚੰਦ ਅਤੇ ਜਸਵਿੰਦਰ ਕੌਰ ਪਤਨੀ ਮਹਿੰਦਰ ਪਾਲ, ਵਾਸੀਆਨ ਪਿੰਡ ਰਾਇਪੁਰ, ਥਾਣਾ ਬੁੱਲ੍ਹੋਵਾਲ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੁਖਵਿੰਦਰ ਸਿੰਘ ਉਰਫ ਸੁੱਖੀ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਰਮੇਸ਼ ਕੁਮਾਰ ਪੁੱਤਰ ਰੋਸ਼ਨ ਲਾਲ ਵਾਸੀ ਮਕਾਨ ਨੰ: 56 ਖਿਲੌਨੇ ਵਾਲੀ ਗਲੀ ਅਚਲੀਗੇਟ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਸੰਨੀ ਲੁਥੜਾ ਅਤੇ ਨੂੰਹ ਕੋਮਲ ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ।

ਮੈਂ ਰਾਮ ਜੀ ਲਾਲ ਪੁੱਤਰ ਖਰੈਤੀ ਲਾਲ ਵਾਸੀ ਮਕਾਨ ਨੰਬਰ 578 ਬੀ ਤਿਲਕ ਨਗਰ, ਜਲੰਧਰ, ਪੰਜਾਬ ਦਾ ਰਹਿਣ ਵਾਲਾ ਹਾਂ। ਮੇਰੀ ਆਪਣੀ ਲੜਕੀ ਭਾਵਨਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੀ ਲੜਕੀ ਨੂੰ ਆਪਣੀ ਚੱਲ-ਅਚੱਲ ਸੰਪਤੀ ਵਿੱਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਹੀ ਜ਼ਿੰਮੇਵਾਰ ਹੋਵੇਗਾ। ਸੰਬੰਧੀ ਨੋਟ ਕਰਨ।

ਮੈਂ ਹਰਜੀਤ ਕੌਰ ਪਤਨੀ ਲੇਟ ਅਰਜਨ ਸਿੰਘ ਵਾਸੀ ਮਕਾਨ ਨੰ.46, ਬਾਬਾ ਦੀਪ ਸਿੰਘ ਕਲੋਨੀ, ਸਾਹਮਣੇ ਬਸੰਤ ਪੈਟਰੋਲ ਪੰਪ, ਤਰਨ ਤਾਰਨ ਰੋਡ, ਅੰਮ੍ਰਿਤਸਰ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਗਮੀਤ ਸਿੰਘ ਅਤੇ ਉਸਦੀ ਪਤਨੀ ਅਰਸ਼ਦੀਪ ਕੌਰ ਜੋ ਕਿ ਸਾਡੇ ਕਹਿਣੇ, ਸੁਨਣੇ ਤੋਂ ਬਾਹਰ ਹਨ, ਸਾਡੀ ਕੋਈ ਗੱਲ ਨਹੀਂ ਮੰਨਦੇ ਅਤੇ ਲੜਾਈ ਝਗੜਾ ਕਰਦੇ ਰਹਿੰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ, ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਅਤੇ ਅਰਸ਼ਦੀਪ ਕੌਰ ਦੇ ਪੇਕੇ ਪਰਿਵਾਰ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੈਂ ਲਖਬੀਰ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਵਾਰਡ ਨੰਬਰ 11 ਪੱਟੀ, ਤਹਿਸੀਲ ਪੱਟੀ ਜਿਲਾ ਤਰਨਤਾਰਨ ਦਾ ਰਹਿਣ ਵਾਲਾ ਹਾਂ ਮੇਰਾ ਪੁੱਤਰ ਸਰਤਾਜ ਸਿੰਘ ਮੇਰੇ ਕਹਿਣੇ ਤੋ ਬਾਹਰ ਹੈ। ਮੈ ਆਪਣੇ ਲੜਕੇ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾ। ਇਸ ਨਾਲ ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਅਮਰੀਕ ਸਿੰਘ ਪੁੱਤਰ ਜੀਤ ਰਾਮ ਅਤੇ ਸੰਤੋਸ਼ ਕੁਮਾਰੀ ਪਤਨੀ ਅਮਰੀਕ ਸਿੰਘ ਵਾਸੀਆਨ ਪਿੰਡ ਠੁਆਣਾ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਕੁਆਰਾ ਲੜਕਾ ਸਾਹਿਲ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਕਰਕੇ ਅਸੀ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦਾ ਖੁਦ ਜ਼ੁੰਮੇਵਾਰ ਹੋਣਗੇ।

ਮੈਂ, ਬਲਜਿੰਦਰ ਕੌਰ ਪਤਨੀ ਕੁਲਵਿੰਦਰ ਸਿੰਘ ਵਾਸੀ ਪਿੰਡ ਵਜ਼ੀਰ ਭੁੱਲਰ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਸਾਡੀ ਲੜਕੀ ਕੋਮਲਪ੍ਰੀਤ ਕੌਰ (23 ਸਾਲ) ਮੇਰੇ ਅਤੇ ਮੇਰੇ ਪਤੀ ਦੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਰਾਮ ਬਾਲਕ ਪੁੱਤਰ ਹੀਰਾ ਲਾਲ ਵਾਸੀ ਬਾਬਾ ਦੀਪ ਸਿੰਘ, ਨੰਗਲੀ, ਗਲੀ ਪਰਸ਼ੋਤਮ ਵਾਲੀ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਨਿਲ ਕੁਮਾਰ ਤੇ ਉਸ ਦੀ ਪਤਨੀ ਪਰੀਤੀ ਅਤੇ ਇਨ੍ਹਾਂ ਦੀ ਲੜਕੀ ਸ਼ਾਨਵੀਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਨੰਦ ਕਿਸ਼ੋਰ ਸਿੰਘ ਪੁੱਤਰ ਸ਼ਮਸ਼ੇਰ ਬਹਾਦਰ ਸਿੰਘ ਵਾਸੀ ਬਰੌਲੀ, ਪੁਰੇ ਪਵਾਰ ਪੁਰਵਾ, ਬਰੌਲੀ, ਗੌਂਡਾ, ਉੱਤਰ ਪ੍ਰਦੇਸ਼ ਹਾਲ ਵਾਸੀ 72, ਗਲੋਬ ਕਲੋਨੀ, ਸੋਢਲ ਚੌਕ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅੰਕੁਸ਼ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਭਾਰਤਵਰਸ਼ ਵਿੱਚ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਰਾਣੀ ਪਤਨੀ ਲੇਟ ਪ੍ਰਸ਼ੋਤਮ ਲਾਲ ਵਾਸੀ ਮਕਾਨ ਨੰ. ਡਬਲਯੂ. ਜੇ-61, ਬਾਲਮੀਕੀ ਮੁਹੱਲਾ, ਬਸਤੀ ਗੁਜਾਂ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਚਿਰਾਗ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਗਿਆਨ ਸਿੰਘ ਪੁੱਤਰ ਬਿਸ਼ਨ ਸਿੰਘ ਵਾਸੀ ਪਿੰਡ ਬੇਗੋਵਾਲ, ਸੁਖਮਨੀ ਕਲੋਨੀ ਤਹਿਸੀਲ ਭੁਲੱਥ, ਜ਼ਿਲਾ ਕਪੂਰਥਲਾ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ ਅਤੇ ਉਸਦੀ ਪਤਨੀ ਸਰਬਜੀਤ ਕੋਰ ਅਤੇ ਇਹਨਾਂ ਦੇ ਲੜਕਾ ਗੁਰਪ੍ਰੀਤ ਸਿੰਘ, ਲੜਕੀ ਬਲਵਿੰਦਰ ਕੋਰ ਤੇ ਦੂਸਰਾ ਲੜਕਾ ਜੁੱਝਾਰ ਸਿੰਘ ਉਸਦੀ ਪਤਨੀ ਕੁਵੰਤ ਕੋਰ ਤੇ ਇਹਨਾ ਦੇ ਬੱਚੇ ਆਕਾਸ਼ਦੀਪ ਸਿੰਘ ਤੇ ਗੁਰਪ੍ਰੀਤ ਕੋਰ ਇਹ ਸਾਰੇ ਮੇਰੇ ਤੇ ਮੇਰੀ ਪਤਨੀ ਦਰਸ਼ਨ ਕੋਰ ਦੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀ ਦੋਨੋਂ ਇਹਨਾਂ ਸਾਰਿਆ ਨੂੰ ਆਪਣੀ ਚਲ-ਅਚਲ ਜਾਇਦਾਦ ਚੋਂ ਬੇਦਖਲ ਕਰਦੇ ਹਨ। ਅਗਰ ਕੋਈ ਇਹਨਾਂ ਨਾਲ ਕੋਈ ਲੇਨ-ਦੇਨ ਕਰੇਗਾ ਤਾਂ ਉਹ ਖੁਦ ਜਿੰਮੇਦਾਰ ਹੋਵੇਗਾ। ਮੇਰਾ ਤੇ ਮੇਰੀ ਦਾ ਇਹਨਾਂ ਕੋਈ ਤੇ ਕਿਸੇ ਵੀ ਕਿਸਮ ਦਾ ਕੋਈ ਸਬੰਧ ਨਹੀ ਹੈ।

ਮੈਂ, ਬਲਜਿੰਦਰ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ ਵਾਸੀ ਪਿੰਡ ਬੁਧਿਆਣਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਮਲਪ੍ਰੀਤ ਸਿੰਘ ਵਾ ਉਸਦੀ ਪਤਨੀ ਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਕਮਲਜੀਤ ਕੌਰ ਪਤਨੀ ਕੁਲਵਿੰਦਰ ਸਿੰਘ ਵਾਸੀ ਪੱਤੀ ਤੱਖਰ ਪਿੰਡ ਸ਼ੰਕਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਭੁਪਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀ, ਰਾਜੇਸ਼ ਅਰੋੜਾ ਪੁੱਤਰ ਅਮਰੀਕ ਅਰੋੜਾ ਅਤੇ ਅੰਜਨਾ ਕੁਮਾਰੀ ਪਤਨੀ ਰਾਜੇਸ਼ ਅਰੋੜਾ, ਵਾਸੀ 352-ਈ, ਟਾਇਪ-3, ਡੈਂਗਿੰਗ ਕਾਂਪਲੈਕਸ, ਰੇਲ ਕੋਚ ਫੈਕਟਰੀ, ਕਪੂਰਥਲਾ, ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਹੈਲੀ ਅਰੋੜਾ (HEALY ARORA) ਅਤੇ ਉਸਦੀ ਪਤਨੀ ਸਵੇਤਾ ਸਿੰਘ (SWETA SINGH), ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀ ਆਪਣੇ ਲੜਕੇ ਹੈਲੀ ਅਰੋੜਾ (HEALY ARORA) ਅਤੇ ਸਵੇਤਾ ਸਿੰਘ (SWETA SINGH), ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਅਤੇ ਉਸਦੀ ਪਤਨੀ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ / ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੋਂ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਪਬਲਿਕ ਨੋਟਿਸ

ਵਿਸ਼ਾ :- ਵਸੀਅਤ ਜ਼ੇਰ ਧਾਰਾ 40 ਰਜਿਸਟਰੇਸ਼ਨ ਐਕਟ ਅਧੀਨ ਤਸਦੀਕ ਕਰਨ ਬਾਰੇ।

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਨਰਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਸੰਧੂ ਕਾਲੋਨੀ ਖੂਹ ਕੁੰਡਿਆਂ ਵਾਲਾ, ਨੇੜੇ ਡੂਮ ਦਾ ਗੁਰਦੁਆਰਾ ਬਟਾਲਾ ਰੋਡ, ਅੰਮ੍ਰਿਤਸਰ ਨੇ ਇਸ ਦਫ਼ਤਰ ਵਿੱਚ ਹਾਜ਼ਰ ਆ ਦਰਖਾਸਤ ਪੇਸ਼ ਕੀਤੀ ਹੈ, ਜਿਸ ਵਿੱਚ ਉਸ ਨੇ ਲਿਖਿਆ ਹੈ ਕਿ ਉਸ ਦੇ ਪਿਤਾ ਮਹਿੰਦਰ ਸਿੰਘ ਪੁੱਤਰ ਮੱਘਰ ਸਿੰਘ ਜੋ ਕਿ ਮਿਤੀ 16-07-2014 ਨੂੰ ਸਵਰਗਵਾਸ ਹੋ ਚੁੱਕੇ ਹਨ ਅਤੇ ਉਹਨਾਂ ਨੇ ਆਪਣੇ ਜਿਉਂਦੇ ਜੀਅ ਆਪਣੀ ਜਾਇਦਾਦ ਦੀ ਬਾਬਤ ਇਕ ਜ਼ੁਬਾਨੀ ਵਸੀਅਤ ਮਿਤੀ 07-01-2014 ਨੂੰ ਬਹੱਕ ਨਰਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਮੱਘਰ ਸਿੰਘ ਦੇ ਹੱਕ ਵਿੱਚ ਕੀਤੀ ਹੋਈ ਹੈ। ਇਹ ਵਸੀਅਤ ਜ਼ੇਰ ਧਾਰਾ 40 ਅਧੀਨ ਰਜਿਸਟਰਡ ਕੀਤੀ ਜਾਣੀ ਹੈ।

ਆਮ ਜਨਤਾ ਦੀ ਜਾਣਕਾਰੀ ਲਈ ਇਸ਼ਤਿਹਾਰ ਅਖਬਾਰ ਵਿੱਚ ਦਿੱਤਾ ਜਾਂਦਾ ਹੈ ਕਿ ਉਪਰੋਕਤ ਵਸੀਅਤ ਜ਼ੇਰ ਧਾਰਾ 40 ਅਧੀਨ ਰਜਿਸਟਰਡ ਕਰਨ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਇਸ ਇਸ਼ਤਿਹਾਰ ਦੇ ਛਪਣ ਦੇ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ, ਬਾਅਦ ਵਿੱਚ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ।

ਇਹ ਪਬਲਿਕ ਨੋਟਿਸ ਅੱਜ ਮਿਤੀ 16.09.2025 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਨਾਲ ਜਾਰੀ ਕੀਤਾ ਗਿਆ ਹੈ।

ਸਹੀ/-ਸਬ ਰਜਿਸਟਰਾਰ, ਅੰਮ੍ਰਿਤਸਰ 2
ਨੰਬਰ ਆਰ.ਸੀ/663 ਮਿਤੀ : 16/9/25

## ਅਦਾਲਤੀ ਇਸ਼ਤਿਹਾਰ

ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ, ਬੁਢਲਾਡਾ
ਅਦਾਲਤ ਵਿੱਚ ਵਿਅਕਤੀਗਤ ਹਾਜ਼ਰੀ ਲਈ ਸੰਮਨ
(ਜ਼ਾਬਤਾ ਦੀਵਾਨੀ ਦੇ ਨਿਯਮ 3 ਦਾ ਹੁਕਮ 5)
ਕੇਸ ਅਨੁਵਾਨ :- ਤਕਸੀਮ ਮਿਸਲ ਨੰ: -167/ਗੀ-2 ਰਜੂਆ ਮਿਤੀ 10-10-2023 ਵਾਕਾ ਰਕਬਾ ਬੀਰੋਕੇ ਕਲਾਂ ਰਕਬਾ 81 ਕਨਾਲ 09 ਮਰਲੇ।
ਮੁਸਤਰੀ-ਮੁਨਾਦੀ ਰਾਹੀਂ ਪਬਲੀਕੇਸ਼ਨ
ਸੁਖਵੀਰ ਸਿੰਘ ਬਨਾਮ ਹਰਨੇਕ ਸਿੰਘ ਵਗੈਰਾ
ਮੁਸੂਲਇਲਮ ਧਿਰ ਨੰਬਰ:-

1. ਹਰਨੇਕ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਹਰੀ ਸਿੰਘ ਵਾਸੀ ਬੀਰੋਕੇ ਕਲਾਂ ਦੇ ਵਾਰਸ :
(ਅ) ਜਸਮੇਲ ਕੌਰ ਪੁੱਤਰੀ ਕਰਤਾਰ ਸਿੰਘ ਹਾਲ ਪਤਨੀ ਨਛੱਤਰ ਸਿੰਘ ਵਾਸੀ ਮਲਕਪੁਰ
2. (ੳ) ਗੁਰਮੀਤ ਕੌਰ ਪਤਨੀ ਲੇਟ ਦਾਰਾ ਸਿੰਘ ਪੁੱਤਰ ਕਰਤਾਰ ਸਿੰਘ ਨੇੜੇ ਆਟਾ ਚੱਕੀ ਲਦਾਖ ਵਾਲਾ ਬੱਸ ਅੱਡਾ ਵਾਸੀ ਲਹਿਰਾਗਾਗਾ 94632-81401 ਜ਼ਿਲ੍ਹਾ ਸੰਗਰੂਰ।
(ਅ) ਛਿੰਦਰਪਾਲ ਕੌਰ ਪੱਤਰੀ ਦਾਰਾ ਸਿੰਘ ਪੁੱਤਰ ਕਰਤਾਰ ਸਿੰਘ ਨੇੜੇ ਆਟਾ ਚੱਕੀ ਲਦਾਖ ਵਾਲਾ ਬੱਸ ਅੱਡਾ ਵਾਸੀ ਲਹਿਰਾਗਾਗਾ 94632-81401 ਜ਼ਿਲ੍ਹਾ ਸੰਗਰੂਰ।
(ੲ) ਆਟੂ ਸਿੰਘ ਪੁੱਤਰ ਦਾਰਾ ਸਿੰਘ ਪੁੱਤਰ ਕਰਤਾਰ ਸਿੰਘ ਨੇੜੇ ਆਟਾ ਚੱਕੀ ਲਦਾਖ ਵਾਲਾ ਬੱਸ ਅੱਡਾ ਵਾਸੀ ਲਹਿਰਾਗਾਗਾ 94632-81401 ਜ਼ਿਲ੍ਹਾ ਸੰਗਰੂਰ।
(ਸ) ਵੀਰਾਂ ਕੌਰ ਪੁੱਤਰੀ ਦਾਰਾ ਸਿੰਘ ਪੁੱਤਰ ਕਰਤਾਰ ਸਿੰਘ ਹਾਲ ਪਤਨੀ ਗੁਰਜਿੰਦਰ ਸਿੰਘ ਵਾਸੀ ਨੇੜੇ ਹਾਈ ਸਕੂਲ ਚੁਗਾਲੀ ਵਾਲਾ 79869-73400 ਜ਼ਿਲ੍ਹਾ ਸੰਗਰੂਰ।
(ਹ) ਪਾਲ ਕੌਰ ਪੁੱਤਰੀ ਦਾਰਾ ਸਿੰਘ ਪੁੱਤਰ ਕਰਤਾਰ ਸਿੰਘ ਹਾਲ ਪਤਨੀ ਰਾਜਾ ਸਿੰਘ ਪੁੱਤਰ ਨਾਜਰ ਸਿੰਘ ਵਾਸੀ ਤੋਗਾਵਾਲ 98769-36370 ਟਰੈਕਟਰਾਂ ਵਾਲੇ ਜ਼ਿਲ੍ਹਾ ਸੰਗਰੂਰ।

ਬਾਬਤ ਆਪਦੇ ਨਾਂਅ ਦਾ ਇੱਕ ਦਾਅਵਾ ਦਾਇਰ ਕੀਤਾ ਗਿਆ ਹੈ। ਇਸ ਲਈ ਆਪ ਨੂੰ ਇਸ ਲਿਖਤ ਦੁਆਰਾ ਲਿਖਿਆ ਜਾਂਦਾ ਹੈ ਕਿ ਆਪ ਮਿਤੀ 10-10-2025 ਰਜਿਸਟਰਡ ਨੂੰ ਸਵੇਰੇ 10:00 ਵਜੇ ਇਸ ਅਦਾਲਤ ਵਿੱਚ ਖੁਦ ਹਾਜ਼ਰ ਹੋ ਕੇ ਦਾਅਵੇ ਦਾ ਜਵਾਬ ਦੇਵੋਂ। ਆਪ ਉਪਰੋਕਤ ਦਿਨ ਉਹ ਸਾਰੇ ਦਸਤਾਵੇਜ਼ ਪੇਸ਼ ਕਰੋ, ਜਿਨ੍ਹਾਂ ਨੂੰ ਆਪ ਆਪਣੇ ਜਵਾਬ ਦੀ ਪੁਸ਼ਟੀ ਵਿੱਚ ਸਬੂਤ ਵਜੋਂ ਪੇਸ਼ ਕਰਨਾ ਚਾਹੁੰਦੇ ਹੋ। ਆਪ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਜੇਕਰ ਆਪ ਉਪਰੋਕਤ ਦਿਨ ਹਾਜ਼ਰ ਨਾ ਹੋਏ ਤਾਂ ਮੁਕੱਦਮਾ ਤੁਹਾਡੀ ਹਾਜ਼ਰੀ ਬਗੈਰ ਹੀ ਸੁਣਿਆ ਜਾਵੇਗਾ ਅਤੇ ਫੈਸਲਾ ਕਰ ਦਿੱਤਾ ਜਾਵੇਗਾ।

ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਨਾਲ ਅੱਜ ਮਿਤੀ 15/09/2025 ਨੂੰ ਜਾਰੀ ਕੀਤਾ ਗਿਆ ਹੈ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ ਕਮ ਨਾਇਬ ਤਹਿਸੀਲਦਾਰ, ਬੁਢਲਾਡਾ।
ਨੰਬਰ 140/ਗੀ-2 ਮਿਤੀ : 16.09.2025

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਤਹਿਸੀਲਦਾਰ-ਕਮ-ਸਹਾਇਕ-ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ
ਵਿਸ਼ਾ : ਤਕਸੀਮ ਕੇਸ ਹਰਪਾਲ ਸਿੰਘ ਪੁੱਤਰ ਦਲੀਪ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਰੌਂਤਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ, ਖੇਵਟ ਨੰਬਰ 453/439 ਖਤੌਨੀ ਨੰਬਰ 664 ਅਤੇ 665 ਵਾਕਿਆ ਰਕਬਾ ਪਿੰਡ ਰੌਂਤਾ-1 ਜਮ੍ਹਾਂਬੰਦੀ ਸਾਲ 2018-2019, ਤਹਿ. ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 24-9-2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਾਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕਦੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ. ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

1) ਸਤੀਸ਼ ਕੁਮਾਰ ਗੁਪਤਾ (2) ਵਰਿੰਦਰ ਕੁਮਾਰ ਗੁਪਤਾ ਪੁੱਤਰਾਨ ਹਰਗੋਪਾਲ ਪੁੱਤਰ ਕੁੰਦਨ ਲਾਲ (3) ਰਾਜ ਰਾਣੀ ਪਤਨੀ ਪਵਨ ਕੁਮਾਰ ਪੁੱਤਰ ਕੁੰਦਨ ਲਾਲ, ਵਾਸੀਆਨ ਪਿੰਡ ਰੌਂਤਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ ਨਿਹਾਲ ਸਿੰਘ ਵਾਲਾ (ਮੋਗਾ)

## ਅਦਾਲਤੀ ਇਸ਼ਤਿਹਾਰ

ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ, ਬੁਢਲਾਡਾ
ਅਦਾਲਤ ਵਿੱਚ ਵਿਅਕਤੀਗਤ ਹਾਜ਼ਰੀ ਲਈ ਸੰਮਨ
(ਜ਼ਾਬਤਾ ਦੀਵਾਨੀ ਦੇ ਨਿਯਮ 3 ਦਾ ਹੁਕਮ 5)
ਕੇਸ ਅਨੁਵਾਨ :- ਤਕਸੀਮ ਮਿਸਲ ਨੰ: -168/ਗੀ-2 ਰਜੂਆ ਮਿਤੀ 10-10-2023 ਵਾਕਾ ਬੀਰੋਕੇ ਕਲਾਂ ਰਕਬਾ 92 ਕਨਾਲ 199 ਮਰਲੇ।
ਮੁਸਤਰੀ-ਮੁਨਾਦੀ ਰਾਹੀਂ ਪਬਲੀਕੇਸ਼ਨ
ਸੁਖਵੀਰ ਸਿੰਘ ਬਨਾਮ ਹਰਨੇਕ ਸਿੰਘ ਵਗੈਰਾ
ਮੁਸੂਲਇਲਮ ਧਿਰ ਨੰਬਰ:- (01 ਦੇ ਵਾਰਸ)

(ੳ) ਮਹਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਬੀਰੋਕੇ ਕਲਾਂ।
(ਅ) ਜਸਮੇਲ ਕੌਰ ਪੁੱਤਰੀ ਕਰਤਾਰ ਸਿੰਘ ਹਾਲ ਪਤਨੀ ਨਛੱਤਰ ਸਿੰਘ ਵਾਸੀ ਮਲਕਪੁਰ ਖਿਆਲਾ, ਜ਼ਿਲ੍ਹਾ ਮਾਨਸਾ
2. (02 ਦੇ ਵਾਰਸ) : 2. (ੳ) ਗੁਰਮੀਤ ਕੌਰ ਪਤਨੀ ਲੇਟ ਦਾਰਾ ਸਿੰਘ ਪੁੱਤਰ ਕਰਤਾਰ ਸਿੰਘ ਨੇੜੇ ਆਟਾ ਚੱਕੀ ਲਦਾਖ ਵਾਲਾ ਬੱਸ ਅੱਡਾ, ਵਾਸੀ ਲਹਿਰਾਗਾਗਾ 94632-81401 ਜ਼ਿਲ੍ਹਾ ਸੰਗਰੂਰ।
(ਅ) ਛਿੰਦਰਪਾਲ ਕੌਰ ਪੱਤਰੀ ਦਾਰਾ ਸਿੰਘ ਪੁੱਤਰ ਕਰਤਾਰ ਸਿੰਘ ਨੇੜੇ ਆਟਾ ਚੱਕੀ ਲਦਾਖ ਵਾਲਾ ਬੱਸ ਅੱਡਾ, ਵਾਸੀ ਲਹਿਰਾਗਾਗਾ 94632-81401 ਜ਼ਿਲ੍ਹਾ ਸੰਗਰੂਰ।
(ੲ) ਆਟੂ ਸਿੰਘ ਪੁੱਤਰ ਦਾਰਾ ਸਿੰਘ ਪੁੱਤਰ ਕਰਤਾਰ ਸਿੰਘ ਨੇੜੇ ਆਟਾ ਚੱਕੀ ਲਦਾਖ ਵਾਲਾ ਬੱਸ ਅੱਡਾ, ਵਾਸੀ ਲਹਿਰਾਗਾਗਾ 94632-81401 ਜ਼ਿਲ੍ਹਾ ਸੰਗਰੂਰ।
(ਸ) ਵੀਰਾਂ ਕੌਰ ਪੁੱਤਰੀ ਦਾਰਾ ਸਿੰਘ ਪੁੱਤਰ ਕਰਤਾਰ ਸਿੰਘ ਹਾਲ ਪਤਨੀ ਗੁਰਜਿੰਦਰ ਸਿੰਘ ਵਾਸੀ ਨੇੜੇ ਹਾਈ ਸਕੂਲ ਚੁਗਾਲੀ ਵਾਲਾ 79869-73400 ਜ਼ਿਲ੍ਹਾ ਸੰਗਰੂਰ।
(ਹ) ਪਾਲ ਕੌਰ ਪੁੱਤਰੀ ਦਾਰਾ ਸਿੰਘ ਪੁੱਤਰ ਕਰਤਾਰ ਸਿੰਘ ਹਾਲ ਪਤਨੀ ਰਾਜਾ ਸਿੰਘ ਪੁੱਤਰ ਨਾਜਰ ਸਿੰਘ, ਵਾਸੀ ਤੋਗਾਵਾਲ 98769-36370 ਟਰੈਕਟਰਾਂ ਵਾਲੇ, ਜ਼ਿਲ੍ਹਾ ਸੰਗਰੂਰ।
3. (03 ਦੇ ਵਾਰਸ) : (ੳ) ਜਰਨੈਲ ਸਿੰਘ ਪੁੱਤਰ ਤੇਜ ਕੌਰ ਪਤਨੀ ਗੁਲਜਾਰ ਸਿੰਘ ਵਾਸੀ ਬੀਰੋਕੇ ਕਲਾਂ, (ਅ) ਜਗਸੀਰ ਸਿੰਘ ਪੁੱਤਰ ਤੇਜ ਕੌਰ ਪਤਨੀ ਗੁਰਲਾਲ ਸਿੰਘ ਵਾਸੀ ਬੀਰੋਕੇ ਕਲਾਂ,
(ੲ) ਸਿੰਦਰ ਕੌਰ ਪੁੱਤਰੀ ਤੇਜ਼ ਕੌਰ ਪਤਨੀ ਗੁਲਜਾਰ ਸਿੰਘ ਵਾਸੀ ਬੀਰੋਕੇ ਕਲਾਂ।
7. (07 ਦੇ ਵਾਰਸ) : (ੳ) ਜਗਸੀਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਬੀਰੋਕੇ ਕਲਾਂ, ਜ਼ਿਲ੍ਹਾ ਮਾਨਸਾ (ਅ) ਬੂਟਾ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਬੀਰੋਕੇ ਕਲਾਂ ਜ਼ਿਲ੍ਹਾ ਮਾਨਸਾ
7. ਕਾਕਾ ਸਿੰਘ ਪੁੱਤਰ ਚੰਨਣ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਬੀਰੋਕੇ ਕਲਾਂ, ਜ਼ਿਲ੍ਹਾ ਮਾਨਸਾ।

ਬਾਬਤ ਆਪਦੇ ਨਾਂਅ ਦਾ ਇੱਕ ਦਾਅਵਾ ਦਾਇਰ ਕੀਤਾ ਗਿਆ ਹੈ। ਇਸ ਲਈ ਆਪ ਨੂੰ ਇਸ ਲਿਖਤ ਦੁਆਰਾ ਲਿਖਿਆ ਜਾਂਦਾ ਹੈ ਕਿ ਆਪ ਮਿਤੀ 10-10-2025 ਰਜਿਸਟਰਡ ਨੂੰ ਸਵੇਰੇ 10:00 ਵਜੇ ਇਸ ਅਦਾਲਤ ਵਿੱਚ ਖੁਦ ਹਾਜ਼ਰ ਹੋ ਕੇ ਦਾਅਵੇ ਦਾ ਜਵਾਬ ਦੇਵੋ। ਆਪ ਉਪਰੋਕਤ ਦਿਨ ਉਹ ਸਾਰੇ ਦਸਤਾਵੇਜ਼ ਪੇਸ਼ ਕਰੋ, ਜਿਨ੍ਹਾਂ ਨੂੰ ਆਪ ਆਪਣੇ ਜਵਾਬ ਦੀ ਪੁਸ਼ਟੀ ਵਿੱਚ ਸਬੂਤ ਵਜੋਂ ਪੇਸ਼ ਕਰਨਾ ਚਾਹੁੰਦੇ ਹੋ। ਆਪ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਜੇਕਰ ਆਪ ਉਪਰੋਕਤ ਦਿਨ ਹਾਜ਼ਰ ਨਾ ਹੋਏ ਤਾਂ ਮੁਕੱਦਮਾ ਤੁਹਾਡੀ ਹਾਜ਼ਰੀ ਬਗੈਰ ਹੀ ਸੁਣਿਆ ਜਾਵੇਗਾ ਅਤੇ ਫੈਸਲਾ ਕਰ ਦਿੱਤਾ ਜਾਵੇਗਾ।

ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਨਾਲ ਅੱਜ ਮਿਤੀ 15/09/2025 ਨੂੰ ਜਾਰੀ ਕੀਤਾ ਗਿਆ ਹੈ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ ਕਮ ਨਾਇਬ ਤਹਿਸੀਲਦਾਰ, ਬੁਢਲਾਡਾ।
ਨੰਬਰ 141/ਗੀ-2 ਮਿਤੀ : 16.09.2025

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ -ਕਮ- ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ
ਵਿਸ਼ਾ : ਤਕਸੀਮ ਕੇਸ ਬਲਵਿੰਦਰ ਸਿੰਘ ਪੁੱਤਰ ਗੁਰਦਾਬਰ ਸਿੰਘ ਉਰਫ ਗੁਰਦੌਰ ਸਿੰਘ ਵਾਸੀ ਦੀਨਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ। ਖੇਵਟ ਨੰਬਰ 911/893, 910/893, ਖਤੌਨੀ ਨੰਬਰ 1138 ਤੋਂ 1158 ਜਮ੍ਹਾਂਬੰਦੀ ਸਾਲ 2020-2021 ਵਾਕਿਆ ਰਕਬਾ ਪੱਤੀ ਹੀਰਾ ਸਿੰਘ-1 ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 24-9-2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਾਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਨ੍ਹਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ. ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

1) ਮਨਜੀਤ ਸਿੰਘ (2) ਮਲਕੀਤ ਸਿੰਘ ਪੁੱਤਰ ਸੁਦਾਗਰ ਸਿੰਘ ਪੁੱਤਰ ਸੰਤੋਖ ਸਿੰਘ (3) ਜਸਵਿੰਦਰ ਸਿੰਘ (4) ਹਰਪਿੰਦਰ ਸਿੰਘ ਪੁੱਤਰਾਨ ਜੁਮਾ ਸਿੰਘ ਪੁੱਤਰ ਨਰੈਣ ਸਿੰਘ (5) ਨਿੱਕਾ ਸਿੰਘ ਪੁੱਤਰ ਜਵਾਲਾ ਸਿੰਘ ਪੁੱਤਰ ਰਤਨ ਸਿੰਘ (6) ਪਰਮਜੀਤ ਸਿੰਘ ਬਰਾੜ (7) ਜਸਵੀਰ ਸਿੰਘ ਬਰਾੜ (8) ਸੁਖਵੀਰ ਸਿੰਘ ਪੁੱਤਰਾਨ ਕੁਲਦੀਪ ਸਿੰਘ ਪੁੱਤਰ ਗੱਜਨ ਸਿੰਘ (9) ਜੰਗੀਰ ਕੌਰ ਪਤਨੀ (10) ਸੁਰਜੀਤ ਸਿੰਘ ਪੁੱਤਰਾਨ ਸੁਦਾਗਰ ਸਿੰਘ ਪੁੱਤਰ ਸੰਤੋਖ ਸਿੰਘ (11) ਸਰਬਨ ਸਿੰਘ ਪੁੱਤਰ ਨਾਜਰ ਸਿੰਘ ਪੁੱਤਰ ਸੰਤੋਖ ਸਿੰਘ (12) ਸਵਿੰਦਰ ਕੌਰ ਵਿਧਵਾ (13) ਸੰਦੀਪ ਕੌਰ ਪੁੱਤਰੀ (14) ਜਗਦੀਪ ਸਿੰਘ ਪੁੱਤਰ ਸੁਖਮੰਦਰ ਸਿੰਘ ਪੁੱਤਰ ਨਾਜਰ ਸਿੰਘ (15) ਮੁਖਤਿਆਰ ਕੌਰ ਵਿਧਵਾ ਨਾਜਰ ਸਿੰਘ ਪੁੱਤਰ ਸੰਤੋਖ ਸਿੰਘ (16) ਦੇਵੀ ਦਿਆਲ ਪੁੱਤਰ ਬੰਤ ਰਾਜ ਪੁੱਤਰ ਸੰਤ ਰਾਮ (17) ਪਰਮਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਸੁਦਾਗਰ ਸਿੰਘ (18) ਪਰਮਜੀਤ ਕੌਰ ਪਤਨੀ ਕੁਲਦੀਪ ਸਿੰਘ ਪੁੱਤਰ ਗੱਜਨ ਸਿੰਘ (19) ਪਰਮਜੀਤ ਕੌਰ ਪਤਨੀ ਜਰਨੈਲ ਸਿੰਘ ਪੁੱਤਰ ਵਰਿਆਮ ਸਿੰਘ (20) ਹਰਬੰਸ ਕੌਰ (21) ਮਨਲਕੀਤ ਕੌਰ (22) ਜਰਨੈਲ ਕੌਰ (23) ਅਮਰਜੀਤ ਕੌਰ (24) ਚਰਨਜੀਤ ਕੌਰ ਪੁੱਤਰੀਆਨ ਸਿਕੰਦਰ ਸਿੰਘ ਪੁੱਤਰ ਮਾਘੀ ਸਿੰਘ (25) ਨਛੱਤਰ ਕੌਰ ਵਿਧਵਾ (26) ਚਰਨਜੀਤ ਸਿੰਘ (27) ਗੁਰਦੀਪ ਸਿੰਘ (28) ਗੁਰਜੀਤ ਸਿੰਘ (29) ਪਰਮਜੀਤ ਕੌਰ (30) ਮਨਪ੍ਰੀਤ ਕੌਰ ਪੁੱਤਰੀਆਂ ਮਹਿੰਦਰ ਸਿੰਘ ਪੁੱਤਰ ਮਾਘ ਸਿੰਘ (31) ਹਰਵਿੰਦਰ ਕੌਰ ਪਤਨੀ ਮਨਜੀਤ ਸਿੰਘ ਪੁੱਤਰ ਸੁਦਾਗਰ ਸਿੰਘ (32) ਨਿਰਮਲ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਭਾਗ ਸਿੰਘ (33) ਬਲਵਿੰਦਰ ਕੌਰ ਵਿਧਵਾ (34) ਗੁਰਜੀਵਨ ਸਿੰਘ (35) ਰੁਪਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਨਾਜਰ ਸਿੰਘ (37) ਗੁਰਦਿੱਤ ਸਿੰਘ ਪੁੱਤਰ ਬੁੱਧਾ ਸਿੰਘ ਪੁੱਤਰ ਝੰਡਾ ਸਿੰਘ ਸਾਰੇ ਵਾਸੀਆਨ ਪਿੰਡ ਪੱਤੋ ਹੀਰਾ ਸਿੰਘ ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ (38) ਓਰੀਐਂਟਲ ਬੈਂਕ ਆਫ ਕਾਮਰਸ ਪੱਤੋ ਹੀਰਾ ਸਿੰਘ, ਜ਼ਿਲ੍ਹਾ ਮੋਗਾ (38) ਆਈ.ਸੀ.ਆਈ.ਸੀ.ਆਈ. ਬੈਂਕ ਨਿਹਾਲ ਸਿੰਘ ਵਾਲਾ (39) ਪੰਜਾਬ ਐਂਡ ਸਿੰਧ ਬੈਂਕ ਪਿੰਡ ਰੌਂਤਾ ਜ਼ਿਲ੍ਹਾ ਮੋਗਾ (40) ਪੰਜਾਬ ਨੈਸ਼ਨਲ ਬੈਂਕ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ (41) ਆਂਧਰਾ ਬੈਂਕ ਪਿੰਡ ਭਾਗੀਕੇ ਜ਼ਿਲ੍ਹਾ ਮੋਗਾ (42) ਪੀ.ਏ.ਡੀ.ਬੀ. ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ (43) ਓ.ਬੀ.ਸੀ. ਪੱਤੋ ਹੀਰਾ ਸਿੰਘ ਜ਼ਿਲ੍ਹਾ ਮੋਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ ਨਿਹਾਲ ਸਿੰਘ ਵਾਲਾ (ਮੋਗਾ)

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ -ਕਮ- ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ
ਵਿਸ਼ਾ : ਤਕਸੀਮ ਕੇਸ ਸੁਰਜੀਤ ਸਿੰਘ ਪੁੱਤਰ ਸੁਦਾਗਰ ਸਿੰਘ ਪੁੱਤਰ ਸੰਤੋਖ ਸਿੰਘ ਵਗੈਰਾ ਪਿੰਡ ਪੱਤੋ ਹੀਰਾ ਸਿੰਘ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ। ਖੇਵਟ ਨੰਬਰ 911/893, 910/893, ਖਤੌਨੀ ਨੰਬਰ 1138 ਤੋਂ 1158 ਜਮ੍ਹਾਂਬੰਦੀ ਸਾਲ 2020-2021 ਵਾਕਿਆ ਰਕਬਾ ਪੱਤੀ ਹੀਰਾ ਸਿੰਘ-1 ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 24-9-2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਾਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ. ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

1) ਮਨਜੀਤ ਸਿੰਘ (2) ਮਲਕੀਤ ਸਿੰਘ ਪੁੱਤਰ ਸੁਦਾਗਰ ਸਿੰਘ ਪੁੱਤਰ ਸੰਤੋਖ ਸਿੰਘ (3) ਜਸਵਿੰਦਰ ਸਿੰਘ (4) ਹਰਪਿੰਦਰ ਸਿੰਘ ਪੁੱਤਰਾਨ ਜੁਮਾ ਸਿੰਘ ਪੁੱਤਰ ਨਰੈਣ ਸਿੰਘ (5) ਨਿੱਕਾ ਸਿੰਘ ਪੁੱਤਰ ਜਵਾਲਾ ਸਿੰਘ ਪੁੱਤਰ ਰਤਨ ਸਿੰਘ (6) ਪਰਮਜੀਤ ਸਿੰਘ ਬਰਾੜ (7) ਜਸਵੀਰ ਸਿੰਘ ਬਰਾੜ (8) ਸੁਖਵੀਰ ਸਿੰਘ ਪੁੱਤਰਾਨ ਕੁਲਦੀਪ ਸਿੰਘ ਪੁੱਤਰ ਗੱਜਨ ਸਿੰਘ (9) ਜੰਗੀਰ ਕੌਰ ਪਤਨੀ (10) ਸੁਰਜੀਤ ਸਿੰਘ ਪੁੱਤਰਾਨ ਸੁਦਾਗਰ ਸਿੰਘ ਪੁੱਤਰ ਸੰਤੋਖ ਸਿੰਘ (11) ਸਰਬਨ ਸਿੰਘ ਪੁੱਤਰ ਨਾਜਰ ਸਿੰਘ ਪੁੱਤਰ ਸੰਤੋਖ ਸਿੰਘ (12) ਸਵਿੰਦਰ ਕੌਰ ਵਿਧਵਾ (13) ਸੰਦੀਪ ਕੌਰ ਪੁੱਤਰੀ (14) ਜਗਦੀਪ ਸਿੰਘ ਪੁੱਤਰ ਸੁਖਮੰਦਰ ਸਿੰਘ ਪੁੱਤਰ ਨਾਜਰ ਸਿੰਘ (15) ਮੁਖਤਿਆਰ ਕੌਰ ਵਿਧਵਾ ਨਾਜਰ ਸਿੰਘ ਪੁੱਤਰ ਸੰਤੋਖ ਸਿੰਘ (16) ਦੇਵੀ ਦਿਆਲ ਪੁੱਤਰ ਬੰਤ ਰਾਜ ਪੁੱਤਰ ਸੰਤ ਰਾਮ (17) ਪਰਮਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਸੁਦਾਗਰ ਸਿੰਘ (18) ਪਰਮਜੀਤ ਕੌਰ ਪਤਨੀ ਕੁਲਦੀਪ ਸਿੰਘ ਪੁੱਤਰ ਗੱਜਨ ਸਿੰਘ (19) ਪਰਮਜੀਤ ਕੌਰ ਪਤਨੀ ਜਰਨੈਲ ਸਿੰਘ ਪੁੱਤਰ ਵਰਿਆਮ ਸਿੰਘ (20) ਹਰਬੰਸ ਕੌਰ 21) ਮਨਲਕੀਤ ਕੌਰ (22) ਜਰਨੈਲ ਕੌਰ (23) ਅਮਰਜੀਤ ਕੌਰ (24) ਚਰਨਜੀਤ ਕੌਰ ਪੁੱਤਰੀਆਨ ਸਿਕੰਦਰ ਸਿੰਘ ਪੁੱਤਰ ਮਾਘੀ ਸਿੰਘ (25) ਨਛੱਤਰ ਕੌਰ ਵਿਧਵਾ (26) ਚਰਨਜੀਤ ਸਿੰਘ (27) ਗੁਰਦੀਪ ਸਿੰਘ (28) ਗੁਰਜੀਤ ਸਿੰਘ (29) ਪਰਮਜੀਤ ਕੌਰ (30) ਮਨਪ੍ਰੀਤ ਕੌਰ ਪੁੱਤਰੀਆਂ ਮਹਿੰਦਰ ਸਿੰਘ ਪੁੱਤਰ ਮਾਘ ਸਿੰਘ (31) ਹਰਵਿੰਦਰ ਕੌਰ ਪਤਨੀ ਮਨਜੀਤ ਸਿੰਘ ਪੁੱਤਰ ਸੁਦਾਗਰ ਸਿੰਘ (32) ਨਿਰਮਲ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਭਾਗ ਸਿੰਘ (33) ਬਲਵਿੰਦਰ ਕੌਰ ਵਿਧਵਾ (34) ਗੁਰਜੀਵਨ ਸਿੰਘ (35) ਰੁਪਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਨਾਜਰ ਸਿੰਘ (37) ਗੁਰਦਿੱਤ ਸਿੰਘ ਪੁੱਤਰ ਬੁੱਧਾ ਸਿੰਘ ਪੁੱਤਰ ਝੰਡਾ ਸਿੰਘ, ਸਾਰੇ ਵਾਸੀਆਨ ਪਿੰਡ ਪੱਤੋ ਹੀਰਾ ਸਿੰਘ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ (38) ਓਰੀਐਂਟਲ ਬੈਂਕ ਆਫ ਕਾਮਰਸ ਪੱਤੋ ਹੀਰਾ ਸਿੰਘ ਜ਼ਿਲ੍ਹਾ ਮੋਗਾ (38) ਆਈ.ਸੀ.ਆਈ.ਸੀ.ਆਈ. ਬੈਂਕ ਨਿਹਾਲ ਸਿੰਘ ਵਾਲਾ (39) ਪੰਜਾਬ ਐਂਡ ਸਿੰਧ ਬੈਂਕ ਪਿੰਡ ਰੌਂਤਾ ਜ਼ਿਲ੍ਹਾ ਮੋਗਾ (40) ਪੰਜਾਬ ਨੈਸ਼ਨਲ ਬੈਂਕ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ (41) ਆਂਧਰਾ ਬੈਂਕ ਪਿੰਡ ਭਾਗੀਕੇ ਜ਼ਿਲ੍ਹਾ ਮੋਗਾ (42) ਪੀ.ਏ.ਡੀ.ਬੀ. ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ (43) ਓ.ਬੀ.ਸੀ. ਪੱਤੋ ਹੀਰਾ ਸਿੰਘ ਜ਼ਿਲ੍ਹਾ ਮੋਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ ਨਿਹਾਲ ਸਿੰਘ ਵਾਲਾ (ਮੋਗਾ)

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਸਤਨਾਮ ਸਿੰਘ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੋਮ, ਕਾਦੀਆਂ।

| ਕੇਸ ਨੰਬਰ | ਮਿਤੀ ਰਜੂਆ | ਤਾਰੀਖ ਪੇਸ਼ੀ | ਕਿਸਮ ਕੇਸ | ਵਾਕਿਆ ਪਿੰਡ |
|---|---|---|---|---|
| OC/50/2025 | 16-07-2025 | 08-10-2025 | ਸਿਹਤ ਗਿਰਦਾਵਰੀ | ਬਸਰਾਏ |

1. ਅਮਰਜੀਤ ਸਿੰਘ 2. ਕੰਵਲਜੀਤ ਸਿੰਘ ਪੁੱਤਰਾਨ ਜਗੀਰ ਸਿੰਘ ਪੁੱਤਰ ਗੇਜਾ ਸਿੰਘ, ਵਾਸੀਆਨ ਪਿੰਡ ਪੰਡੋਰੀ ਮਾਇਆ ਸਿੰਘ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ। -ਸਾਇਲ ਧਿਰ

ਬਨਾਮ

1. ਭਜਨ ਸਿੰਘ ਪੁੱਤਰ ਬੰਤਾ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਪਿੰਡ ਬਸਰਾਏ, ਸਬ ਤਹਿਸੀਲ ਕਾਦੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। -ਉੱਤਰਵਾਦੀ ਧਿਰ

ਉਪਰੋਕਤ ਅਨੁਵਾਨ ਸਿਹਤ ਗਿਰਦਾਵਰੀ ਕੇਸ ਇਸ ਅਦਾਲਤ ਵਿੱਚ ਪੈਂਡਿੰਗ ਚੱਲਿਆ ਆ ਰਿਹਾ ਹੈ। ਇਸ ਕੇਸ ਵਿੱਚ ਉੱਤਰਵਾਦੀ ਧਿਰਾਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਹੋਣੀ ਅਸੰਭਵ ਹੈ। ਇਸ ਲਈ ਇਸ ਇਸ਼ਤਿਹਾਰ ਰਾਹੀਂ ਉੱਤਰਵਾਦੀ ਧਿਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਤਕਸੀਮ ਕੇਸ ਵਿੱਚ ਜੇਕਰ ਕੋਈ ਇਤਰਾਜ਼ ਹੈ ਤਾਂ ਉਹ ਮਿਤੀ 08-10-2025 ਨੂੰ ਸਵੇਰੇ 10:00 ਵਜੇ ਇਸ ਅਦਾਲਤ ਵਿੱਚ ਅਸਾਲਤਨ/ਵਕਾਲਤਨ ਹਾਜ਼ਰ ਆ ਸਕਦਾ ਹੈ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਨੋਟਿਸ/ਇਸ਼ਤਿਹਾਰ ਅੱਜ ਮਿਤੀ 15.09.2025 ਨੂੰ ਮੇਰੇ ਹਸਤਾਖਰਾਂ ਤੇ ਦਫਤਰ ਮੋਹਰ ਨਾਲ ਜਾਰੀ ਕੀਤਾ ਗਿਆ ਹੈ।

ਨੰਬਰ 808/ਰੀਡਰ ਮਿਤੀ : 15.09.2025 ਸਹੀ/-ਸਹਾਇਕ ਕੁਲੈਕਟਰ ਦਰਜਾ-2, ਕਾਦੀਆਂ।

## COURT NOTICE

(U/o 5 Rule 20 CPC)
In the Court of Ms. Prabhjot Kaur
Additional Civil Judge (Senior Division), Pathankot
CNR No. PBPO02-000629-2023 Next Date:- 03-10-2025
Sarvesh Sharma Vs. Yash Rani and others

Suit for declaration to the effect that the plaintiff being the successors in interest of Sh. Dev Raj S/o Sh. Mulkh Raj R/o Seunti Taraf Narot Jaimal Singh, District Pathankot is the joint owner to the extent of 1/6 share of the house shwon in red color in the site plan attached by letters ABCDEFGH and bounded as under : North House of Sh. Nagar Mal and Dass Mal, South House of Sh. Hukum Chand and old Police Station East Houses of Ram Lal and others, West House of Basant Singh and vacant Plot Abutting the street on the eastern side situated within the Village Abadi/Lal Lakir of village Seunti Taraf Narot Jaimal Singh, Tehsil Narot Jaimal Singh, District Pathankot and the sale deed dated 31.03.2023 purporting to have been executed by Smt. Raj Rani Defendant No. 1 in favour of Sh. Bharat Bhushan Sharma and Rishi Sharma defendants No. 2 and 3 is illegal null and void and ineffective qua the rights of the plaintiff in the said property

and as a consequential relief suit for permanent injunction restraining the defendants No. 1 to 3 from ousting the plaintiff of his joint possession of the suit house alienating creating charge demolishing and causing material alterations in the said house,

B. Suit for partition of the house as detailed in the clause A of the head note of the plaintiff and for delivery of exclusive possession of the portion falling to the share of the Plaintiff as result thereof.

Publication Issued To:

1. Smt. Saroj Bala daughter of Sh. Dev Raj and wife of Shaadi Lal resident of Beri Wala Mohalla, Village Begowal Taragarh Tehsil and District Pathankot.
2. Jyoti Bala daughter of Dev Raj and wife of Tilak Raj, resident of Hanuman Chowk Gurdaspur.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 03-10-2025 at 10:00 a.m.

For details logon to https://highcourtchd.gov.in/?mod=district_notice&district=Pathankot

Additional Civil Judge (Senior Division), Pathankot
Dated, this day of 15-09-2025

## ਵਿਧਾਇਕ ਰੰਧਾਵਾ ਨੇ ਲਾਲੜੂ ਮੰਡੀ 'ਚ ਝੋਨੇ ਦੀ ਖਰੀਦ ਕੀਤੀ ਸ਼ੁਰੂ



ਲਾਲੜੂ (ਵਿਨੈ ਕੁਮਾਰ ਜੈਨ)-ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਮੰਗਲਵਾਰ ਲਾਲੜੂ ਮੰਡੀ ਵਿੱਚ ਝੋਨੇ ਦੀ ਖਰੀਦ ਸ਼ੁਰੂ ਕਰਵਾਈ, ਜਿਸ ਨਾਲ ਜ਼ਿਲ੍ਹੇ ਵਿੱਚ ਖਰੀਫ਼ ਮੰਡੀਕਰਨ ਸੀਜ਼ਨ 2025 ਦੀ ਰਸਮੀ ਸ਼ੁਰੂਆਤ ਹੋਈ। ਕਿਸਾਨ ਬਲਵਿੰਦਰ ਸਿੰਘ ਅਤੇ ਦਵਿੰਦਰ ਸਿੰਘ ਆਪਣੀ ਫ਼ਸਲ ਵੇਚਣ ਵਾਲੇ ਪਹਿਲੇ ਕਿਸਾਨ ਬਣੇ, ਜਿਨ੍ਹਾਂ ਦੀ ਫ਼ਸਲ ਨੂੰ ਪਨਗ੍ਰੇਨ ਦੁਆਰਾ 2,389 ਰੁਪਏ ਪ੍ਰਤੀ ਕੁਇੰਟਲ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 'ਤੇ ਖਰੀਦਿਆ ਗਿਆ। ਸੀਜ਼ਨ ਦੀ ਸਫਲ ਸ਼ੁਰੂਆਤ 'ਤੇ ਕਿਸਾਨਾਂ ਅਤੇ ਕਮਿਸ਼ਨ ਏਜੰਟਾਂ ਨੂੰ ਵਧਾਈ ਦਿੰਦੇ ਹੋਏ ਵਿਧਾਇਕ ਰੰਧਾਵਾ ਨੇ ਕਿਹਾ ਕਿ ਖਰੀਦ ਪਿਛਲੇ ਸਾਲਾਂ ਨਾਲੋਂ ਪਹਿਲਾਂ ਸ਼ੁਰੂ ਹੋ ਰਹੀ ਹੈ ਤਾਂ ਜੋ ਕਿਸਾਨਾਂ ਨੂੰ ਆਪਣੀ ਉਪਜ ਵੇਚਣ ਲਈ ਹੋਰ ਦਿਨ ਮਿਲ ਸਕਣ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸਿਰਫ ਉਦੋਂ ਹੀ ਵਾਢੀ ਕਰਨ ਜਦੋਂ ਫਸਲ ਪੂਰੀ ਤਰ੍ਹਾਂ ਪੱਕ ਜਾਵੇ ਤਾਂ ਜੋ ਨਿਰਧਾਰਤ 17 ਪ੍ਰਤੀਸ਼ਤ ਸੀਮਾ ਤੋਂ ਵੱਧ ਨਮੀ ਦੀ ਮਾਤਰਾ ਤੋਂ ਬਚਿਆ ਜਾ ਸਕੇ। ਉਨ੍ਹਾਂ ਨੇ ਮੰਡੀਆਂ ਵਿੱਚ ਸਿਰਫ਼ ਸੁੱਕਾ ਝੋਨਾ ਲਿਆਉਣ ਅਤੇ ਪਰਾਲੀ ਸਾੜਨ ਤੋਂ ਬਿਨਾਂ, ਜ਼ਿੰਮੇਵਾਰੀ ਨਾਲ ਫ਼ਸਲ ਦੀ ਰਹਿੰਦ-ਖੂੰਹਦ ਦਾ ਪ੍ਰਬੰਧਨ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਐਸ ਡੀ ਐਮ ਡੇਰਾਬੱਸੀ ਅਮਿਤ ਗੁਪਤਾ, ਕਮਿਸ਼ਨ ਏਜੰਟ, ਮਾਰਕੀਟ ਕਮੇਟੀ ਸਟਾਫ਼, ਖਰੀਦ ਏਜੰਸੀ ਦੇ ਪ੍ਰਤੀਨਿਧੀ ਅਤੇ ਕਿਸਾਨ ਵੀ ਮੌਜੂਦ ਸਨ।

## ਡਿਫਾਲਟਰਾਂ ਦੀ ਬਕਾਇਆ ਰਕਮ ਦੀ ਰਿਕਵਰੀ ਲਈ ਜਲਦੀ ਹੋਵੇਗੀ ਮੀਟਿੰਗ : ਅਨਿਲ ਵਿਜ

ਚੰਡੀਗੜ੍ਹ, (ਕ੍ਰਿਸ਼ਨ ਗਰਗ)-ਹਰਿਆਣਾ ਦੇ ਊਰਜਾ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਬਿਜਲੀ ਡਿਫਾਲਟਰਾਂ ਦੀ ਬਕਾਇਆ ਰਕਮ ਦੀ ਰਿਕਵਰੀ ਲਈ ਜਲਦੀ ਹੀ ਊਰਜਾ ਵਿਭਾਗ ਦੇ ਅਧਿਕਾਰੀਆਂ ਦੀ ਇੱਕ ਮੀਟਿੰਗ ਆਯੋਜਿਤ ਕੀਤੀ ਜਾਵੇਗੀ, ਜਿਸ ਵਿੱਚ ਸੰਬੰਧਿਤ ਸੁਪਰਡੈਂਟ ਇੰਜੀਨੀਅਰਾਂ ਤੋਂ ਰਿਕਵਰੀ ਬਾਰੇ ਵਿਸਥਾਰ ਵਿੱਚ ਰਿਪੋਰਟ ਲਈ ਜਾਵੇਗੀ। ਸ੍ਰੀ ਅਨਿਲ ਵਿਜ ਇੱਥੇ ਚੰਡੀਗੜ੍ਹ ਵਿੱਚ ਮੀਡੀਆ ਪਰਸਨਜ਼ ਵੱਲੋਂ ਊਰਜਾ ਵਿਭਾਗ ਦੀ ਬਕਾਇਆ ਰਕਮ 7700 ਕਰੋੜ ਰੁਪਏ ਦੀ ਰਿਕਵਰੀ ਦੇ ਸੰਬੰਧ ਵਿੱਚ ਪੁੱਛੇ ਗਏ ਸੁਆਲ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਬਿਜਲੀ ਡਿਫਾਲਟਰਾਂ ਦਾ ਇਹ ਤੱਥ ਜਦੋਂ ਉਨ੍ਹਾਂ ਦੇ ਸਾਹਮਣੇ ਆਇਆ ਤਾਂ ਉਨ੍ਹਾਂ ਨੇ ਊਰਜਾ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੀ ਇੱਕ ਮੀਟਿੰਗ ਲਈ ਗਈ ਸੀ, ਜਿਸ ਵਿੱਚ ਹਰੇਕ ਜ਼ਿਲ੍ਹੇ ਦੀ ਰਿਕਵਰੀ ਦੇ ਬਾਰੇ ਵਿੱਚ ਜਾਣਕਾਰੀ ਤਹਿਤ ਸੰਬੰਧਿਤ ਅਧਿਕਾਰੀਆਂ ਨੂੰ ਟੀਚਾ ਦਿੱਤਾ ਗਿਆ ਸੀ।

## COURT NOTICE

(U/o 5 Rule 20 CPC)
In the Court of
Ms. Harshdeep Kaur
Civil Judge Junior Division - 3, Nabha
CNR No. PBPTB0-000073-2023
Next Date: 24-09-2025
Manjit Kaur
Vs.
Harmandeep Kaur

The Plaintiff prays for declaration that

Publication Issued To:
Harmandeep Kaur
Father: Late Jasvir Singh
Wife of Jiwan R/o Sahnipur Road, Sirhind, Distt. Fatehgarh Sahib

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 24-09-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 3 Nabha
Dated, this day of 12-09-2025

## COURT NOTICE

In the Court of
Sh. Bikramdeep Singh
Judicial Magistrate - Ist Class -2 Patiala
CNR No. :- PBPT03-001782-2021
Next Date :- 01-11-2025,
AXIS BANK LTD
Vs.
SANSAR
Detail of offence:- 138 NI ACT
Notice To:
Sansar
Authorized Representative of M/S. Jyoti Road Line, R/o H.No. 531, Kishangarh, Chandigarh-160101
Second Address - R/o Kajeev Vihar, Kachha Chamaria Road, Main Murgi Farm, Rohtak, Haryana-124001

In above titled case, the accused could not be served. It is ordered that accused should appear in person or through counsel on 01-11-2025 at 10.00 a.m.

For details logon to https://highcourtchd.gov.in/?mod=district_notice&district=patiala

Judicial Magistrate - Ist Class -2 Patiala
Dated, this day of 16-09-2025

## COURT NOTICE

In the Court of
Sh. Bikramdeep Singh
Judicial Magistrate - Ist Class -2, Patiala
CNR No. :- PBPT03-001807-2021
Next Date:-01-11-2025
Axis Bank Ltd
Vs.
Mahavir Singh
DEtail Of Offence:- 138 NI ACT
Notice To:
Mahavir Singh Father : Girvir Singh
H.NO. 55552, SHN Colony, Pinjore, Panchkula, Haryana-134103
Second Address R/o SCO 14, 1st Floor, Swastik Vihar, MDC, Sector 5, Panchkula, Haryana-134109

In above titled case, the accused could not be served. It is ordered that accused should appear in person or through counsel on 01-11-2025 at 10.00 a.m.

For details logon to https://highcourtchd.gov.in/?mod=district_notice&district=patiala

Judicial Magistrate - Ist Class -2 Patiala
Dated, this day of 16-09-2025

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ਼੍ਰੀ ਸੁਰਿੰਦਰ ਸਿੰਘ, ਪੀ. ਸੀ. ਐੱਸ. ਉਪ ਮੰਡਲ ਮੈਜਿਸਟਰੇਟ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਦਸੂਹਾ।
ਕੇਸ ਨੰ. 216, 40-ਏ ਇੰਤਕਾਲ ਨੰਬਰ 7075 ਤਹਿਸੀਲ ਦਸੂਹਾ, ਪਿੰਡ- ਡੱਫਰ, ਹੱਦਬਸਤ ਨੰਬਰ 1 ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ।
ਧਿਰਾਂ :- ਕੁਲਜੀਤ ਸਿੰਘ (ਦਰਖਾਸਤ ਕਰਤਾ) ਬਨਾਮ ਗਿਆਨ ਸਿੰਘ (ਮ੍ਰਿਤਕ) ਵਸੀਅਤ ਕਰਤਾ

ਉਪਰੋਕਤ ਮੁਕੱਦਮਾ ਵਿੱਚ ਇਸ਼ਤਿਹਾਰ ਨੰਬਰ 7075 ਵਾਕਿਆ ਰਕਬਾ ਪਿੰਡ ਡੱਫਰ ਹੱਦਬਸਤ ਨੰਬਰ 1, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਅਧੀਨ ਧਾਰਾ 40-ਏ ਤਹਿਤ ਦਰਜ ਰਜਿਸਟਰ ਕਰਕੇ ਨਾਇਬ ਤਹਿਸੀਲਦਾਰ ਗੜ੍ਹਦੀਵਾਲਾ ਵੱਲੋਂ ਨਿਮਨਹਸਤਾਖਰ ਦੀ ਅਦਾਲਤ ਵਿੱਚ ਫੈਸਲੇ ਹਿੱਤ ਪ੍ਰਾਪਤ ਹੋਇਆ ਹੈ। ਜਿਸ ਦੀ ਤਾਰੀਖ ਪੇਸ਼ੀ ਮਿਤੀ 27.08.2025 ਨਿਸ਼ਚਤ ਕੀਤੀ ਗਈ ਹੈ। ਇਸ ਲਈ ਇਸ ਅਖਬਾਰ ਨੋਟਿਸ ਇਸ਼ਤਿਹਾਰ ਰਾਹੀਂ ਇੰਤਕਾਲ ਨੰਬਰ 7075 ਵਾਕਿਆ ਰਕਬਾ ਪਿੰਡ ਡੱਫਰ ਹੱਦਬਸਤ ਨੰਬਰ 1, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਸੰਬੰਧੀ ਕਿਸੇ ਵੀ ਵਿਅਕਤੀ/ਵਿਅਕਤੀਆਂ ਨੂੰ ਜੇਕਰ ਕੋਈ ਇਤਰਾਜ਼ ਹੋਵੇ ਤਾਂ ਉਹ ਨਿਮਨਹਸਤਾਖਰ ਦੀ ਅਦਾਲਤ ਵਿੱਚ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਆਪਣੇ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਵਿੱਚ ਕੋਈ ਵੀ ਇਤਰਾਜ਼/ਉਜ਼ਰ ਮੰਨਣਯੋਗ ਨਹੀਂ ਹੋਵੇਗਾ।

ਅੱਜ ਮਿਤੀ 19.08.2025 ਨੂੰ ਮੇਰੇ ਦਸਤਖ਼ਤ ਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਉਪ ਮੰਡਲ ਮੈਜਿਸਟਰੇਟ-ਕਮ- ਸਹਾਇਕ ਕੁਲੈਕਟਰ ਦਰਜਾ ਅੱਵਲ, ਦਸੂਹਾ।
ਨੰਬਰ 1134 / ਰੀਡਰ ਮਿਤੀ 20-8-25

## COURT NOTICE

In the Court of
Sh. Bikramdeep Singh
Judicial Magistrate - Ist Class -2, Patiala
CNR No. :- PBPT03-001784-2021
Next Date :- 01-11-2025
AXIS BANK LTD
Vs.
Ankush Changotra
Detail of Offence:- 138NI ACT
Notice To:
Ankush Changotra
H.No. 218, Govind Nagar, Nayagaon, SAS Nagar/Mohali, Punjab-160103
Second Address - C/o Consultant Office, SCO 10, 2nd Floor, City Court, Zirakpur, Mohali, Punjab-140603

In above titled case, the accused could not be served. It is ordered that accused should appear in person or through counsel on 01-11-2025 at 10.00 a.m.

For details logon to https://highcourtchd.gov.in/?mod=district_notice&district=patiala

Judicial Magistrate - Ist Class -2 Patiala
Dated, this day of 16-09-2025

## COURT NOTICE

(U/o 5 Rule 20 CPC)
In the Court of
Kamaldeep Kaur
Civil Judge (Junior Division), Amritsar
CNR No. PBAS02-003313-2024
Next Date:- 30-09-2025
Punjab Gramin Bank
Vs.
Amritpal Singh
Publication Issued To:
1) Amritpal Singh Son of Shri Balbir Singh R/o Near Sabzi Mandi Amritsar 2) Ajaib Singh, Pritam Singh, R/o Near Sabzi Mandi, Shivala, Chowk, Majitha, Tehsil Majitha and Distt. Amritsar.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 30-09-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 12-09-2025

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਤਹਿਸੀਲਦਾਰ -ਕਮ- ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ

ਵਿਸ਼ਾ : ਤਕਸੀਮ ਕੇਸ [illegible] ਖੇਵਟ ਨੰਬਰ 1017 ਤੋਂ 1022 ਖਤੌਨੀ ਨੰਬਰ 1315 ਤੋਂ 1318, 1320 ਤੋਂ 1328 ਜਮ੍ਹਾਂਬੰਦੀ ਸਾਲ 2022-2023 ਵਾਕਿਆ ਰਕਬਾ ਪੱਤੀ ਫੇਰੂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 24-9-2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਾਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕਦੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ. ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

1) ਤਰਨਜੀਤ ਕੌਰ [illegible] (1) ਤੋਂ (36) [illegible] ਤਹਿ. ਜਗਰਾਓਂ, ਜ਼ਿਲ੍ਹਾ ਲੁਧਿਆਣਾ [illegible]

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਿਹਾਲ ਸਿੰਘ ਵਾਲਾ (ਮੋਗਾ)

17 Sep Page 8.qxd 9/16/2025 10:36 PM Page 1



# 255 ਗ੍ਰਾਮ ਕੋਕੀਨਡਰੱਗ ਤੇ 2 ਲੱਖ ਰੁਪਏ ਡਰੱਗ ਮਨੀ ਸਮੇਤ ਨਾਈਜੀਰੀਅਨ ਗ੍ਰਿਫਤਾਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਅਤੇ ਡਾਇਰੈਕਟਰ ਜਨਰਲ ਪੁਲਸ ਪੰਜਾਬ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਹਰਚਰਨ ਸਿੰਘ ਭੁੱਲਰ, ਡੀ.ਆਈ.ਜੀ, ਰੂਪਨਗਰ ਰੇਂਜ ਦੇ ਦਿਸ਼ਾ-ਨਿਰਦੇਸ਼ਾਂ ਹੇਠ ਰੇਂਜ ਐਂਟੀ-ਨਾਰਕੋਟਿਕ ਕਮ ਸਪੈਸ਼ਲ ਓਪਰੇਸ਼ਨ ਸੈਲ ਰੂਪਨਗਰ ਰੇਂਜ ਵੱਲੋਂ ਨਸ਼ਾ ਤਸਕਰੀ ਕਰਨ ਵਾਲੇ ਨਾਈਜੀਰੀਅਨ ਨਾਗਰਿਕ ਨੂੰ 255 ਗ੍ਰਾਮ ਕੋਕੀਨ, 10.25 ਗ੍ਰਾਮ ਐਮ ਡੀ ਐਮ ਏ ਪਿਲਜ਼ (ਜੋ ਕਿ ਇੰਟਰਨੈਸ਼ਨਲ ਡਰੱਗ ਹੈ) ਅਤੇ 2 ਲੱਖ ਰੁਪਏ ਡਰੱਗ ਮਨੀ (ਭਾਰਤੀ ਕਰੰਸੀ) ਸਮੇਤ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਡੀ ਆਈ ਜੀ ਹਰਚਰਨ ਸਿੰਘ ਭੁੱਲਰ ਨੇ ਦੱਸਿਆ ਕਿ 12 ਸਤੰਬਰ ਨੂੰ ਇੰਸਪੈਕਟਰ ਸੁਖਵਿੰਦਰ ਸਿੰਘ, ਇੰਚਾਰਜ, ਰੇਂਜ ਐਂਟੀ-ਨਾਰਕੋਟਿਕਸ ਕਮ ਸਪੈਸ਼ਲ ਓਪਰੇਸ਼ਨ ਸੈਲ ਕੈਂਪ ਐਟ ਮੋਹਾਲੀ ਦੀ ਅਗਵਾਈ ਹੇਠ ਉਨ੍ਹਾਂ ਦੀ ਟੀਮ ਪ੍ਰੀਤ ਕਰਿਆਨਾ ਸਟੋਰ, ਜੀ.ਟੀ.ਬੀ. ਕਲੋਨੀ, ਖਰੜ, ਜ਼ਿਲ੍ਹਾ ਐਸ.ਏ.ਐਸ.ਨਗਰ ਨੇੜੇ ਮੌਜੂਦ ਸੀ ਤਾਂ ਵਕਤ ਕਰੀਬ 11.45 'ਤੇ ਇਤਲਾਹ ਮਿਲੀ ਕਿ ਅਗਸਟੀਨ ਓਕਵੁਡਿਲ ਜੀ.ਟੀ.ਬੀ. ਕਲੋਨੀ ਵਿਚ ਆਪਣੇ ਪੱਕੇ ਗਾਹਕਾ ਨੂੰ ਕੋਕੀਨ ਵੇਚ ਰਿਹਾ ਹੈ।ਜੀ.ਟੀ.ਬੀ. ਕਲੋਨੀ ਵਿਚ ਰੇਡ ਕਰਨ ਤੇ ਅਗਸਟੀਨ ਓਕਵੁਡਿਲ ਉਕਤ ਨੂੰ 255 ਗ੍ਰਾਮ ਕੋਕੀਨ ਸਮੇਤ ਕਾਬੂ ਕੀਤਾ ਗਿਆ, ਜਿਸ ਖਿਲਾਫ ਮੁਕੱਦਮਾ ਥਾਣਾ ਸਿਟੀ ਖਰੜ ਜ਼ਿਲ੍ਹਾ ਐਸ.ਏ.ਐਸ.ਨਗਰ ਦਰਜ ਕਰਵਾਇਆ ਗਿਆ। ਅਗਸਟੀਨ ਓਕਵੁਡਿਲ ਪਾਸੋ 255 ਗ੍ਰਾਮ ਹੈਰੋਇਨ ਅਤੇ 2,00,000 ਰੁਪਏ ਡਰੱਗ ਮਨੀ (ਭਾਰਤੀ ਕਰੰਸੀ ਨੋਟ) ਸਮੇਤ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ।ਦੋਸ਼ੀ ਅਗਸਟੀਨ ਓਕਵੁਡਿਲ ਨੂੰ ਮਾਨਯੋਗ ਅਦਾਲਤ ਖਰੜ ਵਿਚ ਪੇਸ਼ ਕਰਕੇ 2 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ। ਪੁਲਸ ਰਿਮਾਂਡ ਦੌਰਾਨ ਦੋਸ਼ੀ ਅਗਸਟੀਨ ਓਕਵੁਡਿਲ ਤੋਂ ਪੁੱਛਗਿਛ ਕੀਤੀ ਗਈ ਜੋ ਭਾਰਤ ਵਿੱਚ ਆਪਣੀ ਰਿਹਾਇਸ਼ ਦੀ ਜਗ੍ਹਾ, ਕੋਈ ਵੀ ਵੈਲਿਡ ਪਾਸਪੋਰਟ ਜਾਂ ਵੈਲਿਡ ਵੀਜ਼ਾ ਜਾਂ ਕੋਈ ਹੋਰ ਦਸਤਾਵੇਜ਼ ਪੇਸ਼ ਨਹੀਂ ਕਰ ਸਕਿਆ।ਦੋਸ਼ੀ ਅਗਸਟੀਨ ਓਕਵੁਡਿਲ ਦੀ ਪੁੱਛਗਿੱਛ ਤੇ ਉਸ ਦੀ ਸਕੂਟਰੀ ਵਿੱਚੋਂ ਐਮ ਡੀ ਐਮ ਏ ਪਿੱਲਜ਼ 10.25 ਗਰਾਮ ਬ੍ਰਾਮਦ ਹੋਇਆ, ਜੋ ਕਿ ਇੰਟਰਨੈਸ਼ਨਲ ਡਰੱਗ ਹੈ। ਮੁਢਲੀ ਤਫਤੀਸ਼ ਦੌਰਾਨ ਸਾਹਮਣੇ ਆਇਆ ਹੈ ਕਿ ਕੋਕੀਨ ਅਤੇ ਐਮ ਡੀ ਐਮ ਏ ਮੋਹਾਲੀ, ਚੰਡੀਗੜ੍ਹ ਅਤੇ ਪੰਚਕੂਲਾ ਏਰੀਆ ਦੇ ਹਾਈ ਪ੍ਰੋਫਾਈਲ ਲੋਕ ਅਤੇ ਹਾਈ ਪ੍ਰੋਫਾਈਲ ਪਾਰਟੀਆਂ ਵਿਚ ਮਹਿੰਗੇ ਭਾਅ 'ਤੇ ਵੇਚੀ ਜਾਂਦੀ ਸੀ, ਜੋ ਕਿ ਇੰਟਰਨੈਸ਼ਨਲ ਬਾਰਡਰ ਤੋਂ ਪਾਰਸਲ ਰਾਹੀਂ ਸਮੱਗਲ ਹੋ ਕੇ ਆਉਂਦੀ ਸੀ।



# ਰੁੜਕੀ ਕਲਾਂ 'ਚ ਡੇਂਗੂ ਦੇ ਬਚਾਅ ਤੇ ਦੂਸ਼ਿਤ ਪਾਣੀ ਪੀਣ ਨਾਲ ਬਿਮਾਰੀਆਂ ਸੰਬੰਧੀ ਕੀਤਾ ਜਾਗਰੂਕ

**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਗੁਰਿੰਦਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਨਵਰੀਤ ਕੌਰ ਦੀ ਜੋਗ ਅਗਵਾਈ ਹੇਠ ਹੈਲਥ ਇੰਸਪੈਕਟਰ ਗੁਰਿੰਦਰ ਸਿੰਘ ਨੇ ਪਿੰਡ ਰੁੜਕੀ ਕਲਾਂ ਵਿਖੇ ਡੇਂਗੂ ਦੇ ਬਚਾਅ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਂਗੂ ਇਲਾਜ ਯੋਗ ਹੈ, ਡੇਂਗੂ ਏਡੀਜ਼ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਸਾਫ ਖੜ੍ਹੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦੇ ਹਨ ਅਤੇ ਇਹ ਸਿਰਫ ਦਿਨ ਵੇਲੇ ਕੱਟਦੇ ਹਨ। ਇਹਨਾਂ ਤੋਂ ਬਚਣ ਲਈ ਸਾਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਸਾਫ ਸਫਾਈ ਰੱਖਣੀ ਚਾਹੀਦੀ ਹੈ। ਕੂਲਰਾਂ ਅਤੇ ਗਮਲਿਆਂ ਵਿੱਚ ਖੜੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜ਼ਰੂਰ ਸਾਫ ਕਰਕੇ ਸੁਕਾਉਣਾ ਚਾਹੀਦਾ ਹੈ। ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਪੂਰਾ ਢਕਿਆ ਰਹੇ, ਸੌਣ ਵੇਲੇ ਮੱਛਰਦਾਨੀ ਦੀ ਵਰਤੋਂ ਕਰੋ, ਛੱਤਾਂ 'ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਦੇ ਢੱਕਣ ਚੰਗੀ ਤਰ੍ਹਾਂ ਬੰਦ ਕਰਕੇ ਰੱਖੋ, ਟੁੱਟੇ ਭੱਜੇ ਬਰਤਨਾਂ ਡਰੰਮਾ ਟਾਇਰਾਂ ਨੂੰ ਖੁੱਲ੍ਹੇ ਵਿੱਚ ਨਾ ਰੱਖੋ। ਵੱਧ ਤੋਂ ਵੱਧ ਤਰਲ ਪਦਾਰਥ ਪੀਓ, ਡੇਂਗੂ ਦਾ ਮੱਛਰ ਹਫਤੇ ਵਿੱਚ ਆਂਡੇ ਤੋਂ ਪੂਰਾ ਮੱਛਰ ਬਣਦਾ ਹੈ। ਇਸ ਲਈ ਸਾਨੂੰ ਹਫਤੇ ਵਿੱਚ ਇੱਕ ਵਾਰ ਜ਼ਰੂਰ ਪਾਣੀ ਦੇ ਭਰੇ ਭਾਂਡਿਆਂ ਨੂੰ ਸਾਫ ਕਰਕੇ ਸੁਕਾਉਣਾ ਚਾਹੀਦਾ ਹੈ। ਡੇਂਗੂ ਬੁਖਾਰ ਦੇ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿੱਚ ਤੇਜ਼ ਬੁਖਾਰ ਹੋਣਾ, ਸਿਰ ਦਰਦ ਹੋਣਾ, ਮਾਸਪੇਸ਼ੀਆਂ ਤੇ ਜੋੜਾਂ 'ਚ ਦਰਦ ਹੋਣਾ, ਚਮੜੀ 'ਤੇ ਦਾਣੇ ਹੋਣਾ, ਅੱਖਾਂ ਦੇ ਪਿਛਲੇ ਹਿੱਸੇ ਦਰਦ ਅਤੇ ਹਾਲਤ ਖਰਾਬ ਹੋਣ ਤੇ ਮਸੂੜਿਆਂ ਤੇ ਨੱਕ ਵਿੱਚੋਂ ਖੂਨ ਵਗਣਾ ਹੋ ਸਕਦੇ ਹਨ ਅਤੇ ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ। ਪਾਣੀ ਉਬਾਲਕੇ ਠੰਢਾ ਕਰਕੇ ਪੀਣ ਲਈ ਪ੍ਰੇਰਿਤ ਕੀਤਾ ਅਤੇ ਸਫਾਈ ਦਾਧਿਆਨ ਰੱਖਣ ਲਈ ਕਿਹਾ ਗਿਆ। ਇਸ ਮੌਕੇ ਪੇਡੂ ਸਿਹਤ ਸਫਾਈ ਮੈਂਬਰ, ਆਸਾ ਵਰਕਰ ਸੁਖਵਿੰਦਰ ਕੌਰ ਅਤੇ ਬਰੀਡਿੰਗ ਚੈਕਰ ਰਾਜਨ ਹਾਜ਼ਰ ਸਨ।



## ਸਰਕਾਰੀ ਸਕੂਲਾਂ ਦੇ ਅਧਿਆਪਕਾਂ ਤੇ ਸਟਾਫ਼ ਵੱਲੋਂ ਹੜ੍ਹ ਰਾਹਤ ਕਾਰਜਾਂ 'ਚ 31.53 ਲੱਖ ਰੁਪਏ ਦਾ ਯੋਗਦਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਮਾਨਵਤਾ ਦੀ ਸੇਵਾ ਲਈ ਏਕਤਾ ਅਤੇ ਹਮਦਰਦੀ ਵਾਲੇ ਨੇਕ ਕਾਰਜ ਤਹਿਤ ਲੁਧਿਆਣਾ ਜ਼ਿਲ੍ਹੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਅਤੇ ਸਟਾਫ਼ ਨੇ ਸਮੂਹਿਕ ਤੌਰ 'ਤੇ ਪੰਜਾਬ ਮੁੱਖ ਮੰਤਰੀ ਹੜ੍ਹ ਰਾਹਤ ਫੰਡ ਵਿੱਚ 31,53,000 ਰੁਪਏ ਦਾ ਯੋਗਦਾਨ ਪਾਇਆ ਹੈ, ਜਿਸ ਨਾਲ ਸੂਬੇ ਵਿੱਚ ਚੱਲ ਰਹੇ ਹੜ੍ਹ ਰਾਹਤ ਕਾਰਜਾਂ ਨੂੰ ਮਜ਼ਬੂਤੀ ਮਿਲੇਗੀ।ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਅੱਜ ਨੰਗਲ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ), ਲੁਧਿਆਣਾ ਸ੍ਰੀਮਤੀ ਡਿੰਪਲ ਮਦਾਨ ਦੀ ਅਗਵਾਈ ਵਿੱਚ ਅਧਿਆਪਕਾਂ ਦੇ ਵਫ਼ਦ ਦੁਆਰਾ ਇਹ ਸਮੂਹਿਕ ਯੋਗਦਾਨ ਰਸਮੀ ਤੌਰ 'ਤੇ ਭੇਟ ਕੀਤਾ ਗਿਆ। ਅਧਿਆਪਕਾਂ ਦੇ ਇਸ ਵਫ਼ਦ ਵਿੱਚ ਡਿਪਟੀ ਡੀਈਓ ਅਮਨਦੀਪ ਸਿੰਘ, ਸਟੇਟ ਸਪੋਰਟਸ ਕਮੇਟੀ ਮੈਂਬਰ ਅਜੀਤ ਪਾਲ ਅਤੇ ਫਿਜ਼ਿਕਸ ਦੇ ਲੈਕਚਰਾਰ ਦਿਨੇਸ਼ ਮੋਦੀ ਸ਼ਾਮਲ ਸਨ। ਹਰਜੋਤ ਸਿੰਘ ਬੈਂਸ ਨੇ ਅਧਿਆਪਕਾਂ ਦੀ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਅਧਿਆਪਕਾਂ ਵੱਲੋਂ ਪਾਇਆ ਇਹ ਵਿਸ਼ੇਸ਼ ਯੋਗਦਾਨ ਸਮਾਜ ਪ੍ਰਤੀ ਉਨ੍ਹਾਂ ਦੀ ਸੰਵੇਦਨਾ ਅਤੇ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਹੜ੍ਹਾਂ ਤੋਂ ਪ੍ਰਭਾਵਤ ਲੋਕਾਂ ਦੀ ਸਹਾਇਤਾ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## 'ਆਪ' ਨੇ ਯੂਥ ਵਿੰਗ ਤੇ 'ਨਸ਼ਾ ਮੁਕਤੀ ਮੋਰਚੇ' ਦੇ ਅਹੁਦੇਦਾਰ ਕੀਤੇ ਨਿਯੁਕਤ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੀ ਜਵਾਨੀ ਨੂੰ ਸਮਾਜਿਕ ਅਤੇ ਸਿਆਸੀ ਤੌਰ 'ਤੇ ਮਜ਼ਬੂਤ ਕਰਨ ਦੇ ਦੋਹਰੇ ਉਦੇਸ਼ ਨਾਲ, ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਆਪਣੀ ਜਥੇਬੰਦਕ ਰਣਨੀਤੀ ਤਹਿਤ ਇੱਕ ਵੱਡਾ ਫੈਸਲਾ ਲੈਂਦਿਆਂ 'ਆਮ ਆਦਮੀ ਪਾਰਟੀ ਪੰਜਾਬ ਨਸ਼ਾ ਮੁਕਤੀ ਮੋਰਚਾ' ਅਤੇ ਆਪਣੇ ਯੂਥ ਵਿੰਗ ਦੇ ਨਵੇਂ ਅਹੁਦੇਦਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਮੌਕੇ 'ਤੇ ਪਾਰਟੀ ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਇੱਕ ਗੰਭੀਰ ਚੁਣੌਤੀ ਹੈ, ਜਿਸ ਨੇ ਪੀੜ੍ਹੀਆਂ ਨੂੰ ਬਰਬਾਦ ਕੀਤਾ ਹੈ। ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਨਵੀਂ ਟੀਮ ਦਾ ਸਵਾਗਤ ਕਰਦਿਆਂ ਕਿਹਾ ਕਿ ਨਸ਼ਾ ਮੁਕਤੀ ਮੋਰਚੇ ਦੇ ਅਹੁਦੇਦਾਰਾਂ ਦੇ ਮੋਢਿਆਂ 'ਤੇ ਪੰਜਾਬ ਦੀ ਜਵਾਨੀ ਨੂੰ ਬਚਾਉਣ ਦੀ ਇੱਕ ਵੱਡੀ ਅਤੇ ਪਵਿੱਤਰ ਜ਼ਿੰਮੇਵਾਰੀ ਹੈ। ਪਾਰਟੀ ਨੇ ਤੁਹਾਡੇ ਸਾਰਿਆਂ 'ਤੇ ਭਰੋਸਾ ਜਤਾਇਆ ਹੈ ਅਤੇ ਮੈਨੂੰ ਉਮੀਦ ਹੈ ਕਿ ਤੁਸੀਂ ਸਾਰੇ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਇਸ ਜ਼ਿੰਮੇਵਾਰੀ ਨੂੰ ਨਿਭਾਓਗੇ। ਸਾਡਾ ਟੀਚਾ ਸਿਰਫ਼ ਸਿਆਸੀ ਨਹੀਂ, ਸਗੋਂ ਇੱਕ ਸਮਾਜਿਕ ਬਦਲਾਅ ਲਿਆਉਣਾ ਹੈ, ਅਤੇ ਇਸ ਲਈ ਸਾਨੂੰ ਮਿਲ ਕੇ ਇਸ ਲੜਾਈ ਨੂੰ ਇੱਕ ਲੋਕ ਲਹਿਰ ਬਣਾਉਣਾ ਪਵੇਗਾ।

# ਪ੍ਰਤਿਭਾ ਖੋਜ ਮੁਕਾਬਲੇ ਧੂਮਧਾਮ ਨਾਲ ਸੰਪੰਨ

**ਸੁਲਤਾਨਪੁਰ ਲੋਧੀ (ਹਨੀ)**- ਐਸ ਡੀ ਕਾਲਜ ਫਾਰ ਵੂਮੈਨ ਵਿਖੇ ਮੈਡਮ ਕਸ਼ਮੀਰ ਕੌਰ ਇੰਚਾਰਜ ਯੂਥ ਕਲੱਬ ਦੀ ਅਗਵਾਈ ਅਤੇ ਮਨਦੀਪ ਕੌਰ ਤੇ ਗੀਟਾ ਮਸੀਹ ਦੀ ਦੇਖ ਰੇਖ ਵਿਚ ਪ੍ਰਤਿਭਾ ਖੋਜ ਪ੍ਰਤੀਯੋਗਤਾ ਦਾ ਆਯੋਜਨ ਬੜੀ ਧੂਮਧਾਮ ਨਾਲ ਕੀਤਾ ਗਿਆ, ਜਿਸ ਵਿਦਿਆਰਥਣਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦਾ ਸਮਾਗਮ ਵਿਚ ਸ਼ਿਰਕਤ ਕਰਨ 'ਤੇ ਵਿਦਿਆਰਥਣਾਂ ਅਤੇ ਸਟਾਫ਼ ਮੈਂਬਰਾਂ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ। ਸ਼ਬਦ ਐਂਡ ਭਜਨ ਗਾਇਨ 'ਚ ਰਣਜੀਤ, ਕੋਮਲ ਗਰੁੱਪ ਜੇਤੂ ਰਿਹਾ। ਕੁਮਕੁਮ, ਪਵਿੱਤਰ ਪਾਲ ਤੇ ਪੂਜਾ ਰਾਣੀ, ਸਰੋਜ ਗਰੁੱਪ ਸਾਂਝੇ ਤੌਰ 'ਤੇ ਦੂਜੇ, ਜਦਕਿ ਸਨੇਹਾ, ਪਾਇਲ ਗਰੁੱਪ ਤੀਜੇ ਸਥਾਨ 'ਤੇ ਰਿਹਾ। ਲੋਕ ਗੀਤ 'ਚ ਪਵਿੱਤਰ ਪਾਲ ਜੇਤੂ ਰਹੀ। ਕੁਮਕੁਮ ਸੈਕੰਡ ਅਤੇ ਸ਼ਿਵਾਨੀ ਤੇ ਖ਼ੁਸ਼ਬੂ ਸਾਂਝੇ ਤੌਰ 'ਤੇ ਤੀਜੇ ਸਥਾਨ 'ਤੇ ਰਹੀਆਂ। ਗੀਤ ਮੁਕਾਬਲੇ 'ਚ ਰਣਜੀਤ ਜੇਤੂ ਰਹੀ। ਸੁਨੀਤਾ ਦੂਜੇ ਅਤੇ ਕੋਮਲਪ੍ਰੀਤ ਤੇ ਕੁਮਕੁਮ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕਰਨ 'ਚ ਸਫਲ ਰਹੀਆਂ। ਗਰੁੱਪ ਸਾਂਗ 'ਚ ਰਣਜੀਤ, ਸ਼ਿਵਾਨੀ ਗਰੁੱਪ ਜੇਤੂ ਰਿਹਾ। ਕੋਮਲ, ਰਮਨ ਗਰੁੱਪ ਅਤੇ ਕੋਮਲਪ੍ਰੀਤ, ਰਣਜੀਤ, ਕੋਮਲ ਗਰੁੱਪ ਸਾਂਝੇ ਤੌਰ 'ਤੇ ਦੂਜੇ ਸਥਾਨ 'ਤੇ ਰਿਹਾ, ਜਦਕਿ ਪੂਜਾ ਰਾਣੀ, ਸਰੋਜ ਰਾਣੀ ਗਰੁੱਪ ਤੀਜੇ ਸਥਾਨ 'ਤੇ ਰਿਹਾ। ਸੋਲੋ ਡਾਂਸ 'ਚ ਪਵਿੱਤਰ ਪਾਲ 'ਤੇ ਹਰਪ੍ਰੀਤ ਸਾਂਝੇ ਤੌਰ 'ਤੇ ਜੇਤੂ ਰਹੀਆਂ। ਸ਼ਿਵਾਨੀ ਤੇ ਮਲਿਕਾ ਸੈਕੰਡ ਅਤੇ ਰਮਨ ਤੀਜੇ ਸਥਾਨ 'ਤੇ ਰਹੀ। ਗਰੁੱਪ ਡਾਂਸ 'ਚ ਮਾਲਨੀ ਐਂਡ ਸ਼ਿਵਾਨੀ ਗਰੁੱਪ ਜੇਤੂ ਰਿਹਾ। ਹਰਪ੍ਰੀਤ ਐਂਡ ਮਲਿਕਾ ਗਰੁੱਪ ਸੈਕੰਡ, ਜਦਕਿ ਹਰਮੀਨ ਐਂਡ ਗਰੁੱਪ ਅਤੇ ਨੰਦੀ ਐਂਡ ਗਰੁੱਪ ਸਾਂਝੇ ਤੌਰ 'ਤੇ ਤੀਜੇ ਸਥਾਨ 'ਤੇ ਰਿਹਾ। ਮਹਿੰਦੀ ਮੁਕਾਬਲੇ 'ਚ ਸਲੋਨੀ, ਲਵਲੀਨ ਜੇਤੂ ਰਹੀਆਂ। ਰਮਨਪ੍ਰੀਤ, ਸੁਖਮਨਪ੍ਰੀਚ ਸੈਕੰਡ ਅਤੇ ਸਿਮਰਨਜੀਤ, ਹਰਪ੍ਰੀਤ ਤੀਜੇ ਸਥਾਨ 'ਤੇ ਰਹੀਆਂ। ਸਲੋਗਨ 'ਚ ਮੁਸਕਾਨ ਜੇਤੂ ਰਹੀ। ਮਾਲਨੀ ਦੂਜੇ ਅਤੇ ਨਵਰੂਪ ਤੀਜੇ ਸਥਾਨ 'ਤੇ ਰਹੀ। ਪੋਸਟਰ ਮੇਕਿੰਗ 'ਚ ਸਾਨੀਆ ਜੇਤੂ ਰਹੀ। ਹਰਸ਼ਿਤਾ ਤੇ ਰੁਪਿੰਦਰ ਦੂਜੇ ਅਤੇ ਸ਼ਿਵਾਨੀ ਤੀਜੇ ਸਥਾਨ ਤੇ ਰਹੀ। ਸੰਦੀਪ ਪੇਟਿੰਗ ਮੁਕਾਬਲੇ ਦੀ ਜੇਤੂ ਰਹੀ। ਜਸਮੀਨ ਤੇ ਅੰਸ਼ਿਕਾ ਰੰਗੋਲੀ 'ਚੋਂ ਜੇਤੂ ਰਹੀਆਂ। ਰੁਚੀ, ਸਿਮਰਜੀਤ ਅਤੇ ਨਵਰਾਜ, ਅੰਜਲੀ ਸਾਂਝੇ ਤੌਰ 'ਤੇ ਦੂਜੇ,ਜਦਕਿ ਸਾਨੀਆ, ਜਯਾ ਤੀਜੇ ਸਥਾਨ 'ਤੇ ਰਹੀਆਂ। ਜਸ਼ਨਪ੍ਰੀਤ ਭਾਸ਼ਣ ਮੁਕਾਬਲੇ ਦੀ ਜੇਤੂ ਰਹੀ। ਰੂਬੀ ਸੈਕੰਡ ਅਤੇ ਅੰਮ੍ਰਿਤਦੀਪ ਤੀਜੇ ਸਥਾਨ 'ਤੇ ਰਹੀ। ਸੰਜੀਵਨ ਕਵਿਤਾ ਮੁਕਾਬਲੇ ਦੀ ਜੇਤੂ ਰਹੀ। ਨੇਹਾ ਸੈਕੰਡ ਅਤੇ ਪਵਿੱਤਰ ਪਾਲ ਤੀਜੇ ਸਥਾਨ 'ਤੇ ਰਹੀ। ਪ੍ਰਭ ਪੰਜਾਬੀ ਪਹਿਰਾਵੇ 'ਚੋਂ ਜੇਤੂ ਰਹੀ। ਸਿਮਰਨਜੀਤ ਸੈਕੰਡ ਅਤੇ ਨੰਦਨੀ ਤੀਜੇ ਸਥਾਨ 'ਤੇ ਰਹੀ। ਸਮਾਗਮ ਦੇ ਅੰਤ ਵਿੱਚ ਪ੍ਰਿੰਸੀਪਲ ਡਾ. ਸ਼ੁਕਲਾ ਨੇ ਸਮੂਹ ਵਿਦਿਆਰਥਣਾਂ ਵੱਲੋਂ ਦਿਖਾਈ ਪ੍ਰਤਿਭਾ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਜੇਤੂਆਂ ਨੂੰ ਸਨਮਾਨਤ ਕੀਤਾ। ਇਸ ਮੌਕੇ ਰਜਨੀ ਬਾਲਾ, ਰਜਿੰਦਰ ਕੌਰ, ਰਾਜਬੀਰ ਕੌਰ, ਸੁਨੀਤਾ ਕਲੇਰ ਆਦਿ ਸਟਾਫ਼ ਮੈਂਬਰ ਤੇ ਵੱਡੀ ਗਿਣਤੀ ਵਿੱਚ ਵਿਦਿਆਰਥਣਾਂ ਹਾਜ਼ਰ ਸਨ।




## ਪ੍ਰਿੰਸ ਚੌਧਰੀ 'ਆਪ' ਹਲਕਾ ਗੜ੍ਹਸ਼ੰਕਰ ਦੇ ਯੂਥ ਪ੍ਰਧਾਨ ਨਿਯੁਕਤ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਗੜ੍ਹਸ਼ੰਕਰ ਤੋਂ ਆਮ ਆਦਮੀ ਪਾਰਟੀ ਦੇ ਜੁਝਾਰੂ ਯੂਥ ਆਗੂ ਪ੍ਰਿੰਸ ਚੌਧਰੀ ਨੂੰ ਪਾਰਟੀ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਨੂੰ ਵੇਖਦਿਆਂ ਪਾਰਟੀ ਹਾਈਕਮਾਨ ਵੱਲੋ ਉਨ੍ਹਾਂ ਨੂੰ ਹਲਕਾ ਗੜ੍ਹਸ਼ੰਕਰ ਦਾ ਯੂਥ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਨਵ ਨਿਯੁਕਤ ਯੂਥ ਪ੍ਰਧਾਨ ਪ੍ਰਿੰਸ ਚੌਧਰੀ ਨੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਤੇ ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਜਿਹੜੀ ਜੁੰਮੇਵਾਰੀ ਸੌਂਪੀ ਗਈ ਹੈ ਉਸ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਹਲਕੇ ਦੇ ਯੂਥ ਨੂੰ ਨਾਲ ਲੈ ਕੇ ਪਾਰਟੀ ਦੀ ਹੋਰ ਮਜ਼ਬੂਤੀ ਲਈ ਕੰਮ ਕਰਨਗੇ।



## ਲੋੜਵੰਦ ਪਰਵਾਰਾਂ ਨੂੰ ਵੰਡਿਆ ਰਾਸ਼ਨ

**ਗੁਰਾਇਆ (ਬਿੰਦਰ ਸੁੰਮਨ)**- ਨੇੜਲੇ ਪਿੰਡ ਰੂਪੋਵਾਲ ਵਿਖੇ ਐਨ ਆਰ ਆਈ ਵੀਰਾਂ ਵੱਲੋਂ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਪੰਚ ਜਗਦੀਸ਼ ਮਹੀਮੀ ਤੇ ਲੇਖ ਰਾਜ ਨੇ ਬਾਬਾ ਗੁਰਦਿਆਲ ਰਾਮ ਬੈਲਜੀਅਮ, ਜੀਤ ਬਾਬਾ ਬੈਲਜੀਅਮ, ਬਲਿਹਾਰ ਮਹਿਮੀ, ਸੋਮ ਨਾਥ ਥਿੰਦ ਦਾ ਧੰਨਵਾਦ ਕਰਦਿਆ ਕਿਹਾ ਕਿ ਇਹ ਪਰਿਵਾਰ ਹਰੇਕ ਸਾਲ ਸੈਂਕੜੇ ਪਰਵਾਰਾਂ ਨੂੰ ਸੁੱਕਾ ਰਾਸ਼ਨ ਵੰਡਦੇ ਹਨ। ਲੋੜਵੰਦ ਪਰਿਵਾਰਾਂ ਵਲੋਂ ਵੀ ਬਾਬਾ ਗੁਰਦਿਆਲ ਰਾਮ ਬੈਲਜੀਅਮ, ਬਲਿਹਾਰ ਮਹਿਮੀ ਅਤੇ ਸੋਮ ਨਾਥ ਥਿੰਦ ਦਾ ਤਹਿ ਦਿਲੋ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਗੁਰਦੀਪ ਸਿੰਘ ਢੇਸੀ, ਬਲਿਹਾਰ ਮਹਿਮੀ, ਵਾਇਸ ਪ੍ਰਧਾਨ ਪਰਮਿੰਦਰ ਮਹਿਮੀ, ਕੈਸ਼ੀਅਰ ਤਲਜੀਤ ਸਿੰਘ ਢੇਸੀ, ਬਲਵਿੰਦਰ ਸਿੰਘ ਭੋਗਲ, ਪੰਚ ਮਾਸਟਰ ਜਗਦੀਸ਼ ਮਹਿਮੀ, ਲੇਖ ਰਾਜ, ਪੰਚ ਸੰਦੀਪ ਵਿਰਦੀ, ਪੰਚ ਮੱਖਣ ਗਰੇਵਾਲ, ਪੰਚ ਅਕਬਰ ਢੇਸੀ, ਤੀਰਥ ਸਿੰਘ ਢੋਸੀ, ਮਨਵੀਰ ਭੋਗਲ, ਸਾਜਨ ਬੈਲਜੀਅਮ, ਜਸਪਾਲ ਮਹਿਮੀ, ਸੋਮ ਪਾਲ ਮਹਿਮੀ, ਬਲਵੀਰ ਮਹਿਮੀ ਆਦਿ ਹਾਜ਼ਰ ਸਨ।



## ਹੜ੍ਹ ਪ੍ਰਭਾਵਿਤ ਖੇਤਰਾਂ 'ਚ ਲਗਾਏ ਵਿਸ਼ੇਸ਼ ਮੈਡੀਕਲ ਕੈਂਪ : ਪ੍ਰੇਮ ਕੁਮਾਰ

**ਕਪੂਰਥਲਾ (ਮਨਜੀਤ ਮਾਨ)**- ਸਿਵਲ ਸਰਜਨ ਕਪੂਰਥਲਾ ਡਾ. ਰਾਜੀਵ ਪਰਾਸ਼ਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਮੈਡੀਕਲ ਅਫ਼ਸਰ ਮੁੱਢਲਾ ਸਿਹਤ ਕੇਂਦਰ ਢਿੱਲਵਾਂ ਡਾ. ਪ੍ਰੇਮ ਕੁਮਾਰ ਦੀ ਯੋਗ ਅਗਵਾਈ ਹੇਠ ਸਿਹਤ ਵਿਭਾਗ ਦੀਆਂ ਟੀਮਾਂ ਜ਼ਮੀਨੀ ਪੱਧਰ ਤੇ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਨੂੰ ਸਿਹਤ ਸੇਵਾਵਾਂ ਅਤੇ ਸਹੂਲਤਾਂ ਦੇਣ ਲਈ ਵਚਨਬੱਧ ਹੈ। ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਿਹਤ ਪੱਖੋਂ ਕੋਈ ਪ੍ਰੇਸ਼ਾਨੀ ਨਾ ਆਵੇ ਇਸ ਨੂੰ ਧਿਆਨ ਵਿੱਚ ਰੱਖਦਿਆਂ ਵਿਸ਼ੇਸ਼ ਤੌਰ 'ਤੇ ਰੋਜ਼ਾਨਾ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਵਿਸ਼ੇਸ਼ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੇਮ ਕੁਮਾਰ ਨੇ ਕਿਹਾ ਕਿ ਮੈਡੀਕਲ ਟੀਮਾਂ ਵੱਲੋਂ ਓ.ਆਰ.ਐਸ, ਕਲੋਰੀਨ ਦੀ ਗੋਲੀਆਂ, ਚਮੜੀ ਰੋਗ, ਡਾਈਰੀਆ, ਬੁਖਾਰ ਆਦਿ ਬਿਮਾਰੀਆਂ ਸਬੰਧੀ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਆਸ਼ਾ ਵਰਕਰਾਂ ਵੱਲੋਂ ਘਰ-ਘਰ ਜਾ ਕੇ ਹੈਲਥ ਕਿੱਟਾਂ ਵੀ ਦਿੱਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਸਮੂਹ ਮ.ਪ.ਹ.ਵ ਵੱਲੋਂ ਵੀ ਪਿੰਡਾਂ ਵਿੱਚ ਫੋਗਿੰਗ ਕਰਵਾਈ ਜਾ ਰਹੀ ਹੈ ਤਾਂ ਜੋ ਡੇਂਗੂ, ਮਲੇਰੀਆ ਆਦਿ ਬਿਮਾਰੀਆਂ ਤੋਂ ਬਚਿਆ ਜਾ ਸਕੇ।



## ਹੜ੍ਹ ਪੀੜਤਾਂ ਲਈ ਚਾਹਲ ਤੇ ਪਨੇਸਰ ਪਰਵਾਰ ਆਏ ਅੱਗੇ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪਿਛਲੇ ਦਿਨੀਂ ਭਾਰੀ ਮੀਂਹ ਨਾਲ ਅਤੇ ਦਰਿਆ ਨਾਲ ਲਗਦੇ ਇਲਾਕਿਆਂ ਵਿੱਚ ਆਏ ਭਾਰੀ ਹੜ੍ਹਾਂ ਨੇ ਲੱਖਾਂ ਲੋਕਾਂ ਤੇ ਫਸਲਾਂ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ।ਇਨ੍ਹਾਂ ਪੀੜਤ ਲੋਕਾਂ ਦੀ ਮਦਦ ਲਈ ਨੂਰਮਹਿਲ ਤੋਂ ਚਾਹਲ ਪਰਵਾਰ ਅਤੇ ਪਨੇਸਰ ਪਰਵਾਰ ਆਏ ਅੱਗੇ। ਜਾਣਕਾਰੀ ਦਿੰਦਿਆਂ ਸਮਾਜ ਸੇਵੀ ਡਾਕਟਰ ਦਵਿੰਦਰ ਪਾਲ ਚਾਹਲ ਨੇ ਦੱਸਿਆ ਕਿ ਇਨ੍ਹਾਂ ਪੀੜਤਾਂ ਦੀ ਮੱਦਦ ਲਈ ਚਾਹਲ ਪਰਵਾਰ ਅਤੇ ਪਨੇਸਰ ਪਰਵਾਰ ਵੱਲੋਂ ਸੁੱਕਾ ਰਾਸ਼ਨ ਹੜ੍ਹ ਪੀੜਤ ਇਲਾਕਿਆਂ ਵਿੱਚ ਵੰਡਿਆ ਜਾਵੇਗਾ।ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਿੱਥੇ ਹੜ੍ਹ ਦੇ ਪਾਣੀ ਦੇ ਵਿੱਚ ਲੋਕ ਇੱਕ ਦੂਜੇ ਦੀ ਮਦਦ ਕਰ ਰਹੇ ਸਨ ਪਰ ਹੁਣ ਪਾਣੀ ਪਿੰਡਾਂ ਵਿੱਚੋਂ ਖਤਮ ਹੋ ਗਿਆ ਹੈ ਪਰ ਅਜੇ ਵੀ ਅਗਲੇ ਸਮਿਆਂ ਤੱਕ ਲੋਕ ਆਪਣੇ ਉਨ੍ਹਾਂ ਰਾਹਾਂ 'ਤੇ ਨਹੀਂ ਆਉਣਗੇ ਕਿਉਂਕਿ ਹੜ੍ਹ ਨਾਲ ਸਾਰੇ ਇਲਾਕੇ ਬਹੁਤ ਹੀ ਪ੍ਰਭਾਵਿਤ ਹੋਏ ਹਨ। ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਇਸ ਮੁਸ਼ਕਿਲ ਘੜੀ ਦੇ ਵਿੱਚ ਇੱਕਜੁੱਟ ਹੋ ਕੇ ਜਿੰਨਾ ਹੋ ਸਕੇ ਰਾਹਤ ਸਮੱਗਰੀ ਸਿਹਤ ਸਹੂਲਤਾਂ ਪਹੁੰਚਾਈਏ ਤਾਂ ਜੋ ਕੋਈ ਵੀ ਘਰ ਰਾਸ਼ਨ ਅਤੇ ਹੋਰ ਸਿਹਤ ਸਹੂਲਤਾਂ ਅਤੇ ਹੋਰ ਜ਼ਰੂਰਤਾਂ ਤੋਂ ਵਾਂਝਾ ਨਾ ਰਹਿ ਸਕੇ। ਇਸ ਮੌਕੇ ਸਮਾਜ ਸੇਵੀ ਡਾਕਟਰ ਦਵਿੰਦਰ ਪਾਲ ਚਾਹਲ, ਸ਼ਾਮ ਮਿੱਤੂ, ਪੱਤਰਕਾਰ ਅਵਤਾਰ ਚੰਦ, ਪੱਤਰਕਾਰ ਰਵਿੰਦਰ ਭਾਰਦਵਾਜ, ਹਰਜੀਤ ਚਾਹਲ, ਰਾਹੁਲ ਚਾਹਲ, ਡੀ ਚਾਹਲ, ਪਾਲ ਚਾਹਲ , ਕਮਲਜੀਤ ਕੁੱਕਾ ਹਾਜ਼ਰ ਸਨ।



## ਐਲ ਪੀ ਯੂ ਨੇ 24ਵਾਂ ਸਥਾਪਨਾ ਦਿਵਸ ਮਨਾਇਆ




**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੇ ਸਟਾਫ ਦੀ ਸਖ਼ਤ ਮਿਹਨਤ ਅਤੇ ਸੇਵਾ ਨੂੰ ਮਾਨਤਾ ਦੇਣ ਲਈ ਇੱਕ ਵਿਸ਼ੇਸ਼ ਸਟਾਫ ਪਸੰਸਾ ਪੁਰਸਕਾਰ ਸਮਾਰੋਹ ਦਾ ਆਯੋਜਨ ਕਰਕੇ ਆਪਣਾ 24ਵਾਂ ਸਥਾਪਨਾ ਦਿਵਸ ਬਹੁਤ ਧੂਮਧਾਮ ਨਾਲ ਮਨਾਇਆ। ਉਨ੍ਹਾਂ ਦੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ, ਯੂਨੀਵਰਸਿਟੀ ਨੇ ਟੀਚਿੰਗ, ਖੋਜ, ਪ੍ਰਸ਼ਾਸਨ, ਰਿਹਾਇਸ਼ੀ ਸਹਾਇਤਾ, ਹੁਨਰ ਵਿਕਾਸ ਆਦਿ ਸਮੇਤ 23 ਸ਼੍ਰੇਣੀਆਂ ਵਿੱਚ ਲਗਭਗ 350 ਸਟਾਫ ਮੈਂਬਰਾਂ ਨੂੰ ਲਗਭਗ 1 ਕਰੋੜ ਰੁਪਏ ਦੇ ਨਕਦ ਪੁਰਸਕਾਰ ਦਿੱਤੇ।ਇਸ ਸਮਾਗਮ ਵਿੱਚ ਸੰਸਦ ਮੈਂਬਰ (ਰਾਜ ਸਭਾ) ਡਾ. ਅਸ਼ੋਕ ਕੁਮਾਰ ਮਿੱਤਲ ਅਤੇ ਸੰਸਥਾਪਕ ਚਾਂਸਲਰ, ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ, ਡਾਇਰੈਕਟਰ ਐਲ ਪੀ ਯੂ ਇੰਜੀਨੀਅਰ ਐਚ.ਆਰ. ਸਿੰਗਲਾ, ਸੀਨੀਅਰ ਆਗੂਆਂ ਅਤੇ ਯੂਨੀਵਰਸਿਟੀ ਦੇ ਸਮੁੱਚੇ ਸਟਾਫ ਸਮੇਤ ਮੌਜੂਦ ਸਨ।ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ, ਐਲ ਪੀ ਯੂ ਦੀ ਸਫਲਤਾ ਇਸ ਦੇ ਲੋਕਾਂ ਦੇ ਸਮੂਹਿਕ ਯਤਨਾਂ 'ਤੇ ਅਧਾਰਤ ਹੈ, ਜੋ ਮਿਲ ਕੇ ਇੱਕ ਅਜਿਹੀ ਪ੍ਰਣਾਲੀ ਬਣਾਉਂਦੇ ਹਨ ਜੋ ਵਿਦਿਆਰਥੀਆਂ ਨੂੰ ਸਭ ਤੋਂ ਵਧੀਆ ਪ੍ਰਾਪਤ ਕਰਨ ਲਈ ਸਸ਼ਕਤ ਬਣਾਉਂਦੀ ਹੈ।

## ਨਕੋਦਰ 'ਚ ਇੱਕ ਹਫਤੇ 'ਚ ਸਰਾਫਾ ਬਾਜ਼ਾਰ 'ਚ ਹੋਈਆਂ ਛੇ ਚੋਰੀਆਂ

**ਨਕੋਦਰ (ਮਨਜੀਤ ਮਾਨ)**- ਨਕੋਦਰ ਸ਼ਹਿਰ ਵਿੱਚ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਚੋਰੀ ਤੇ ਲੁੱਟ ਖੋਹ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਜਿਸ ਕਾਰਨ ਸ਼ਹਿਰ ਵਾਸੀਆਂ ਵਿੱਚ ਡਰ ਤੇ ਸਹਿਮ ਵਾਲਾ ਮਾਹੌਲ ਬਣਿਆ ਹੋਇਆ ਹੈ।ਸਥਾਨਕ ਸਰਾਫਾ ਬਾਜ਼ਾਰ ਵਿੱਚ ਪਿਛਲੇ ਇੱਕ ਹਫਤੇ ਵਿੱਚ ਛੇ ਚੋਰੀਆਂ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਬੀਤੀ ਰਾਤ ਅਣਪਛਾਤੇ ਚੋਰਾਂ ਨੇ ਬਾਜ਼ਾਰ 'ਚ ਦੋ ਦੁਕਾਨਾਂ ਨੂੰ ਨਿਸ਼ਾਨਾ ਬਣਾਇਆ, ਇਕ ਦੁਕਾਨ ਤੋਂ 30 ਹਜ਼ਾਰ ਰੁਪਏ ਦੀ ਨਕਦੀ ਤੇ ਚਾਂਦੀ ਦੇ ਸਿੱਕੇ ਚੋਰੀ ਕਰ ਲਏ ਗਏ ਤੇ ਦੂਜੀ ਦੁਕਾਨ ਦੇ ਤਾਲੇ ਤੋੜੇ ਪਰ ਸਫਲ ਨਹੀਂ ਹੋ ਸਕੇ। ਦੁਕਾਨਦਾਰਾਂ ਨੂੰ ਚੋਰੀ ਦੀਆਂ ਘਟਨਾਵਾਂ ਦਾ ਪਤਾ ਸਵੇਰੇ ਉਦੋਂ ਲੱਗਾ ਜਦੋਂ ਦੁਕਾਨ ਖੋਲ੍ਹੀ। ਉਹਨਾਂ ਨੇ ਤੁਰੰਤ ਸਿਟੀ ਪੁਲਸ ਨੂੰ ਇਸ ਸਬੰਧੀ ਸੂਚਿਤ ਕੀਤਾ। ਘਟਨਾ ਦੀ ਸੂਚਨਾ ਮਿਲਦੇ ਹੀ ਸਿਟੀ ਥਾਣਾ ਮੁਖੀ ਗੁਰਪ੍ਰੀਤ ਸਿੰਘ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚੇ।ਸਥਾਨਕ ਸਰਾਫਾ ਬਾਜ਼ਾਰ ਵਿੱਚ ਸਥਿਤ ਰਾਜਨ ਗਾਰਮੈਂਟ ਦੇ ਮਾਲਕ ਸਾਹਿਬ ਜੈਨ ਨੇ ਦੱਸਿਆ ਕਿ ਜਦੋਂ ਉਹ ਸਵੇਰੇ ਦੁਕਾਨ ਆਇਆ ਤਾਂ ਦੁਕਾਨ ਅੰਦਰ ਸਮਾਨ ਖਿੱਲਰਿਆ ਪਿਆ ਸੀ। ਚੋਰ ਉੱਪਰਲੀ ਮੰਜ਼ਿਲ 'ਤੇ ਲੱਗੀ ਲੋਹੇ ਦੀ ਗਰਿਲ ਤੋੜ ਕੇ ਦੁਕਾਨ ਵਿੱਚ ਦਾਖਲ ਹੋਏ। ਉਹਨਾਂ ਕਰੀਬ 30 ਹਜ਼ਾਰ ਰੁਪਏ ਦੀ ਨਕਦੀ ਤੇ ਪੰਜ ਚਾਂਦੀ ਦੇ ਸਿੱਕੇ ਚੋਰੀ ਕਰਕੇ ਫਰਾਰ ਗਏ। ਚੋਰਾਂ ਨੇ ਬੰਟੀ ਮਹਾਜਨ ਦੀ ਦੁਕਾਨ ਦੇ ਤਾਲੇ ਵੀ ਤੋੜੇ ਪਰ ਚੋਰੀ ਕਰਨ ਵਿੱਚ ਅਸਫਲ ਰਹੇ। ਦੁਕਾਨਦਾਰਾਂ ਨੇ ਪੁਲਸ ਪ੍ਰਸ਼ਾਸਨ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਸ਼ਹਿਰ ਵਿੱਚ ਪੁਲਸ ਗਸ਼ਤ ਘੱਟ ਕਰਨ ਕਾਰਨ ਸ਼ਹਿਰ ਵਿੱਚ ਹਰ ਰੋਜ਼ ਚੋਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਜਿਸ ਕਾਰਨ ਚੋਰਾਂ ਦੇ ਹੌਸਲੇ ਬੁਲੰਦ ਹੋਏ ਹਨ। ਪੀੜਤ ਦੁਕਾਨਦਾਰਾਂ ਨੇ ਕਿਹਾ ਕਿ ਪਿਛਲੇ ਸੱਤ ਦਿਨਾਂ 'ਚ ਚੋਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਉਧਰ ਪੁਲਸ ਨੇ ਦੁਕਾਨਦਾਰਾਂ ਨੂੰ ਕਿਹਾ ਕਿ ਜੇਕਰ ਸ਼ਹਿਰ ਵਿੱਚ ਚੋਰੀਆਂ ਹੁੰਦੀਆਂ ਹਨ ਤਾਂ ਦੁਕਾਨਦਾਰ ਚੌਂਕੀਦਾਰ ਰੱਖਣ ਤਾਂ ਕਿ ਚੋਰੀ ਦੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

## ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ

**ਬਿਲਗਾ (ਵਿਜੇ ਕੁਮਾਰ)**- ਬਿਲਗਾ ਦੇ ਪੱਤੀ ਭਲਾਈ ਹਰੀ ਹਰ ਮੰਦਰ ਬੱਸ ਸਟੈਂਡ ਬਿਲਗਾ ਵਿਖੇ ਮੰਦਰ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਲਾਇਨਜ਼ ਕਲੱਬ ਬਿਲਗਾ ਆਸਥਾ ਅਤੇ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਮਜ਼ਦੂਰ ਪਰਿਵਾਰਾਂ ਨੂੰ ਤੇ ਵਿਧਵਾ ਔਰਤਾਂ ਨੂੰ ਅਤੇ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ ਗਿਆ ਰਿਟਾਇਰਡ ਪ੍ਰਿੰਸੀਪਲ ਰਵੀ ਸ਼ਰਮਾ ਨੇ ਦੱਸਿਆ ਕਿ ਕਈ ਦਿਨ ਲਗਾਤਾਰ ਮੀਂਹ ਪੈਣ ਕਾਰਨ ਮਜ਼ਦੂਰ ਦਿਹਾੜੀ ਕਰਨ ਲਈ ਨਹੀਂ ਜਾ ਸਕੇ ਉਨ੍ਹਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ ਉਨ੍ਹਾਂ ਦੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਇਹ ਪ੍ਰੋਜੈਕਟ ਕੀਤਾ ਗਿਆ ਹੈ ਇਸ ਪ੍ਰੋਜੇਕਟ ਵਿੱਚ ਲਾਇਨ ਅਸ਼ੋਕ ਕੁਮਾਰ ਅਗਰਵਾਲ, ਤੀਰਥ ਰਾਮ ਪਟਵਾਰੀ ਅਤੇ ਸਤੀਸ਼ ਕੁਮਾਰ ਪਟਵਾਰੀ ਨੇ ਵਿਸ਼ੇਸ਼ ਸਹਿਯੋਗ ਦਿੱਤਾ ਹੈ ਅਤੇ ਬਾਕੀ ਸਾਰੇ ਮੈਂਬਰਾਂ ਨੇ ਆਪਣੀ ਨੇਕ ਕਮਾਈ ਵਿਚੋਂ ਪੈਸੇ ਖਰਚ ਕੇ ਇਹ ਪ੍ਰੋਜੈਕਟ ਨੇਪਰੇ ਚਾੜ੍ਹਿਆ ਹੈ। ਅਤੇ ਲੋੜਵੰਦਾਂ ਦੇ ਘਰ ਰਾਸ਼ਨ ਪਹੁੰਚਾ ਦਿੱਤਾ ਗਿਆ ਹੈ। ਇਸ ਕੰਮ ਦੇ ਲਈ ਭਾਰਤ ਵਿਕਾਸ ਪ੍ਰੀਸ਼ਦ ਅਤੇ ਲਾਇਨਜ਼ ਕਲੱਬ ਬਿਲਗਾ ਆਸਥਾ ਦੋਵੇਂ ਸੰਸਥਾਵਾਂ ਤੇ ਇਨ੍ਹਾਂ ਦੇ ਸਾਰੇ ਸਹਿਯੋਗੀ ਵਧਾਈ ਦੇ ਪਾਤਰ ਹਨ। ਇਸ ਮੌਕੇ ਸ੍ਰੀ ਵਿਜੇ ਬਾਵਾ, ਸਤੀਸ਼ ਕੁਮਾਰ ਪਟਵਾਰੀ, ਪੁਸ਼ਕਰ ਅਰੋੜਾ, ਸੀਨੀਅਰ ਮੈਂਬਰ ਕਮਲਜੀਤ ਕਾਲੀਆ, ਲਾਇਨਜ਼ ਕਲੱਬ ਦੇ ਪ੍ਰਧਾਨ ਭੁਪਿੰਦਰ ਕੈਂਥ, ਬਹਾਦਰ ਸਿੰਘ, ਜਤਿੰਦਰ ਸਿੰਘ, ਰਿਟਾਇਰਡ ਪ੍ਰਿੰਸੀਪਲ ਰਵੀ ਸ਼ਰਮਾ , ਸੰਜੀਵ ਸੋਨੀ, ਪ੍ਰਿੰਸ ਸਿਆਲ ਤੇ ਬਲਵਿੰਦਰ ਲਾਲੀ ਹਾਜ਼ਰ ਸਨ।




## ਸ਼ਹੀਦ-ਏ-ਆਜ਼ਮ ਭਗਤ ਸਿੰਘ ਨੈਸ਼ਨਲ ਮੈਰਾਥਨ ਮੁਲਤਵੀ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਪੰਜਾਬ ਵਿਚ ਆਏ ਹੜ੍ਹਾਂ ਕਾਰਨ ਬਣੀ ਗੰਭੀਰ ਸਥਿਤੀ ਨੂੰ ਦੇਖਦੇ ਹੋਏ, ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ 27 ਸਤੰਬਰ ਨੂੰ ਮਾਹਿਲਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਹੋਣ ਵਾਲੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੈਸ਼ਨਲ ਮੈਰਾਥਨ ਨੂੰ ਮੁਲਤਵੀ ਕਰਨ ਦਾ ਐਲਾਨ ਕੀਤਾ ਹੈ। ਡਿਪਟੀ ਸਪੀਕਰ ਨੇ ਕਿਹਾ ਕਿ ਇਹ ਮੈਰਾਥਨ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ, ਉਹਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਉਹਨਾਂ ਵਿਚ ਦੇਸ਼ ਭਗਤੀ ਦੀ ਭਾਵਨਾ ਨੂੰ ਮਜ਼ਬੂਤ ਕਰਨ ਲਈ ਸ਼ੁਰੂ ਕੀਤੀ ਗਈ ਮੁਹਿੰਮ ਦਾ ਇੱਕ ਮਹੱਤਵਪੂਰਨ ਹਿੱਸਾ ਸੀ ਪਰੰਤੂ ਮੌਜੂਦਾ ਹੜ੍ਹਾਂ ਕਾਰਨ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਇਨ੍ਹਾਂ ਹਾਲਾਤਾਂ ਵਿਚ, ਲੋਕਾਂ ਦੇ ਦੁੱਖ-ਦਰਦ ਨੂੰ ਵੰਡਾਉਣ ਅਤੇ ਉਹਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਦੀ ਲੋੜ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਮੈਰਾਥਨ ਨੂੰ ਸਿਰਫ਼ ਮੁਲਤਵੀ ਕੀਤਾ ਗਿਆ, ਰੱਦ ਨਹੀਂ। ਜਿਵੇਂ ਹੀ ਹਾਲਾਤ ਸਧਰਨਗੇ, ਇਸ ਮੈਰਾਥਨ ਦੀ ਨਵੀਂ ਤਾਰੀਖ ਜਲਦ ਹੀ ਐਲਾਨੀ ਜਾਵੇਗੀ।



# ਮਾਸੂਮ ਬੱਚੇ ਦੇ ਕਾਤਲ ਨੂੰ ਫੌਰੀ ਸਜ਼ਾ ਦੇਣ ਲਈ ਫਾਸਟ ਟਰੈਕ ਕੋਰਟ ਦਾ ਗਠਨ ਕਰੇ ਸਰਕਾਰ : ਪਾਸਲਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਹਰਪਾਲ ਸਿੰਘ ਜਗਤਪੁਰ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਕੁਲਦੀਪ ਸਿੰਘ ਦੌੜਕਾ, ਸਤਨਾਮ ਸਿੰਘ ਗੁਲਾਟੀ, ਸੁਰਿੰਦਰ ਭੱਟੀ, ਸਤਨਾਮ ਸਿੰਘ ਸੁੱਜੋਂ, ਹਰੀ ਬਿਲਾਸ ਹੀਉਂ, ਸੋਮ ਲਾਲ, ਜਸਵੀਰ ਮੋਰੋਂ, ਗੁਰਦਿਆਲ ਸਿੰਘ, ਸੋਹਣ ਸਿੰਘ ਆਦਿ ਹਾਜ਼ਰ ਸਨ। ਇਸ ਸਮੇਂ ਕਾਮਰੇਡ ਪਿਆਰੇ ਲਾਲ ਬੀਕਾ ਅਤੇ ਹੜ੍ਹਾਂ ਵਿੱਚ ਮਾਰੇ ਗਏ ਲੋਕਾਂ ਨੂੰ ਦੋ ਮਿੰਟ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਹੁਸ਼ਿਆਰਪੁਰ ਵਿਖੇ ਪੰਜ ਸਾਲਾਂ ਦੇ ਮਾਸੂਮ ਬੱਚੇ ਹਰਵੀਰ ਉਰਫ਼ ਬਿੱਲਾ ਨੂੰ ਬੇਰਹਿਮੀ ਨਾਲ ਕਤਲ ਕਰਨ ਵਾਲੇ ਵਹਿਸ਼ੀ ਦਰਿੰਦੇ ਨੂੰ ਤੁਰੰਤ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੇ ਜਾਣਾ ਯਕੀਨੀ ਬਣਾਉਣ ਲਈ ਫਾਸਟ ਟਰੈਕ ਕੋਰਟ ਦਾ ਗਠਨ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ। ਪਾਰਟੀ ਨੇ ਇਸ ਦੁਖਦਾਈ ਘਟਨਾ ਨੂੰ ਆਧਾਰ ਬਣਾ ਕੇ ਕੁੱਝ ਲੋਕਾਂ ਵੱਲੋਂ ਸੂਬੇ ਭਰ 'ਚ ਅੰਤਰਰਾਜੀ ਕਿਰਤੀਆਂ ਖਿਲਾਫ਼ ਵਿੱਢੀ ਨਫਰਤੀ ਮੁਹਿੰਮ ਅਤੇ ਪ੍ਰਵਾਨ ਕੀਤੇ ਜਾ ਰਹੇ ਪੰਜਾਬ ਦੇ ਅਮਨ-ਚੈਨ ਨੂੰ ਲਾਂਬੂ ਲਾਉਣ ਦੀ ਕੇਂਦਰੀ ਏਜੰਸੀਆਂ, ਕੱਟੜਪੰਥੀਆਂ ਤੇ ਸਮਾਜ ਵਿਰੋਧੀ ਤੱਤਾਂ ਦੀ ਚਿਰੋਕਣੀ ਮਨਸੂਬਾਬੰਦੀ ਦਾ ਨਤੀਜਾ ਹੈ, ਕਿਉਂਕਿ ਦੇਸ਼ ਦੀ ਸੱਤਾ 'ਤੇ ਬਿਰਾਜਮਾਨ ਸੰਘ ਸਮਰਥਕ ਮੋਦੀ ਸਰਕਾਰ ਦੀਆਂ ਅੱਖਾਂ 'ਚ ਪੰਜਾਬੀਆਂ ਦਾ ਨਾਬਰੀ ਦਾ ਸੁਭਾਅ ਤੇ ਹਰ ਕਿਸਮ ਦੇ ਅਨਿਆਂ ਖਿਲਾਫ਼ ਜੂਝਣ ਦਾ ਜਜ਼ਬਾ ਬਹੁਤ ਰੜਕਦਾ ਹੈ।ਇਨ੍ਹਾਂ ਪੰਜਾਬ ਦੋਖੀ ਤੱਤਾਂ ਨੂੰ ਹੁਸ਼ਿਆਰਪੁਰ ਅੰਦਰ ਕਤਲ ਹੋਏ ਇਕ ਮਾਸੂਮ ਬੱਚੇ ਦੇ ਪਰਵਾਰ ਜਾਂ ਇਸੇ ਤਰ੍ਹਾਂ ਦੀਆਂ ਰੋਜ਼ਾਨਾ ਵਾਪਰ ਰਹੀਆਂ ਘਟਨਾਵਾਂ ਦੇ ਪੀੜਤਾਂ ਨਾਲ ਕੋਈ ਹਮਦਰਦੀ ਨਹੀਂ ਹੈ। ਉਨ੍ਹਾਂ ਕਿਹਾ ਕਿ ਅੰਤਰਰਾਜੀ ਕਿਰਤੀਆਂ ਖਿਲਾਫ਼ ਵਿੱਢੀ ਉਕਤ ਮੁਹਿੰਮ ਨਾ ਕੇਵਲ ਪੰਜਾਬੀਆਂ, ਖਾਸ ਕਰਕੇ ਸਿੱਖਾਂ ਦਾ ਅਕਸ ਦਾਗ਼ਦਾਰ ਕਰੇਗੀ ਬਲਕਿ ਦੇਸ਼ ਦੇ ਵੱਖੋ-ਵੱਖ ਸੂਬਿਆਂ 'ਚ ਅਮਨ-ਅਮਾਨ ਨਾਲ ਵਸਦੇ ਤੇ ਰੋਜ਼ੀ-ਰੋਟੀ ਦੀ ਤਲਾਸ਼ 'ਚ ਵਿਦੇਸ਼ਾਂ ਨੂੰ ਗਏ ਪੰਜਾਬੀਆਂ ਲਈ ਵੀ ਅਨੇਕਾਂ ਅਣਕਿਆਸੀਆਂ ਮੁਸ਼ਕਿਲਾਂ ਪੈਦਾ ਕਰਨ ਦਾ ਸਬੱਬ ਵੀ ਬਣੇਗੀ। ਉਨ੍ਹਾਂ ਨੇ ਅਨਿਆਂ ਖਿਲਾਫ ਜੂਝਣ ਵਾਲੇ ਵਿਰਸੇ ਦੇ ਮਾਲਕ ਸਮੂਹ ਪੰਜਾਬੀਆਂ ਖਾਸ ਕਰਕੇ ਖੱਬੀਆਂ-ਜਮਹੂਰੀ ਤਾਕਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਫੁੱਟਪਾਊ ਤੱਤਾਂ ਦੇ ਕੋਝੇ ਮਨਸੂਬੇ ਪਛਾੜਨ ਲਈ ਅੱਗੇ ਆਉਣ। ਉਨ੍ਹਾਂ ਅੰਤਰ-ਰਾਜੀ ਮਜ਼ਦੂਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਕਿਸੇ ਕਿਸਮ ਦੀ ਭੜਕਾਹਟ 'ਚ ਆ ਕੇ ਕੋਈ ਗੈਰ ਕਾਨੂੰਨੀ ਤੇ ਨਾਵਾਜਬ ਕਾਰਵਾਈ ਨਾ ਕਰਨ।ਉਨ੍ਹਾਂ ਹੜ੍ਹ ਪੀੜਤਾਂ ਨੂੰ ਤੁਰੰਤ ਯੋਗ ਮੁਆਵਜ਼ਾ ਦੇਣ ਦੀ ਮੰਗ ਕੀਤੀ। ਇਸ ਸਬੰਧੀ 26 ਸਤੰਬਰ ਨੂੰ ਡਿਪਟੀ ਕਮਿਸ਼ਨਰਾਂ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜੇ ਜਾਣਗੇ।



**● 26 ਨੂੰ ਹੜ੍ਹ ਪੀੜਤਾਂ ਦੀਆਂ ਮੰਗਾਂ ਲਈ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜੇ ਜਾਣਗੇ**

# ਜ਼ਹੂਰਾ ਦੀ ਗ੍ਰਾਮ ਪੰਚਾਇਤ ਵੱਲੋਂ ਪ੍ਰਵਾਸੀਆਂ ਖਿਲਾਫ ਅਹਿਮ ਮਤੇ ਪਾਸ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਹੁਸ਼ਿਆਰਪੁਰ ਵਿੱਚ ਪ੍ਰਵਾਸੀ ਵੱਲੋਂ 5 ਸਾਲਾ ਬੱਚੇ ਹਰਵੀਰ ਦਾ ਦਰਿੰਦਗੀ ਨਾਲ ਕੀਤੇ ਗਏ ਕਤਲ ਦੇ ਰੋਸ ਵਜੋਂ ਪਿੰਡ ਜਹੂਰਾ ਵਿਖੇ ਇੱਕ ਜਨਤਕ ਇਕੱਠ ਕੀਤਾ ਗਿਆ। ਸਰਪੰਚ ਸ਼ਾਲੂ ਜਹੂਰਾ ਦੀ ਅਗਵਾਈ ਵਿੱਚ ਹੋਏ ਇਕੱਠ ਦੌਰਾਨ ਸਮੂਹ ਗ੍ਰਾਮ ਪੰਚਾਇਤ ਮੈਂਬਰ ਕੈਪਟਨ ਅਮਰਜੀਤ ਸਿੰਘ, ਪੰਚ ਅਮੀਰ ਸਿੰਘ, ਪੰਚ ਜਸਵਿੰਦਰ ਸਿੰਘ, ਪੰਚ ਰਣਜੀਤ ਸਿੰਘ, ਪੰਚ ਦੀਵਾਨ ਸਿੰਘ, ਪੰਚ ਹਰਪਾਲ ਸਿੰਘ, ਪੰਚ ਰਣਜੀਤ ਕੁਮਾਰ, ਪੰਚ ਹੈਪੀ ਜਹੂਰਾ ਤੋਂ ਇਲਾਵਾ ਪਤਵੰਤੇ ਵਿਅਕਤੀ ਪ੍ਰੇਮ ਸਿੰਘ, ਠੇਕੇਦਾਰ ਟੀਟਾ, ਮਲਕੀਤ ਸਿੰਘ, ਹਰਭਜਨ ਸਿੰਘ, ਬਖਸ਼ੀਸ਼ ਸਿੰਘ, ਸ਼ਮਸ਼ੇਰ ਸਿੰਘ, ਸੁਰਿੰਦਰ ਸਿੰਘ, ਕੇਵਲ ਸਿੰਘ, ਰੇਸ਼ਮ ਸਿੰਘ, ਬਿੱਟੂ, ਭਾਗ ਸਿੰਘ, ਗੁਰਮੀਤ ਸਿੰਘ, ਮਨਦੀਪ ਸਿੰਘ ਆਦਿ ਨੇ ਭਾਗ ਲਿਆ। ਇਸ ਮੌਕੇ ਸਰਪੰਚ ਸ਼ਾਲੂ ਜਹੂਰਾ ਤੇ ਹੋਰਨਾਂ ਪੰਚਾਇਤ ਮੈਂਬਰਾਂ ਨੇ ਦੱਸਿਆ ਕਿ ਸਮੁੱਚੇ ਪਿੰਡ ਵਾਸੀਆਂ ਦੀ ਸਹਿਮਤੀ ਨਾਲ ਗ੍ਰਾਮ ਪੰਚਾਇਤ ਵੱਲੋਂ ਮਤੇ ਪਾਸ ਕੀਤੇ ਗਏ ਹਨ ਜਿਸ ਦੌਰਾਨ ਪਿੰਡ ਵਿੱਚ ਰਹਿ ਰਹੇ ਕਿਸੇ ਵੀ ਪ੍ਰਵਾਸੀ ਮਜ਼ਦੂਰ ਦਾ ਵੋਟਰ ਕਾਰਡ, ਆਈ ਕਾਰਡ, ਜਾਂ ਆਧਾਰ ਕਾਰਡ ਨਹੀਂ ਬਣੇਗਾ ਤੇ ਬਣ ਚੁੱਕੇ ਕਾਰਡ ਰੱਦ ਕਰਵਾਏ ਜਾਣਗੇ। ਇਸ ਤੋਂ ਇਲਾਵਾ ਪਿੰਡ ਜਾਂ ਪਿੰਡ ਤੋਂ ਬਾਹਰ ਕਿਸੇ ਵੀ ਪ੍ਰਵਾਸੀ ਵੱਲੋਂ ਜ਼ਮੀਨ ਖਰੀਦਣ 'ਤੇ ਪੂਰਨ ਤੌਰ 'ਤੇ ਰੋਕ ਲਗਾਈ ਜਾਵੇਗੀ। ਇਸ ਤੋਂ ਇਲਾਵਾ ਪਿੰਡ ਵਿੱਚ ਗੁਜਰ ਬਰਾਦਰੀ ਜਾਂ ਪ੍ਰਵਾਸੀ ਮਜ਼ਦੂਰ ਆਪਸ ਵਿੱਚ ਲੜਾਈ ਝਗੜਾ ਕਰਦੇ ਹਨ ਤਾਂ ਉਹਨਾਂ ਨੂੰ ਤੁਰੰਤ ਹੀ ਪਿੰਡ ਵਿੱਚੋਂ ਬਾਹਰ ਕੱਢ ਦਿੱਤਾ ਜਾਵੇਗਾ। ਜੇਕਰ ਪਿੰਡ ਵਿੱਚ ਕੋਈ ਵੀ ਪ੍ਰਵਾਸੀ ਮਜ਼ਦੂਰ ਜਾਂ ਗੁੱਜਰ ਰਹਿ ਰਿਹਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਉਨਾਂ ਨੂੰ ਪਨਾਹ ਦੇਣ ਵਾਲੇ ਲੋਕਾਂ ਦੀ ਹੋਵੇਗੀ। ਜਨਤਕ ਇਕੱਠ ਵਿੱਚ ਪ੍ਰਵਾਸੀਆਂ ਵੱਲੋਂ ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਅਜਿਹੀ ਸੂਰਤ ਵਿੱਚ ਫੜੇ ਜਾਣ 'ਤੇ ਉਸ ਖਿਲਾਫ ਕਾਰਵਾਈ ਕਰਨ ਦੇ ਨਾਲ ਨਾਲ 10 ਹਜ਼ਾਰ ਰੁਪਏ ਜੁਰਮਾਨਾ ਕੀਤਾ ਜਾਵੇਗਾ। ਇਸ ਮੌਕੇ ਇਕੱਤਰ ਹੋਏ ਸਮੂਹ ਪਿੰਡ ਵਾਸੀਆਂ ਨੇ ਹੁਸ਼ਿਆਰਪੁਰ ਵਿੱਚ ਪ੍ਰਵਾਸੀ ਵੱਲੋਂ ਪੰਜ ਸਾਲਾ ਬੱਚੇ ਦੀ ਦਰਿੰਦਗੀ ਨਾਲ ਕੀਤੀ ਗਈ ਹੱਤਿਆ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਪਿੰਡ ਵਿੱਚ ਰਹਿ ਰਹੇ ਪ੍ਰਵਾਸੀਆਂ ਨੂੰ ਚੇਤਾਵਨੀ ਵੀ ਦਿੱਤੀ ਗਈ।



# ਸੰਗਰੂਰ 'ਚ 25 ਨੂੰ ਪੰਜਾਬ ਪੱਧਰੀ ਵਿਸ਼ਾਲ ਰੈਲੀ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਕਮੇਟੀ ਦੀ ਮੀਟਿੰਗ ਦਾਣਾ ਮੰਡੀ ਨਵਾਂਸ਼ਹਿਰ 'ਚ ਹੋਈ। ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਅਤੇ ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ ਨੇ ਦੱਸਿਆ ਕਿ ਸੰਗਰੂਰ ਦੇ ਜ਼ਿਲ੍ਹਾ ਮਜਿਸਟਰੇਟ ਅਤੇ ਸੀਨੀਅਰ ਸੁਪਰਡੈਂਟ ਪੁਲਸ ਨੇ ਕਿਰਤੀ ਕਿਸਾਨ ਯੂਨੀਅਨ ਸੰਗਰੂਰ ਦੇ ਆਗੂ ਨਿਰਭੈ ਸਿੰਘ ਖਾਈ 'ਤੇ ਕਾਤਲਾਨਾ ਹਮਲਾ ਕਰਨ ਵਾਲੇ ਲੱਠਮਾਰਾਂ ਨੂੰ ਜੇਲ੍ਹ 'ਚ ਬੰਦ ਨਹੀਂ ਕੀਤਾ ਸਗੋਂ ਜ਼ਮੀਨਾਂ 'ਤੇ ਧੱਕੇ ਨਾਲ ਕਬਜ਼ਾ ਕਰਨ ਵਾਲੇ ਸਰਕਾਰੀ ਸ਼ਹਿ ਪ੍ਰਾਪਤ ਗਰੋਹ ਦੇ ਕੁਝ ਗੁੰਡਿਆਂ ਦੀ ਜ਼ਮਾਨਤ ਹੋਣ 'ਚ ਮਦਦ ਕੀਤੀ। ਬੀਤੇ ਮਹੀਨੇ ਸੰਗਰੂਰ ਦਾਣਾ ਮੰਡੀ 'ਚ ਸੰਯੁਕਤ ਕਿਸਾਨ ਮੋਰਚੇ ਵਲੋਂ ਵਡੀ ਰੈਲੀ ਕਰਕੇ ਨਿਰਭੈ ਸਿੰਘ ਖਾਈ 'ਤੇ ਕਾਤਲਾਨਾ ਹਮਲਾ ਕਰਨ ਵਾਲੇ ਲੱਠਮਾਰਾਂ ਨੂੰ ਜੇਲ੍ਹ 'ਚ ਬੰਦ ਕਰਨ ਲਈ ਜ਼ੋਰਦਾਰ ਆਵਾਜ਼ ਉਠਾਈ ਸੀ। ਕਿਰਤੀ ਕਿਸਾਨ ਯੂਨੀਅਨ ਸੂਬਾ ਕਮੇਟੀ ਵਲੋਂ ਨਿਰਭੈ ਸਿੰਘ ਖਾਈ 'ਤੇ ਕਾਤਲਾਨਾ ਹਮਲਾ ਕਰਨ ਵਾਲੇ ਗੁੰਡਿਆਂ ਨੂੰ ਜੇਲ੍ਹ 'ਚ ਡੱਕਣ ਅਤੇ ਨਿਰਭੈ ਸਿੰਘ ਖਾਈ ਨੂੰ ਇਨਸਾਫ਼ ਦਿਵਾਉਣ ਲਈ ਸੰਗਰੂਰ 'ਚ 25 ਸਤੰਬਰ ਨੂੰ ਪੰਜਾਬ ਪੱਧਰੀ ਵਿਸ਼ਾਲ ਰੈਲੀ ਕੀਤੀ ਜਾਵੇਗੀ। ਜ਼ਿਲ੍ਹਾ ਨਵਾਂਸ਼ਹਿਰ ਤੋਂ ਵੱਡੀ ਗਿਣਤੀ ਕਿਸਾਨ ਬੱਸਾਂ ਤੇ ਕਾਰਾਂ ਰਾਹੀਂ ਸ਼ਾਮਲ ਹੋਣਗੇ। ਹੜ੍ਹਾਂ ਦੌਰਾਨ ਲੱਖਾਂ ਏਕੜ ਫਸਲਾਂ ਬਰਬਾਦ ਹੋ ਗਈਆਂ, ਲੱਖਾਂ ਹੀ ਪਸ਼ੂ ਮਰ ਗਏ, ਸੈਕੜੇ ਦੇ ਕਰੀਬ ਮਨੁੱਖੀ ਜਾਨਾਂ ਰੁੜ੍ਹ ਗਈਆਂ, ਪਰ ਕੇਂਦਰ ਤੇ ਪੰਜਾਬ ਸਰਕਾਰ ਨੇ ਪੀੜਿਤ ਪਰਵਾਰਾਂ ਦੀ ਕੋਈ ਵੀ ਮਦਦ ਨਹੀਂ ਕੀਤੀ, ਸਿਰਫ ਬਿਆਨਾਂ ਤੱਕ ਹੀ ਸੀਮਿਤ ਹੈ।ਇਸ ਮੌਕੇ ਨਵਾਂਸ਼ਹਿਰ, ਔੜ ਇਲਾਕੇ ਦੇ ਪ੍ਰਧਾਨ ਕੁਲਬੀਰ ਸਿੰਘ, ਸੁਰਿੰਦਰ ਸਿੰਘ ਮਹਿਰਮਪੁਰ, ਸੋਹਣ ਸਿੰਘ ਅਟਵਾਲ, ਮੇਜਰ ਸਿੰਘ, ਤਾਰਾ ਸਿੰਘ ਸ਼ਹਪੁਰ,ਰਾਮ ਜੀ ਦਾਸ, ਬਲਬੀਰ ਸਿੰਘ ਸਕੋਹਪੁਰ , ਕਰਨੈਲ ਸਿੰਘ, ਮੋਹਨਸਿੰਘ, ਬਲਦੇਵ ਸਿੰਘ, ਕਸਮੀਰ ਸਿੰਘ , ਜੀਵਨ ਬੇਗੋਵਾਲ ਅਤੇ ਹੋਰ ਹਾਜ਼ਰ ਸਨ।



# ਪੰਜਾਬ ਹਾਕੀ ਲੀਗ 2025 : ਤਾਮਿਲਨਾਡੂ, ਸਾਈ ਸੋਨੀਪਤ, ਰਾਊਂਡ ਗਲਾਸ ਤੇ ਸੁਰਜੀਤ ਅਕੈਡਮੀ ਵੱਲੋਂ ਜਿੱਤਾਂ ਦਰਜ

**ਜਲੰਧਰ (ਸ਼ੈਲੀ ਐਲਬਰਟ)**- ਰਾਊਂਡ ਗਲਾਸ ਅਤੇ ਹਾਕੀ ਪੰਜਾਬ ਵੱਲੋਂ ਸਾਂਝੇ ਤੌਰ 'ਤੇ ਕਰਵਾਈ ਜਾ ਰਹੀ ਪੰਜਾਬ ਹਾਕੀ ਲੀਗ 2025 ਦੇ ਦੂਜੇ ਪੜਾਅ ਦੇ ਪਹਿਲੇ ਦਿਨ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਲੀਗ ਦੇ ਚਾਰ ਮੈਚ ਖੇਡੇ ਗਏ।ਪਹਿਲੇ ਮੈਚ ਵਿੱਚ ਐਸਡੀਏਟੀ ਤਾਮਿਲਨਾਡੂ ਨੇ ਗੁਮਹੇਰਾ ਹਾਕੀ ਅਕੈਡਮੀ ਨੂੰ 3-1 ਨਾਲ ਹਰਾਇਆ। ਜੇਤੂ ਟੀਮ ਵਲੋਂ ਐਸ ਵਿਸ਼ਾਲ, ਐਸ ਕ੍ਰਿਸ਼ਨਨ ਅਤੇ ਐਮ ਸੁਗੁਮਨ ਨੇ ਗੋਲ ਕੀਤੇ ਜਦਕਿ ਗੁਮਹੇਰਾ ਵਲੋਂ ਇਕ ਗੋਲ ਕੁਨਾਲ ਸਿੰਘ ਨੇ ਕੀਤਾ। ਤਾਮਿਲਨਾਡੂ ਦੇ ਕੇ ਗੌਥਮ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ।ਦੂਜੇ ਮੈਚ ਵਿੱਚ ਸਾਈ ਸੋਨੀਪਤ ਨੇ ਨੇਵਲ ਟਾਟਾ ਹਾਕੀ ਅਕੈਡਮੀ ਜਮਸ਼ੇਦਪੁਰ ਨੂੰ 4-2 ਨਾਲ ਹਰਾਇਆ। ਜੇਤੂ ਟੀਮ ਵਲੋਂ ਨਵਰਾਜ ਸਿੰਘ, ਸਰੀਜਨ ਯਾਦਵ, ਹਰਪਾਲ ਅਤੇ ਹਰਗੁਣ ਸਿੰਘ ਨੇ ਗੋਲ ਕੀਤੇ।ਜਦਕਿ ਜਮਸ਼ੇਦਪੁਰ ਵਲੋਂ ਪ੍ਰੇਮ ਚੰਦ ਅਤੇ ਆਸ਼ੀਸ ਤਨੀ ਪੂਰਤੀ ਨੇ ਗੋਲ ਕੀਤੇ।ਸਾਈ ਦੇ ਹਰਪਾਲ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ। ਤੀਜੇ ਮੈਚ ਵਿੱਚ ਰਾਊਂਡ ਗਲਾਸ ਹਾਕੀ ਅਕੈਡਮੀ ਨੇ ਨਾਮਧਾਰੀ ਅਕੈਡਮੀ ਨੂੰ 2-1 ਨਾਲ ਹਰਾਇਆ। ਜੇਤੂ ਟੀਮ ਵਲੋਂ ਜਪਨੀਤ ਸਿੰਘ ਅਤੇ ਗੁਰਸੇਵਕ ਸਿੰਘ ਨੇ ਗੋਲ ਕੀਤੇ ਜਦਕਿ ਨਾਮਧਾਰੀ ਵਲੋਂ ਇਕ ਗੋਲ ਗੁਰਪ੍ਰੀਤ ਸਿੰਘ ਨੇ ਕੀਤਾ। ਰਾਊਂਡ ਗਲਾਸ ਦੇ ਅਰਸ਼ਦੀਪ ਸਿੰਘ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ।ਚੌਥੇ ਮੈਚ ਵਿੱਚ ਸੁਰਜੀਤ ਹਾਕੀ ਅਕੈਡਮੀ ਜਲੰਧਰ ਨੇ ਐਸਜੀਪੀਸੀ ਹਾਕੀ ਅਕੈਡਮੀ ਅੰਮ੍ਰਿਤਸਰ ਨੂੰ 2-1 ਨਾਲ ਹਰਾਇਆ। ਜੇਤੂ ਟੀਮ ਵਲੋਂ ਮਨਰੂਪ ਸਿੰਘ ਅਤੇ ਮਨਮੀਤ ਸਿੰਘ ਰਾਏ ਵਲੋਂ ਗੋਲ ਕੀਤੇ ਗਏ ਜਦਕਿ ਐਸਜੀਪੀਸੀ ਵਲੋਂ ਇਕ ਗੋਲ ਹਰਮਨਪ੍ਰੀਤ ਸਿੰਘ ਨੇ ਕੀਤਾ। ਸੁਰਜੀਤ ਅਕੈਡਮੀ ਦੇ ਮਨਮੀਤ ਸਿੰਘ ਰਾਏ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ। ਮੈਚਾਂ ਦੇ ਮੁੱਖ ਮਹਿਮਾਨ ਸੁਰਿੰਦਰ ਸਿੰਘ ਭਾਪਾ, ਦਵਿੰਦਰ ਸਿੰਘ, ਸੰਦੀਪ ਕੁਮਾਰ, ਬਲਬੀਰ ਸਿੰਘ ਰੰਧਾਵਾ, ਦਰਜੀਤ ਸਿੰਘ ਆਈਆਰਐਸ (ਕਸਟਮਜ਼), ਉਲੰਪੀਅਨ ਗੁਰਜੀਤ ਕੌਰ ਨੇ ਟੀਮਾਂ ਨਾਲ ਜਾਣ ਪਛਾਣ ਕਤਿੀ। ਇਸ ਮੌਕੇ ਉਲੰਪੀਅਨ ਰਜਿੰਦਰ ਸਿੰਘ ਸੀਨੀਅਰ, ਅਵਤਾਰ ਸਿੰਘ, ਅਸ਼ਫਾਕ ਉਲਾ ਖਾਨ, ਉਲੰਪੀਅਨ ਸੰਜੀਵ ਕੁਮਾਰ, ਰਿਪੁਦਮਨ ਕੁਮਾਰ ਅੰਤਰਰਾਸ਼ਟਰੀ ਅੰਪਾਇਰ, ਗੁਰਮੀਤ ਸਿੰਘ, ਹਰਿੰਦਰ ਸਿੰਘ ਸੰਘਾ, ਵਰਿੰਦਰ ਪ੍ਰੀਤ ਸਿੰਘ ਅਤੇ ਪਰਮਿੰਦਰ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਹਿੰਦੀ ਦਿਵਸ ਮਨਾਇਆ

**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਹਿੰਦੀ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਵੱਡੀ ਗਿਣਤੀ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਇਸ ਪ੍ਰਤਿਯੋਗਤਾ ਵਿੱਚ ਹਿੱਸਾ ਲਿਆ ਅਤੇ ਰਾਸ਼ਟਰੀ ਭਾਸ਼ਾ ਹਿੰਦੀ ਪ੍ਰਤੀ ਆਪਣਾ ਸਮਰਪਣ ਤੇ ਪਿਆਰ ਪ੍ਰਗਟ ਕੀਤਾ। ਕੇ. ਜੀ ਵਿੰਗ ਦੇ ਵਿਦਿਆਰਥੀਆਂ ਦਰਮਿਆਨ ਆਯੋਜਿਤ ਪ੍ਰਤੀਯੋਗਤਾ ਵਿਚ ਨਰਸਰੀ ਜਮਾਤ ਦਾ ਸਰਗੁਣ ਪਹਿਲੇ, ਏਕਮਵੀਰ ਸਿੰਘ ਦੂਸਰੇ ਅਤੇ ਜਿੰਦ ਕੌਰ ਤੀਸਰੇ ਸਥਾਨ 'ਤੇ ਰਹੀ। ਐਲ ਕੇ ਜੀ 'ਚੋਂ ਦਾਨਵੀਰ ਸਿੰਘ ਪਹਿਲੇ, ਕੈਵਿਨ ਦੂਸਰੇ ਅਤੇ ਗੁਨਰੀਤ ਕੌਰ ਤੀਸਰੇ ਸਥਾਨ 'ਤੇ ਰਹੀ। ਯੂ ਕੇ ਜੀ ਜਮਾਤ 'ਚੋਂ ਸੁਖਰਾਜ ਸਿੰਘ ਪਹਿਲੇ, ਜਸਲੀਨ ਕੌਰ ਦੂਸਰੇ ਅਤੇ ਸਹਿਜ ਸਿੰਘ ਤੀਸਰੇ ਸਥਾਨ 'ਤੇ ਰਿਹਾ। ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਦਰਮਿਆਨ ਆਯੋਜਿਤ ਮੁਕਾਬਲੇ ਵਿੱਚ ਪਹਿਲੀ ਜਮਾਤ 'ਚੋਂ ਲਵਿਸ਼ ਪਹਿਲੇ, ਖੁਸ਼ਲੀਨ ਕੌਰ ਦੂਸਰੇ ਅਤੇ ਅਸੀਸ ਕੌਰ ਤੀਸਰੇ ਸਥਾਨ 'ਤੇ ਰਹੀ। ਦੂਜੀ ਜਮਾਤ ਜਪਨੂਰ ਸਿੰਘ ਪਹਿਲੇ, ਸਹਿਜਪ੍ਰੀਤ ਕੌਰ ਦੂਸਰੇ ਅਤੇ ਮਨਸੀਰਤ ਕੌਰ ਤੀਸਰੇ ਸਥਾਨ 'ਤੇ ਰਹੀ। ਤੀਜੀ ਜਮਾਤ ਸੁਖਮਨੀ ਨੰਦਾ ਪਹਿਲੇ, ਭਾਵਿਕਸ਼ਾ ਦੂਸਰੇ ਅਤੇ ਪ੍ਰੀਤ ਖਟਾਨਾ ਤੀਸਰੇ ਸਥਾਨ 'ਤੇ ਰਹੀ। ਸਿਨੀਅਰ ਵਿੰਗ ਦੇ ਵਿਦਿਆਰਥੀਆਂ ਦਰਮਿਆਨ ਆਯੋਜਿਤ ਮੁਕਾਬਲੇ ਵਿੱਚ ਅੱਠਵੀਂ ਜਮਾਤ ਦੀ ਰਿਧੀਮਾ ਪਹਿਲੇ, ਅੱਠਵੀਂ ਜਮਾਤ ਦੀ ਹੀ ਜਸ਼ਨਪ੍ਰੀਤ ਕੌਰ ਦੂਸਰੇ ਅਤੇ ਸੱਤਵੀਂ ਜਮਾਤ ਦੀ ਮਹਿਕ ਤੀਸਰੇ ਸਥਾਨ 'ਤੇ ਰਹੀ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸਕ ਸਕੂਲ ਇੰਜੀਨੀਅਰ ਨਿਮਰਤਾ ਕੌਰ ਨੇ ਵਿਦਿਆਰਥੀਆਂ ਨੂੰ ਰਾਸ਼ਟਰੀ ਭਾਸ਼ਾ ਹਿੰਦੀ ਦਾ ਸਨਮਾਨ ਕਰਨ ਦਾ ਸੁਨੇਹਾ ਦਿੱਤਾ।



# ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ 3 ਗ੍ਰਿਫਤਾਰ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਹਰਮਨਦੀਪ ਸਿੰਘ ਹਾਂਸ, ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਮੋਹਾਲੀ ਪੁਲਸ ਵੱਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਦੌਰਾਨ ਸੌਰਵ ਜਿੰਦਲ, ਕਪਤਾਨ ਪੁਲਸ (ਜਾਂਚ), ਤਲਵਿੰਦਰ ਸਿੰਘ, ਕਪਤਾਨ ਪੁਲਸ (ਅਪਰੇਸ਼ਨ), ਜਤਿੰਦਰ ਸਿੰਘ ਚੌਹਾਨ ਉਪ-ਕਪਤਾਨ ਪੁਲਸ (ਜਾਂਚ) ਜ਼ਿਲ੍ਹਾ ਐਸ.ਏ.ਐਸ. ਨਗਰ ਦੀ ਨਿਗਰਾਨੀ ਹੇਠ ਇੰਸਪੈਕਟਰ ਹਰਮਿੰਦਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਦੀ ਟੀਮ ਵੱਲੋਂ 06/07 ਸਤੰਬਰ ਦੀ ਦਰਮਿਆਨੀ ਰਾਤ ਨੂੰ 4 ਨਾ-ਮਾਲੂਮ ਮੋਟਰਸਾਈਕਲ ਸਵਾਰਾਂ ਵੱਲੋਂ ਪਿੰਡ ਸੇਖਣ ਮਾਜਰਾ ਵਿਖੇ ਘਰ ਅੰਦਰ ਵੜ ਕੇ ਤੇਜ਼ਧਾਰ ਹਥਿਆਰ ਨਾਲ ਪਰਵਾਰਕ ਮੈਂਬਰਾਂ ਨੂੰ ਜ਼ਖਮੀ ਕਰਕੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ 4 ਦੋਸ਼ੀਆਂ ਵਿਚੋਂ 3 ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਸੌਰਵ ਜਿੰਦਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 7 ਸਤੰਬਰ ਨੂੰ ਕੁਲਵੰਤ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਸੇਖਣ ਮਾਜਰਾ, ਥਾਣਾ ਆਈ.ਟੀ. ਸਿਟੀ, ਮੋਹਾਲੀ ਦੇ ਬਿਆਨਾਂ ਦੇ ਆਧਾਰ 'ਤੇ ਨਾ-ਮਾਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਨੰ: 120 ਮਿਤੀ 07-09-2025 ਥਾਣਾ ਆਈ.ਟੀ. ਸਿਟੀ ਮੋਹਾਲੀ ਵਿਖੇ ਦਰਜ ਰਜਿਸਟਰ ਹੋਇਆ ਸੀ ਕਿ 06/07 ਸਤੰਬਰ ਦੀ ਦਰਮਿਆਨੀ ਰਾਤ ਨੂੰ ਉਹ ਆਪਣੇ ਪਰਵਾਰ ਸਮੇਤ ਘਰ ਵਿੱਚ ਸੁੱਤਾ ਪਿਆ ਸੀ ਤਾਂ ਸਮਾਂ ਕਰੀਬ 1:15 ਏ.ਐਮ. 'ਤੇ ਉਸ ਨੂੰ ਉਸ ਦੇ ਲੜਕੇ ਲਖਵਿੰਦਰ ਸਿੰਘ ਅਤੇ ਉਸ ਦੀ ਪਤਨੀ ਦੇ ਚੀਕ-ਚਿਲਾਉਣ ਦੀ ਅਵਾਜ਼ ਆਈ। ਉਸ ਦੇ ਸ਼ੈੱਡ ਦਾ ਬੱਲਬ ਬੰਦ ਸੀ। ਜਦੋਂ ਉਹ ਆਪਣੇ ਲੜਕੇ ਦੇ ਕਮਰੇ ਵੱਲ ਜਾਣ ਲੱਗਾ ਤਾਂ ਉਸ ਨੂੰ ਇੱਕ ਵਿਅਕਤੀ ਨੇ ਫੜ ਲਿਆ, ਜਿਨ੍ਹਾਂ ਪਾਸ ਪਿਸਟਲ ਅਤੇ ਤੇਜ਼ਧਾਰ ਹਥਿਆਰ ਸਨ। ਉਸ ਨੂੰ ਇੱਕ ਵਿਅਕਤੀ ਨੇ ਕਿਹਾ ਕਿ ਜੇਕਰ ਤੂੰ ਰੌਲਾ ਪਾਇਆ ਤਾਂ ਗੋਲੀ ਮਾਰ ਦੇਵਾਂਗਾ ਤਾਂ ਉਸ ਦੇ ਲੜਕੇ ਨੇ ਉਹਨਾਂ ਨੂੰ ਛੱਡਣ ਦੀ ਕੋਸ਼ਿਸ਼ ਕੀਤੀ ਤਾਂ ਉਕਤ ਵਿਅਕਤੀਆਂ ਨੇ ਉਸ ਦੇ ਲੜਕੇ ਲਖਵਿੰਦਰ ਸਿੰਘ ਦੇ ਸਿਰ ਅਤੇ ਬਾਹਾਂ 'ਤੇ ਦਾਤਰ ਨਾਲ ਵਾਰ ਕੀਤੇ, ਜਿਸ ਨਾਲ ਉਸ ਦੇ ਸਿਰ ਵਿੱਚ ਗੰਭੀਰ ਸੱਟਾਂ ਵੱਜੀਆਂ ਅਤੇ ਉਸ ਦੀਆਂ ਬਾਹਾਂ ਦੀਆਂ ਨਾੜਾਂ ਵੱਢੀਆਂ ਗਈਆਂ। ਜੋ ਉਸ ਦੇ ਪਰਵਾਰ ਨੂੰ ਜ਼ਖਮੀ ਕਰਕੇ ਘਰ ਵਿੱਚ ਪਏ ਸੋਨੇ ਦੇ ਗਹਿਣੇ, ਕੈਸ਼ ਆਦਿ ਲੁੱਟ ਕਰਕੇ ਲੈ ਗਏ ਸਨ।ਇੰਸ: ਹਰਮਿੰਦਰ ਸਿੰਘ ਇੰਚਾਰਜ ਸੀ.ਆਈ.ਏ. ਅਤੇ ਉਹਨਾਂ ਦੀ ਟੀਮ ਵੱਲੋਂ ਕਾਰਵਾਈ ਕਰਦੇ ਹੋਏ 4 ਦੋਸ਼ੀਆਂ ਨੂੰ ਮੁਕੱਦਮਾ ਵਿੱਚ ਨਾਮਜ਼ਦ ਕਰਕੇ 3 ਦੋਸ਼ੀਆਂ ਗੁਰਿੰਦਰ ਸਿੰਘ ਉਰਫ ਬੋਪਾਰਾਏ ਪੁੱਤਰ ਲਾਭ ਸਿੰਘ ਵਾਸੀ ਮਕਾਨ ਨੰ: 2989 ਸੀ.ਆਰ.ਪੀ.ਐਫ. ਕਲੋਨੀ ਦੁੱਗਰੀ, ਥਾਣਾ ਦੁੱਗਰੀ, ਜ਼ਿਲ੍ਹਾ ਲੁਧਿਆਣਾ ਉਮਰ ਕਰੀਬ 41 ਸਾਲ, ਤਜਿੰਦਰ ਸਿੰਘ ਉਰਫ ਪ੍ਰਿੰਸ ਪੁੱਤਰ ਤਰਸੇਮ ਸਿੰਘ ਵਾਸੀ ਮਕਾਨ ਨੰ: 498 ਗਲੀ ਨੰ: 5 ਨਿਰਮਲ ਨਗਰ ਦੁੱਗਰੀ, ਥਾਣਾ ਦੁੱਗਰੀ, ਜ਼ਿਲ੍ਹਾ ਲੁਧਿਆਣਾ ਉਮਰ ਕਰੀਬ 39 ਸਾਲ, ਨਿਤੇਸ਼ ਕੁਮਾਰ ਪੁੱਤਰ ਓਮ ਪ੍ਰਕਾਸ਼ ਵਾਸੀ ਮਕਾਨ ਨੰ: 2789 ਸੀ.ਆਰ.ਪੀ.ਐਫ. ਕਲੋਨੀ ਦੁੱਗਰੀ, ਥਾਣਾ ਦੁੱਗਰੀ, ਜ਼ਿਲ੍ਹਾ ਲੁਧਿਆਣਾ ਉਮਰ ਕਰੀਬ 43 ਸਾਲ ਨੂੰ 13 ਸਤੰਬਰ ਨੂੰ ਸੀ.ਆਰ.ਪੀ.ਐਫ. ਕਲੋਨੀ ਦੁੱਗਰੀ, ਲੁਧਿਆਣਾ ਤੋਂ ਗ੍ਰਿਫਤਾਰ ਕੀਤਾ ਗਿਆ। ਮਨਵਿੰਦਰ ਸਿੰਘ ਉਰਫ ਬੱਬੂ ਪੁੱਤਰ ਲਖਮਣ ਸਿੰਘ ਵਾਸੀ ਮਕਾਨ ਨੰ: 475 ਗਲੀ ਨੰ: 5-1/2 ਨਿਰਮਲ ਨਗਰ, ਲੁਧਿਆਣਾ ਦੀ ਗ੍ਰਿਫਤਾਰੀ ਬਾਕੀ ਹੈ। ਇਹਨਾਂ ਕੋਲੋਂ ਵਾਰਦਾਤ ਵਿੱਚ ਵਰਤੇ ਗਏ 2 ਮੋਟਰਸਾਈਕਲ (ਮਾਰਕਾ ਵਿਕਰਾਂਤ ਅਤੇ ਐਚ ਐਫ ਡੀਲਕਸ) ਦਾਤਰ, ਡੰਮੀ ਪਿਸਟਲ, ਸੋਨੇ ਦੀ ਅੰਗੂਠੀ ਅਤੇ ਆਰਟੀਫੀਸ਼ੀਅਲ ਸੋਨੇ ਦੇ ਗਹਿਣੇ ਬਰਾਮਦ ਕੀਤੇ ਗਏ।

# ਹਰਬੀਰ ਦੇ ਹਤਿਆਰਿਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ : ਬੀਰਪਾਲ, ਹੈਪੀ, ਸਤੀਸ਼, ਬੰਟੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਵੱਲੋਂ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਅਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਹੁਸ਼ਿਆਰਪੁਰ ਦੇ ਪੰਜ ਸਾਲ ਦੇ ਬੱਚੇ ਹਰਬੀਰ ਦੇ ਹੋਏ ਘਿਨਾਉਣੇ ਹੱਤਿਆ ਕਾਂਡ ਸਬੰਧ ਵਿੱਚ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਦੇ ਆਗੂਆਂ ਨੇ ਦੱਸਿਆ ਕਿ ਬੀਤੇ ਦਿਨੀਂ ਹੁਸ਼ਿਆਰਪੁਰ ਦੇ ਮੁਹੱਲਾ ਦੀਪ ਨਗਰ ਦੇ 5 ਸਾਲਾਂ ਬੱਚੇ ਦੇ ਪ੍ਰਵਾਸੀ ਵੱਲੋਂ ਅਗਵਾਹ, ਕੁਕਰਮ ਅਤੇ ਹੱਤਿਆ ਦੇ ਮਾਮਲੇ ਵੱਲ ਧਿਆਨ ਦੁਆਉਂਦੇ ਹੋਏ ਡਿਪਟੀ ਕਮਿਸ਼ਨਰ ਤੋਂ ਮੰਗ ਕੀਤੀ ਗਈ ਕਿ ਬੱਚੇ ਹਰਬੀਰ ਦੇ ਅਪਰਾਧੀ ਦਾ ਨਿਆਂਇਕ ਚਲਾਨ ਦਾ 10 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰਨ ਦੀ ਪੁਲਸ ਨੂੰ ਹਦਾਇਤ ਕੀਤੀ ਜਾਵੇ ਅਤੇ ਹਰਬੀਰ ਦੀ ਹੱਤਿਆ ਦਾ ਮੁਕੱਦਮਾ ਫਾਸਟ ਟਰੈਕ ਕੋਰਟ ਵਿੱਚ ਚਲਾਇਆ ਜਾਵੇ ਅਤੇ ਦੋ ਮਹੀਨੇ ਵਿੱਚ ਅਪਰਾਧੀ ਨੂੰ ਘੱਟ ਤੋਂ ਘੱਟ ਫਾਂਸੀ ਦੀ ਸਜ਼ਾ ਦੁਆਈ ਜਾਵੇ।ਉਹਨਾਂ ਕਿਹਾ ਕਿ ਜਿਨੇ ਵੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪ੍ਰਵਾਸੀ ਰਹਿ ਰਹੇ ਹਨ, ਉਹਨਾਂ ਸਾਰਿਆਂ ਦੀ ਪੁਲਸ ਵੈਰੀਫਿਕੇਸ਼ਨ ਕਰਵਾਈ ਜਾਵੇ ਅਤੇ ਉਹਨਾਂ ਦਾ ਬੈਕਗਰਾਊਂਡ ਰਿਕਾਰਡ ਚੈੱਕ ਕੀਤਾ ਜਾਵੇ। ਉਹਨਾਂ ਕਿਹਾ ਕਿ ਜਿਹਨਾਂ ਮਕਾਨ ਮਾਲਕਾਂ ਨੇ ਆਪਣੇ ਘਰਾਂ ਵਿੱਚ ਪ੍ਰਵਾਸੀ ਜਾਂ ਹੋਰ ਰਿਸ਼ਤੇਦਾਰ ਕਿਰਾਏ ਤੇ ਰੱਖੇ ਹੋਏ ਹਨ, ਉਹਨਾਂ ਕਿਰਾਏਦਾਰਾਂ ਦੀ ਵੈਰੀਫਿਕੇਸ਼ਨ ਕਰਵਾਉਣ ਲਈ ਇੱਕ ਸਮਾਂ ਨਿਰਧਾਰਤ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤੀਸ਼ ਸ਼ੇਰਗੜ੍ਹ ਸੀਨੀਅਰ ਜ਼ਿਲਾ ਮੀਤ ਪ੍ਰਧਾਨ, ਰਵੀ, ਮਨੀ, ਸਾਬੀ ਸੁੰਦਰ ਨਗਰ, ਸ਼ਮੀ ਪੁਰਹੀਰਾ, ਬਿੱਟੂ ਸ਼ੇਰਗੜ੍ਹ, ਰਾਮ ਮੂਰਤੀ ਸ਼ੇਰਪੁਰ ਗਲਿੰਡ, ਬੰਟੀ ਅਤੇ ਸਤੀਸ਼ ਹਰਿਆਣਾ ਆਦਿ ਹਾਜ਼ਰ ਸਨ।

# ਸ਼ਾਮ 6.00 ਤੋਂ ਸਵੇਰੇ 10.00 ਵਜੇ ਤੱਕ ਕੰਬਾਇਨਾਂ ਨਾਲ ਝੋਨੇ ਦੀ ਕਟਾਈ 'ਤੇ ਪਾਬੰਦੀ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹੇ ਵਿੱਚ 16 ਸਤੰਬਰ ਤੋਂ ਸ਼ੁਰੂ ਹੋ ਰਹੇ ਝੋਨੇ ਦੇ ਖਰੀਦ ਸੀਜ਼ਨ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟ੍ਰੇਟ ਕੋਮਲ ਮਿੱਤਲ ਨੇ ਸ਼ਾਮ 6.00 ਤੋਂ ਸਵੇਰੇ 10.00 ਵਜੇ ਤੱਕ ਕੰਬਾਇਨਾਂ ਨਾਲ ਝੋਨੇ ਦੀ ਕਟਾਈ 'ਤੇ ਪਾਬੰਦੀ ਲਾ ਦਿੱਤੀ ਹੈ।ਇਸ ਤੋਂ ਇਲਾਵਾ ਕੰਬਾਇਨ ਹਾਰਵੈਸਟਰ ਦੇ ਮਾਲਕ ਬਿਨਾਂ ਐਸ.ਐਮ.ਐਸ ਲਗਾਏ ਝੋਨੇ ਦੀ ਕਟਾਈ ਵੀ ਨਾ ਕਰਨ, ਜਿਸ ਨਾਲ ਪ੍ਰਦੂਸ਼ਣ ਫੈਲਦਾ ਹੈ।ਜ਼ਿਲ੍ਹਾ ਮੈਜਿਸਟ੍ਰੇਟ ਕੋਮਲ ਮਿੱਤਲ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਹਦੂਦ ਅੰਦਰ ਸ਼ਾਮ 6.00 ਤੋਂ ਸਵੇਰੇ 10.00 ਵਜੇ ਤੱਕ ਕੰਬਾਇਨਾਂ ਨਾਲ ਝੋਨੇ ਦੀ ਫਸਲ ਦੀ ਕਟਾਈ ਨਾ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਉਪਰੰਤ ਜ਼ਿਲ੍ਹੇ ਵਿੱਚ ਝੋਨੇ ਦੀ ਫਸਲ ਦੀ ਕਟਾਈ ਅਤੇ ਉਸ ਦੀ ਰਹਿੰਦ ਨੂੰ ਸਾੜਨ 'ਤੇ ਪੂਰਨ ਤੌਰ ਤੇ ਪਾਬੰਦੀ ਰਹੇਗੀ।ਇਹ ਹੁਕਮ 16 ਸਤੰਬਰ ਤੋਂ 15 ਨਵੰਬਰ ਤੱਕ ਜ਼ਿਲ੍ਹੇ ਵਿੱਚ ਤੁਰੰਤ ਅਸਰ ਨਾਲ ਲਾਗੂ ਹੋਵੇਗਾ।

# ਪੰਜਾਬ 'ਚ ਐਂਟੀਮਾਈਕ੍ਰੋਬਾਇਲ ਰਜਿਸਟੈਂਸ ਕਾਰਜ ਯੋਜਨਾ ਲਾਂਚ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਐਂਟੀਮਾਕ੍ਰੋਬੀਅਲ ਰਸਿਸਟੈਂਸ (ਏ ਐਮ ਆਰ) ਦੇ ਵਧ ਰਹੇ ਖ਼ਤਰੇ ਦੇ ਮੁਕਾਬਲੇ ਲਈ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਇਥੇ ਐਂਟੀਮਾਕ੍ਰੋਬੀਅਲ ਰਸਿਸਟੈਂਸ (ਪੰਜਾਬ-ਸੈਪਕਾਰ) ਦੀ ਰੋਕਥਾਮ ਲਈ ਸਮਰਪਿਤ ਪੰਜਾਬ ਰਾਜ ਕਾਰਜ ਯੋਜਨਾ ਦੀ ਸ਼ੁਰੂਆਤ ਕੀਤੀ। ਇਸ ਨਾਲ ਪੰਜਾਬ ਭਾਰਤ ਦਾ ਸੱਤਵਾਂ ਅਤੇ ਖਿੱਤੇ ਦਾ ਮੋਹਰੀ ਸੂਬਾ ਬਣ ਗਿਆ ਹੈ ਜਿਸਨੇ ਐਂਟੀਬਾਇਓਟਿਕਸ, ਜੋ ਕਿ ਇੱਕ ਗੰਭਰ ਆਲਮੀ ਸਿਹਤ ਚੁਣੌਤੀ ਹੈ, ਦੀ ਲੋੜੋਂ ਵੱਧ ਵਰਤੋਂ ਨੂੰ ਰੋਕਣ ਲਈ ਇੱਕ ਸਮਰਪਿਤ ਨੀਤੀ ਅਪਣਾਈ ਹੈ। ਇਹ ਵਿਆਪਕ ਯੋਜਨਾ ਸੂਬੇ ਨੂੰ ਕੌਮੀ ਅਤੇ ਆਲਮੀ ਸਿਹਤ ਤਰਜੀਹਾਂ ਨਾਲ ਜੋੜਦਿਆਂ 'ਵਨ ਹੈਲਥ' ਪਹੁੰਚ ਨੂੰ ਅਪਨਾਉਣ 'ਤੇ ਕੇਂਦਰਿਤ ਹੈ, ਜੋ ਮਨੁੱਖੀ ਤੇ ਜਾਨਵਰਾਂ ਦੀ ਸਿਹਤ, ਖੇਤੀਬਾੜੀ ਅਤੇ ਵਾਤਾਵਰਣ ਖੇਤਰਾਂ ਵਿੱਚ ਯਤਨਾਂ ਨੂੰ ਇੱਕਜੁੱਟ ਕਰਦੀ ਹੈ ਤਾਂ ਜੋ ਏਐਮਆਰ ਚੁਣੌਤੀ ਦਾ ਸਮੂਹਿਕ ਯਤਨਾਂ ਨਾਲ ਮੁਕਾਬਲਾ ਕੀਤਾ ਜਾ ਸਕੇ। ਪੰਜਾਬ ਦੀ ਏ ਐਮ ਆਰ ਕਾਰਜ-ਯੋਜਨਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿੱਚ ਰਸਿਸਟੈਂਸ ਪੈਟਰਨਾਂ ਨੂੰ ਟਰੈਕ ਕਰਨ ਵਾਸਤੇ ਲੈਬਾਟਰੀ ਨੈਟਵਰਕਾਂ ਰਾਹੀਂ ਸਰਕਾਰੀ ਸਿਹਤ ਸਹੂਲਤਾਂ ਤੋਂ ਨਮੂਨਿਆਂ ਦੀ ਮੌਨਿਟਰਿੰਗ ਅਤੇ ਜਾਂਚ ਜ਼ਰੀਏ ਨਿਗਰਾਨੀ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ।

# ਹੜ੍ਹ ਪੀੜਤਾਂ ਦਾ ਜਾਇਜ਼ਾ ਲੈਣ ਪਹੁੰਚੇ ਕੇਂਦਰੀ ਪੇਂਡੂ ਵਿਕਾਸ ਮੰਤਰੀ



**ਆਦਮਪੁਰ (ਪਰਮਜੀਤ ਸਿੰਘ)**- ਕੇਂਦਰ ਸਰਕਾਰ ਪੰਜਾਬ ਦੇ ਹੜ੍ਹ ਪੀੜਤਾਂ ਦੀ ਸਥਿਤੀ ਦਾ ਪੂਰਾ ਜਾਇਜ਼ਾ ਲੈਣ ਉਪਰੰਤ ਉਨ੍ਹਾਂ ਨੂੰ ਹੋਰ ਰਾਹਤ ਦੇਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਦਮਪੁਰ ਏਅਰਪੋਰਟ ਵਿਖੇ ਕੇਂਦਰੀ ਪੇਂਡੂ ਵਿਕਾਸ ਮੰਤਰੀ ਚੰਦਰਸ਼ੇਖਰ ਪੇਮਾਸਾਨੀ ਹੜ੍ਹ ਪੀੜਤਾਂ ਦੀ ਜਾਇਜ਼ਾ ਲੈਣ ਪਹੁੰਚਦਿਆਂ ਕਹੇ। ਉਨ੍ਹਾਂ ਕਿਹਾ ਕਿ ਉਹ ਵਿਸ਼ੇਸ਼ ਤੌਰ ਤੇ ਹੜ੍ਹ ਪੀੜਤ ਇਲਾਕਿਆਂ ਦਾ ਦੌਰਾ ਕਰਨਗੇ ਤਾਂ ਜੋ ਵੀ ਹਾਲਾਤ ਉੱਥੇ ਬਣੇ ਹੋਏ ਹਨ, ਸਬੰਧੀ ਰਾਹਤ ਕਾਰਜਾਂ ਦਾ ਜਾਇਜ਼ਾ ਲੈ ਕੇ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕਰ ਸਕਣ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਤ੍ਰਾਸਦੀ ਦੇ ਇਸ ਸਮੇਂ ਅੰਦਰ ਪੰਜਾਬ ਦੇ ਨਾਲ ਹੈ ਤੇ ਹਰ ਸੰਭਾਵ ਮਦਦ ਕੀਤੀ ਜਾ ਰਹੀ ਹੈ ਤੇ ਅਗਾਂਹ ਹੋਰ ਵੀ ਰਾਹਤ ਪਹੁੰਚਾਈ ਜਾਵੇਗੀ । ਇਸ ਮੌਕੇ ਤੇ ਵਿਜੈ ਸਾਂਪਲਾ ਵੀ ਮਜੂਦ ਸਨ ।ਭਾਜਪਾ ਨੇਤਾ ਅਮਰਜੀਤ ਸਿੰਘ ਅਮਰੀ ਨੇ ਕੇਂਦਰ ਸਰਕਾਰ ਵੱਲੋਂ ਰਾਹਤ ਕਾਰਜਾਂ ਵਿੱਚ ਦਿੱਤੇ ਯੋਗਦਾਨ ਅਤੇ ਹੁਣ ਅਗਾਂਹ ਵੀ ਸਾਰੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਪੂਰੇ ਕਰਵਾਉਣ ਲਈ ਜਤਨਾਂ ਦੀ ਸ਼ਲਾਘਾ ਕੀਤੀ । ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਪੰਜਾਬ ਨੂੰ ਜਲਦ ਹੋਰ ਸਹਾਇਤਾ ਮਿਲੇਗੀ।ਇਸ ਮੌਕੇ ਵਿਸ਼ੇਸ਼ ਤੌਰ ਤੇ ਸਾਬਕਾ ਮੇਅਰ ਫ਼ਗਵਾੜਾ ਅਰੁਣ ਖੋਸਲਾ,ਰਣਜੀਤ ਸਿੰਘ ਕੋਹਜੇਵਾਲ,ਜੱਸੀ ਭਾਰਦਵਾਜ, ਵੀਰ ਸੈਮ ਭੁਗਤਰ, ਸਨੀ ਯੁਵਾ ਮੋਰਚਾ ਪ੍ਰਧਾਨ , ਮਨਰਾਜ ਸਿੰਘ ਦਿਓਲ,ਮਹਿੰਦਰ ਥਾਪਰ, ਲੋਕੇਸ਼ ਬਾਲੀ , ਰਾਜ ਕੁਮਾਰ ਰਾਣਾ, ਪਰਮੋਦ ਮਿਸ਼ਰਾ, ਆਦਿ ਹਾਜ਼ਰ ਸਨ।

# ਪਿੰਡ ਰਾਵਾਂ ਖੇਲਾ ਦਾ ਸਾਲਾਨਾ ਛਿੰਝ ਮੇਲਾ 26 ਨੂੰ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ, ਅਵਤਾਰ ਚੰਦ)** ਐਨ ਆਰ ਆਈ ਅਤੇ ਸਮਾਜ ਸੇਵੀ ਬਿੱਟੂ ਰਾਵਾਂ ਖੇਲਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਕਰੀਬੀ ਪਿੰਡ ਰਾਵਾਂ- ਖੇਲਾ (ਫਿਲੌਰ) ਜਲੰਧਰ ਵਿਖੇ ਗੁੱਗਾ ਜਾਹਰ ਪੀਰ ਦੀ ਯਾਦ ਵਿੱਚ ਸਮੂਹ ਨਗਰ ਨਿਵਾਸੀਆਂ, ਪ੍ਰਬੰਧਕ ਕਮੇਟੀ, ਐਨ ਆਰ ਆਈ ਵੀਰਾਂ, ਸਮੂਹ ਗ੍ਰਾਮ ਪੰਚਾਇਤ ਤੇ ਸਹਿਯੋਗ ਨਾਲ ਸਾਲਾਨਾ ਛਿੰਝ ਮੇਲਾ 26 ਸਤੰਬਰ ਨੂੰ ਪੂਰੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪੰਜਾਬ ਭਰ ਤੋਂ ਨਾਮੀ ਪਹਿਲਵਾਨ ਆਪਣੇ ਜੌਹਰ ਦਿਖਾਉਣਗੇ। ਛਿੰਝ ਮੇਲੇ ਦੌਰਾਨ ਪਟਕੇ ਦੀਆਂ ਕੁਸ਼ਤੀਆਂ ਭਲਵਾਨ ਉਮੇਸ਼ ਯਾਦਵ ਮਥੁਰਾ ਅਤੇ ਭਲਵਾਨ ਪ੍ਰਿਤਪਾਲ ਫਗਵਾੜਾ, ਲਾਲੀ ਮਲਕਪੁਰ, ਸ਼ਹਿਬਾਜ਼ ਆਲਮਗੀਰ, ਗੁੰਗਾਂ ਰੋਡ ਮਾਜਰਾ, ਜੱਸ ਡੂਮਛੇੜੀ, ਸੈਗੀ ਊਨਾ, ਮਨੀ ਸ਼ੇਰੋਂ, ਬੋਨੀ ਡੁਮੇਲੀ, ਜਗਰੂਪ ਸ਼ੰਕਰ, ਜੀਤਾ ਹਰੀਆਬਾਦ, ਰਵੀ ਭੂਆਧਮੜੀ, ਸੀਪਾ ਰੋਡ ਮਾਜਰਾ, ਸ਼ਾਮੂ ਨਵਾਂ ਪਿੰਡ ਅਕਾਲੀਆਂ ਵਿਚਕਾਰ ਹੋਵੇਗੀ। ਗੁਰੂ ਜੀ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਵਿਦਿਆਰਥੀਆਂ ਵੱਲੋਂ ਰੇਲ ਕੋਚ ਫੈਕਟਰੀ ਦਾ ਦੌਰਾ



**ਜਲੰਧਰ (ਸ਼ੈਲੀ ਐਲਬਰਟ)**- ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਸਰਪ੍ਰਸਤੀ ਅਤੇ ਆਟੋਮੋਬਾਈਲ ਵਿਭਾਗ ਦੇ ਮੁਖੀ ਗੌਰਵ ਸ਼ਰਮਾ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ ਇਹ ਦੌਰਾ ਕੀਤਾ। ਦੌਰੇ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਗੌਰਵ ਸ਼ਰਮਾ ਨੇ ਦੱਸਿਆ ਕਿ ਵਿਭਾਗ ਵੱਲੋਂ ਹਰ ਸੈਮੇਸਟਰ ਵਿੱਚ ਇੰਡਸਟਰੀ ਦੌਰਿਆਂ ਦਾ ਆਯੋਜਨ ਕੀਤਾ ਜਾਂਦਾ ਹੈ, ਤਾਂ ਜੋ ਵਿਦਿਆਰਥੀਆਂ ਦੀ ਅਭਿਆਸੀ ਅਤੇ ਤਕਨੀਕੀ ਜਾਣਕਾਰੀ ਵਿੱਚ ਨਿਖਾਰ ਆ ਸਕੇ। ਉਨ੍ਹਾਂ ਕਿਹਾ ਕਿ ਅਜਿਹੇ ਯਤਨ ਕਲਾਸਰੂਮ ਅਧਿਐਨ ਅਤੇ ਉਦਯੋਗਿਕ ਅਮਲਾਂ ਵਿਚਕਾਰ ਪੈਂਦੇ ਅੰਤਰ ਨੂੰ ਘਟਾਉਣ ਵਿੱਚ ਮਦਦਗਾਰ ਸਾਬਤ ਹੁੰਦੇ ਹਨ।ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਵੀ ਵਿਭਾਗ ਦੀ ਕੋਸ਼ਿਸ਼ ਦੀ ਸਰਾਹਨਾ ਕੀਤੀ ਅਤੇ ਵਿਦਿਆਰਥੀਆਂ ਨੂੰ ਅਜਿਹੇ ਤਕਨੀਕੀ ਅਤੇ ਸਿੱਖਿਆਤਮਕ ਪ੍ਰੋਗਰਾਮਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ।ਉਨ੍ਹਾਂ ਵਿਦਿਆਰਥੀਆਂ ਨੂੰ ਫੈਕਟਰੀ ਦਾ ਦੌਰਾ ਕਰਵਾਇਆ ਅਤੇ ਕੋਚ ਨਿਰਮਾਣ ਵਿੱਚ ਵਰਤੀਆਂ ਜਾ ਰਹੀਆਂ ਨਵੀਆਂ ਤਕਨੀਕਾਂ ਬਾਰੇ ਵੀ ਜਾਣੂ ਕਰਵਾਇਆ। ਇਸ ਦੌਰੇ ਵਿੱਚ ਵਿਭਾਗ ਦੇ ਲੈਕਚਰਰ ਸੁਧਾਂਸ਼ੂ ਨਾਗਪਾਲ ਅਤੇ ਹਰਪ੍ਰੀਤ ਸਿੰਘ ਨੇ ਵੀ ਵਿਦਿਆਰਥੀਆਂ ਦਾ ਮਾਰਗਦਰਸ਼ਨ ਕੀਤਾ ਅਤੇ ਦੌਰੇ ਨੂੰ ਸਫਲ ਬਣਾਇਆ।

# ਹਰਮਨਦੀਪ ਤੇ ਅਸ਼ਵੀਰ ਨੂੰ ਪੰਜਾਬ ਅੰਡਰ-19 ਕੈਂਪ ਤੋਂ ਵਾਪਸੀ 'ਤੇ ਕੀਤਾ ਸਨਮਾਨਿਤ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਹਰਮਨਦੀਪ ਤੇ ਅਸ਼ਵੀਰ, ਜੋ ਹੁਸ਼ਿਆਰਪੁਰ ਦੇ ਐਚ ਡੀ ਸੀ ਏ ਕ੍ਰਿਕਟ ਸੈਂਟਰ ਵਿੱਚ ਸਿਖਲਾਈ ਲੈ ਰਹੇ ਸਨ, ਨੂੰ ਪੰਜਾਬ ਅੰਡਰ-19 ਕੈਂਪ ਤੋਂ ਵਾਪਸੀ 'ਤੇ ਸਨਮਾਨਤ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਐਚ ਡੀ ਸੀ ਏ ਦੇ ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਹਰਮਨਦੀਪ ਅਤੇ ਅਸ਼ਵੀਰ ਪੰਜਾਬ ਦੇ ਇੱਕ ਰੋਜ਼ਾ ਅੰਡਰ-19 ਕੈਂਪ ਵਿੱਚ ਹਿੱਸਾ ਲੈਣ ਤੋਂ ਬਾਅਦ ਵਾਪਸ ਆਏ ਹਨ। ਉਨ੍ਹਾਂ ਕਿਹਾ ਕਿ ਇਹ ਕੈਂਪ ਪਿਛਲੇ ਅੱਠ ਦਿਨਾਂ ਤੋਂ ਮੋਗਾ ਵਿੱਚ ਚੱਲ ਰਿਹਾ ਸੀ। ਉਨ੍ਹਾਂ ਕਿਹਾ ਕਿ ਇਸ ਕੈਂਪ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਉਨ੍ਹਾਂ ਦੇ ਪ੍ਰਦਰਸ਼ਨ ਦੇ ਆਧਾਰ 'ਤੇ ਪੰਜਾਬ ਅੰਡਰ-19 ਲਈ ਚੁਣਿਆ ਗਿਆ ਸੀ। ਇਸ ਮੌਕੇ ਐਚ ਡੀ ਸੀ ਏ ਦੇ ਮੁੱਖ ਕੋਚ ਦਲਜੀਤ ਸਿੰਘ, ਜ਼ਿਲ੍ਹਾ ਟ੍ਰੇਨਰ ਕੁਲਦੀਪ ਧਾਮੀ, ਜੂਨੀਅਰ ਕੋਚ ਦਰਜੀਤ ਧੀਮਾਨ, ਪੰਕਜ ਪਿੰਕਾ, ਦਿਨੇਸ਼ ਸ਼ਰਮਾ ਆਦਿ ਨੇ ਵੀ ਹਰਮਨਦੀਪ ਅਤੇ ਅਸ਼ਵੀਰ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਪੈਨਸ਼ਨਰਾਂ ਨੇ ਗਰੀਬ ਮਜ਼ਦੂਰ ਪਰਵਾਰਾਂ ਦੀ ਕੀਤੀ ਆਰਥਿਕ ਮਦਦ



**ਫਗਵਾੜਾ (ਜਸਵਿੰਦਰ ਢੱਡਾ)**- ਪੰਜਾਬ ਵਿੱਚ ਆਏ ਹੜ੍ਹਾਂ ਨਾਲ ਅਤੇ ਪਏ ਭਾਰੀ ਮੀਹਾਂ ਨਾਲ ਸਮਾਜ ਦੇ ਹਰ ਵਰਗ ਦੇ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ,ਜਿਸ ਦੀ ਪੂਰੀ ਪੂਰੀ ਮਾਤਰਾ ਵਿੱਚ ਭਰਪਾਈ ਕਰਨੀ ਅਸੰਭਵ ਹੀ ਨਹੀਂ ਸਗੋਂ ਅਤਿ ਮੁਸ਼ਕਲਾਂ ਭਰਪੂਰ ਵੀ ਹੈ। ਇਕੱਠੇ ਹੋਏ ਰਾਹਤ ਫੰਡ ਵਿੱਚੋਂ ਪਹਿਲੀ ਕਿਸ਼ਤ ਵਿੱਚ ਸੁਲਤਾਨਪੁਰ ਲੋਧੀ ਹਲਕੇ ਵਿੱਚ ਆਰਜ਼ੀ ਬੰਨ੍ਹ ਦੀ ਮਜ਼ਬੂਤੀ ਕਰਨ ਲਈ ਚੱਲ ਰਹੇ ਕੰਮ ਵਿੱਚ 53200/- ਰੁਪਏ ਦਾ ਯੋਗਦਾਨ ਪਾਇਆ ਗਿਆ ਸੀ। ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰਾਹਤ ਫੰਡ ਦੀ ਦੂਜੀ ਕਿਸ਼ਤ ਵਿੱਚ ਇਕੱਠੇ ਹੋਏ ਫੰਡ ਵਿੱਚੋਂ ਪੰਜਾਬ ਪੈਂਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੇ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਅਗਵਾਈ ਵਿੱਚ ਅਤੇ ਨਾਲ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ, ਬਲਾਕ ਫਗਵਾੜਾ ਦੇ ਉੱਘੇ ਆਗੂ ਦਲਜੀਤ ਸਿੰਘ ਸੈਣੀ ਨੂੰ ਨਾਲ ਲੈ ਕੇ ਪਿੰਡ ਮੀਰਾ ਪੁਰ ਦੇ ਰਾਮ ਕ੍ਰਿਸ਼ਨ ਪੁੱਤਰ ਗੁਰਦਾਸ ਰਾਮ, ਪਿੰਡ ਗੁਜਰਾਤਾਂ ਦੇ ਸਰਬਜੀਤ ਪੁੱਤਰ ਗੁਰਬਖਸ਼ ਰਾਮ ਦੇ ਗ਼ਰੀਬ ਮਜ਼ਦੂਰ ਪਰਿਵਾਰਾਂ ਨੂੰ ਮੀਹਾਂ ਨਾਲ ਡਿੱਗੀਆਂ ਛੱਤਾਂ ਨੂੰ ਦੋਬਾਰਾ ਬਣਾਉਣ ਲਈ 15000-15000 ਰੁਪਏ ਦੀ ਨਗਦ ਸਹਾਇਤਾ ਸਰਪੰਚ ਮੀਰਾ ਪੁਰ ਦੇਸ ਰਾਜ ਅਤੇ ਸਰਪੰਚ ਗੁਜਰਾਤਾਂ ਜਸਵੀਰ ਕੌਰ ਦੀ ਮੌਜੂਦਗੀ ਵਿੱਚ ਦਿੱਤੀ ਗਈ। ਇਸੇ ਤਰ੍ਹਾਂ ਹੀ ਪਿੰਡ ਭੁਲਾਰਾਈ ਦੇ ਗ਼ਰੀਬ ਮਜ਼ਦੂਰ ਪਰਿਵਾਰ ਦੇ ਲਖਵੀਰ ਸਿੰਘ ਪੁੱਤਰ ਮੋਹਣ ਸਿੰਘ ਨੂੰ ਵੀ ਡਿੱਗੀ ਛੱਤ ਦੀ ਮੁਰੰਮਤ ਕਰਵਾਉਣ ਲਈ 10000/- ਰੁਪਏ ਦੀ ਨਗਦ ਸਹਾਇਤਾ ਦਿੱਤੀ ਗਈ। ਗਰੀਬ ਮਜ਼ਦੂਰ ਪਰਿਵਾਰਾਂ ਦੀ ਆਰਥਿਕ ਮਦਦ ਕਰਨ ਸਮੇਂ ਐਸੋਸੀਏਸ਼ਨ ਦੇ ਪ੍ਰਧਾਨ ਮੋਹਣ ਸਿੰਘ ਭੱਟੀ, ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ,ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ,ਰਤਨ ਸਿੰਘ ਗੁਰਾਇਆ,ਕੇ ਕੇ ਪਾਂਡੇ, ਮਾਸਟਰ ਜੋਗਿੰਦਰ, ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ, ਬਲਾਕ ਫਗਵਾੜਾ ਦੇ ਉੱਘੇ ਆਗੂ ਦਲਜੀਤ ਸਿੰਘ ਸੈਣੀ ਤੇ ਮਨਪ੍ਰੀਤ ਕੌਰ ਵੀ ਹਾਜ਼ਰ ਹੋਏ।

# ਖ਼ੂਨਦਾਨ ਸਮਾਜ ਤੇ ਮਾਨਵ ਦੀ ਸਿਖਰ ਸੇਵਾ : ਸੋਮ ਪ੍ਰਕਾਸ਼




**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਖ਼ੂਨਦਾਨ ਸੇਵਾ ਸਮਾਜ ਸੇਵਾ ਅਤੇ ਮਾਨਵ ਸੇਵਾ ਦੀ ਸਿਖਰ ਸੇਵਾ ਹੈ, ਖ਼ੂਨਦਾਨੀ ਹੀ ਸਮਾਜ ਦੇ ਅਸਲੀ ਹੀਰੋ ਹਨ ਜਿਹੜੇ ਜ਼ਿੰਦਗੀ ਦੀ ਰੱਖਿਆ ਕਰਕੇ ਪਰਵਾਰ ਦੇ ਚਿਹਰੇ ਤੇ ਰੌਣਕ ਲਿਆਉਂਦੇ ਹਨ ਅਤੇ ਸਮਾਜਿਕ ਪਿਆਰ ਵਧਾਉਣ ਵਿੱਚ ਮਦਦ ਕਰ ਰਹੇ ਹਨ। ਖ਼ੂਨਦਾਨ ਦੀ ਪ੍ਰਮੁੱਖ ਸੰਸਥਾ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ ਫਗਵਾੜਾ ਵਲੋਂ ਆਯੋਜਿਤ 31 ਵੇਂ ਸਲਾਨਾ ਸਮਾਰੋਹ ਵਿੱਚ ਮੁੱਖ ਮਹਿਮਾਨ ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਕੈਂਥ ਨੇ ਇਹ ਸ਼ਬਦ ਖ਼ੂਨਦਾਨੀਆਂ ਦੇ ਹੌਂਸਲੇ ਨੂੰ ਦੇਖਕੇ ਕਹੇ। ਪ੍ਰੋਗਰਾਮ ਵਿੱਚ ਵਿਸ਼ੇਸ਼ ਰੂਪ ਵਿੱਚ ਪਹੁੰਚੇ ਸਰਪ੍ਰਸਤ ਕੁਲਦੀਪ ਸਰਦਾਨਾ , ਜੀ.ਐਨ.ਏ ਯੂਨੀਵਰਸਿਟੀ ਦੇ ਕੁਲਪਤੀ ਗੁਰਦੀਪ ਸਿੰਘ ਸੀਹਰਾ, ਲੀਫੋਰਡ ਹੈਲਥਕੇਅਰ ਲਿਮਿਟਿਡ ਦੇ ਐਚ.ਆਰ. ਸੁਤੀਕਸ਼ਣ ਕੁਮਾਰ, ਸ਼ਿਰੋਮਣੀ ਅਕਾਲੀ ਦਲ ਸ਼ਹਿਰੀ ਪ੍ਰਧਾਨ ਰਣਜੀਤ ਖੁਰਾਨਾ, ਦਿਹਾਤੀ ਪ੍ਰਧਾਨ ਰਾਜਿੰਦਰ ਸਿੰਘ ਚੰਦੀ ਅਤੇ ਮਾਰਕੀਟ ਕਮੇਟੀ ਚੇਅਰਮੈਨ ਤਵਿੰਦਰ ਰਾਮ ਨੇ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਖ਼ੂਨਦਾਨੀਆਂ ਦਾ ਹੌਂਸਲਾ ਵਧਾਇਆ । ਜ਼ਿਲ੍ਹਾ ਯੋਜਨਾ ਬੋਰਡ ਚੇਅਰਮੈਨ ਸਰਬਜੀਤ ਸਿੰਘ ਲੁਬਾਣਾ, ਮੇਰਾ ਯੁਵਾ ਭਾਰਤ ਕਪੂਰਥਲਾ ਦੇ ਜ਼ਿਲਾ ਯੂਥ ਅਫਸਰ ਗਗਨਦੀਪ ਕੌਰ ,ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਜਸਪਾਲ ਸਿੰਘ, ਲਘੂ ਉਦਯੋਗ ਭਾਰਤੀ ਦੇ ਸਾਬਕਾ ਸੂਬਾ ਪ੍ਰਧਾਨ ਅਸ਼ੋਕ ਗੁਪਤਾ ਨੇ ਸਭ ਨੂੰ ਖ਼ੂਨਦਾਨ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਖ਼ੂਨਦਾਨ ਖੇਤਰ ਵਿੱਚ ਪੰਜਾਬੀਆਂ ਨੂੰ ਅਜੇ ਹੋਰ ਸਮਰਪਣ ਦੀ ਜ਼ਰੂਰਤ ਹੈ । ਇਸ ਵਿਸ਼ਾਲ ਖ਼ੂਨਦਾਨ ਕੈਂਪ ਵਿੱਚ 9 ਜੋੜਿਆਂ , 5 ਪਿਤਾ ਪੁੱਤਰ, 47 ਮਹਿਲਾਵਾਂ ਅਤੇ 78 ਖ਼ੂਨਦਾਨੀਆਂ ਦੇ ਪਹਿਲੀ ਵਾਰ ਕੀਤੇ ਖ਼ੂਨਦਾਨ ਸਹਿਤ ਕੁੱਲ 1217 ਖ਼ੂਨ ਦਾਨੀਆਂ ਨੇ ਸਵੈ-ਇੱਛਤ ਖ਼ੂਨਦਾਨ ਕੀਤਾ । ਕੈਂਪ ਵਿੱਚ ਅਜ਼ਾਦ ਯੂਥ ਵੈਲਫੇਅਰ ਐਂਡ ਸਪੋਰਟਸ ਕਲੱਬ, ਮੈੜ ਰਾਜਪੂਤ ਸਭਾ ਫਗਵਾੜਾ, ਖੱਤਰੀ ਸਭਾ, ਭਾਰਤੀ ਜਨਤਾ ਯੁਵਾ ਮੋਰਚਾ, ਆਟੋ ਮੋਬਾਇਲ ਡੀਲਰਜ਼ ਐਸੋਸੀਏਸ਼ਨ, ਸਾਇੰਸ ਟੀਚਰਜ਼ ਐਸੋਸੀਏਸ਼ਨ, ਕੰਪਿਊਟਰ ਟੀਚਰ ਐਸੋਸੀਏਸ਼ਨ, ਮਾਰਵਾੜੀ ਵਿਕਾਸ ਮੰਚ, ਭਾਰਤੀ ਯੋਗ ਸੰਸਥਾਨ ਅਤੇ ਬ੍ਰਹਮਾ ਕੁਮਾਰੀ ਆਸ਼ਰਮ ਦੇ ਮੈਂਬਰਾਂ ਨੇ ਪੂਰੇ ਜੋਸ਼ ਨਾਲ ਹਿੱਸਾ ਲਿਆ ।

# ਐਚ ਆਈ ਵੀ/ਏਡਜ਼ ਸੰਬੰਧੀ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ




**ਕਾਲਾ ਸੰਘਿਆਂ (ਮਨਜੀਤ ਮਾਨ)**- ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ ਕਾਲਾ ਸੰਘਿਆਂ ਵਿਖੇ ਐਨ.ਐਸ.ਐਸ ਤੇ ਰੈਡ ਰਿਬਨ ਵਿਭਾਗ ਵੱਲੋਂ ਪ੍ਰਿੰਸੀਪਲ ਬਲਜਿੰਦਰ ਕੌਰ ਸੱਚਦੇਵਾ ਦੀ ਅਗਵਾਈ ਹੇਠ ਐਚ ਆਈ ਵੀ/ਏਡਜ਼ ਸਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਸਹੁੰ ਚੁੱਕਣ ਦੀ ਰਸਮ ਕੀਤੀ ਗਈ। ਜਿਸ ਦਾ ਮੂਲ ਮਨੋਰਥ ਬੱਚਿਆਂ ਨੂੰ ਇਸ ਭਿਆਨਕ ਬਿਮਾਰੀ ਸਬੰਧੀ ਜਾਗਰੂਕ ਕਰਨਾ ਤੇ ਆਲੇ ਦੁਆਲੇ ਵਿੱਚ ਵੀ ਇਸ ਨੂੰ ਦੂਸਰਿਆਂ ਤੱਕ ਪਹੁੰਚਾਉਣਾ ਹੈ। ਇਸ ਮੌਕੇ ਤੇ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ, ਕਾਲਜੀਏਟ ਪ੍ਰਿੰਸੀਪਲ ਰਜਿੰਦਰ ਕੌਰ, ਇੰਚਾਰਜ ਡਾ. ਕੁਲਵਿੰਦਰ ਕੌਰ, ਮੈਡਮ ਨੀਤੂ, ਮੈਡਮ ਇਰਮਾ, ਸਮੂਹ ਸਟਾਫ ਮੈਂਬਰਜ ਤੇ ਵਿਦਿਆਰਥੀ ਹਾਜ਼ਰ ਸਨ।

# ਚੁੰਬਰ ਜਠੇਰਿਆਂ ਦਾ ਸ਼ਰਾਧ ਮੇਲਾ ਸ਼ਰਧਾ ਨਾਲ ਮਨਾਇਆ



**ਬੰਗਾ (ਅਵਤਾਰ ਕਲੇਰ)**- ਬੰਗਾ ਹਲਕੇ ਦੇ ਪਿੰਡ ਫਰਾਲਾ ਵਿਖੇ ਚੁੰਬਰ ਜਠੇਰਿਆਂ ਦਾ ਸ਼ਰਾਧ ਮੇਲਾ ਪ੍ਰਬੰਧਕ ਕਮੇਟੀ ਅਤੇ ਸਮੂਹ ਚੁੰਬਰ ਪਰਵਾਰ ਵਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਦੇਸ਼ ਵਿਦੇਸ਼ ਤੋਂ ਦਰਬਾਰ ਤੇ ਨਤਮਸਤਕ ਹੋਈਆਂ। ਵੱਡੇ ਵਡੇਰਿਆਂ ਦੀ ਪੂਜਾ ਕੀਤੀ ਗਈ । ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ। ਕੀਰਤਨੀ ਜਥਾ ਮੰਗਤ ਰਾਮ ਮਹਿਮੀ ਵਲੋਂ ਸੰਗਤਾਂ ਨੂੰ ਕੀਰਤਨ ਅਤੇ ਪ੍ਰਵਚਨਾਂ ਨਾਲ ਨਿਹਾਲ ਕੀਤਾ।ਚੇਅਰਮੈਨ ਕਸਤੂਰੀ ਲਾਲ, ਪ੍ਰਧਾਨ ਬਲਵੀਰ ਚੁੰਬਰ, ਸਾਬਕਾ ਸਰਪੰਚ ਜੀਤ ਰਾਮ ਅਤੇ ਪ੍ਰਬੰਧਕਾਂ ਵੱਲੋਂ ਦਾਨੀ ਸੱਜਣਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਚੇਅਰਮੈਨ ਕਸਤੂਰੀ ਲਾਲ (ਕੁਲਥਮ ਜਿਊਲਰਜ਼), ਪ੍ਰਧਾਨ ਬਲਵੀਰ ਚੁੰਬਰ, ਸਰਵਣ ਰਾਮ, ਸੁਰਿੰਦਰ ਪਾਲ ਨੰਬਰਦਾਰ ਫਰਾਲਾ, ਲੈਂਬਰ ਚੁੰਬਰ ਸੰਘੇ ਜਗੀਰ, ਸੁਰਿੰਦਰ ਪਾਲ ਕਾਕਾ, ਸਰਵਣ ਚੁੰਬਰ ਬਾਹੜ ਮਜਾਰਾ, ਸਾਬਕਾ ਸਰਪੰਚ ਜੀਤ ਰਾਮ ਫਰਾਲਾ, ਹਰਪ੍ਰੀਤ ਹੈਪੀ, ਹਰਭਜਨ ਸਿੰਘ ਫਿਲੌਰ, ਰਾਮ ਲੁਭਾਇਆ ਕੁਲਥਮ, ਹੰਸ ਰਾਜ ਲੱਡੂ, ਸਨੀ ਪੰਚ ਫਰਾਲਾ, ਭੰਮਰਾ ਠੇਕੇਦਾਰ, ਮਨਦੀਪ ਕੁਮਾਰ ਆਦਿ ਹਾਜ਼ਰ ਸਨ।

# ਮਿਡ-ਡੇ ਮੀਲ ਲਈ ਰੋਟੀ ਬਣਾਉਣ ਦੀ ਮਸ਼ੀਨ ਦਾ ਉਦਘਾਟਨ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਵਿੱਚ ਐਸ ਐਸ ਜੈਨ ਸੀਨੀਅਰ ਸਕੈਂਡਰੀ ਸਕੂਲ ਵਿੱਚ ਹਲਕਾ ਵਿਧਾਇਕ ਸ੍ਰੀ ਕੁਲਜੀਤ ਸਿੰਘ ਰੰਧਾਵਾ ਨੇ ਮਿਡ-ਡੇ ਮੀਲ ਯੋਜਨਾ ਦੇ ਤਹਿਤ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਖਰੀਦੀ ਗਈ ਆਟੋਮੈਟਿਕ ਰੋਟੀ ਬਣਾਉਣ ਦੀ ਮਸ਼ੀਨ ਦਾ ਉਦਘਾਟਨ ਕੀਤਾ। ਇਹ ਪ੍ਰੋਗਰਾਮ ਬੱਚਿਆਂ ਦੇ ਹਿਤ ਵਿੱਚ ਆਯੋਜਿਤ ਕੀਤਾ ਗਿਆ, ਤਾਂ ਜੋ ਉਨ੍ਹਾਂ ਨੂੰ ਪੋਸ਼ਟਿਕ ਤੇ ਗਰਮ ਭੋਜਨ ਉਪਲਬਧ ਕਰਵਾਇਆ ਜਾ ਸਕੇ। ਵਿਧਾਇਕ ਰੰਧਾਵਾ ਨੇ ਇਸ ਮੌਕੇ ਤੇ ਬੱਚਿਆਂ ਨੂੰ ਆਪਣੇ ਹੱਥੀਂ ਭੋਜਨ ਪਰੋਸਿਆ, ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮਹੱਤਵਪੂਰਨ ਪ੍ਰੋਗਰਾਮ ਵਿੱਚ ਸ੍ਰੀਮਤੀ ਆਸ਼ੂ ਉਪਨੇਜਾ, ਪ੍ਰਧਾਨ ਨਗਰ ਕੌਂਸਲ ਡੇਰਾ ਬੱਸੀ, ਉਨ੍ਹਾਂ ਦੇ ਪਤੀ ਸ੍ਰੀ ਨਰੇਸ਼ ਉਪਨੇਜਾ, ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸੰਜੈ ਜੈਨ, ਪ੍ਰਬੰਧਕ ਰਾਜੇਸ਼ ਜੈਨ, ਸਚਿਵ ਅਸ਼ਵਨੀ ਜੈਨ ਅਤੇ ਡਾ. ਗਰੀਮਾ ਧਾਰੀਵਾਲ ਖਾਸ ਤੌਰ ਤੇ ਮੌਜੂਦ ਰਹੇ। ਪ੍ਰੋਗਰਾਮ ਦੀ ਸ਼ੁਰੂਆਤ ਮਹਿਮਾਨਾਂ ਦਾ ਸਤਿਕਾਰ ਕਰਕੇ ਕੀਤੀ ਗਈ। ਇਸ ਦੇ ਇਲਾਵਾ ਤਰਸੇਮ ਜੈਨ, ਰਵਿੰਦਰ ਜੈਨ, ਧਰਮਵੀਰ ਜੈਨ, ਪੰਕਜ ਜੈਨ, ਵਿਸ਼ਾਲ ਜੈਨ, ਗੌਰਵ ਜੈਨ ਸਮੇਤ ਕਈ ਮਾਣਯੋਗ ਨਾਗਰਿਕ ਵੀ ਇਸ ਮੌਕੇ ਉੱਤੇ ਮੌਜੂਦ ਰਹੇ। ਇਸ ਮੌਕੇ ਉੱਤੇ ਖਾਸ ਤੌਰ ਤੇ ਦੱਸਿਆ ਗਿਆ ਕਿ ਇਹ ਆਧੁਨਿਕ ਆਟੋਮੈਟਿਕ ਰੋਟੀ ਬਣਾਉਣ ਦੀ ਮਸ਼ੀਨ ਇਕ ਘੰਟੇ ਵਿੱਚ 1000 ਚਪਾਤੀ ਤਿਆਰ ਕਰ ਸਕਦੀ ਹੈ। ਪ੍ਰੋਗਰਾਮ ਵਿੱਚ ਖਾਸ ਗੱਲ ਇਹ ਵੀ ਰਹੀ ਕਿ ਸਕੂਲ ਕਮੇਟੀ ਨੇ ਪੰਜਾਬ ਵਿੱਚ ਹਾਲ ਹੀ ਵਿੱਚ ਆਏ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਲਈ 1,00,000 ਦੀ ਰਾਹਤ ਰਕਮ ਵੀ ਵਿਧਾਇਕ ਨੂੰ ਭੇਟ ਕੀਤੀ। ਇਹ ਰਕਮ ਸਕੂਲ ਕਮੇਟੀ ਦੀ ਪ੍ਰੇਰਣਾ ਅਧੀਨ ਡਾ. ਗਿੰਨੀ ਦੁੱਗਲ ਦੀ ਮਾਰਗਦਰਸ਼ਨ ਵਿੱਚ ਇਕੱਤਰ ਕੀਤੀ ਗਈ ਸੀ।

# ਪੁਰਾਣੀ ਕਚਹਿਰੀ ਨੂੰ ਹਰੀ ਪੱਟੀ ਵਜੋਂ ਵਿਕਸਤ ਕੀਤਾ ਜਾਵੇਗਾ : ਬ੍ਰਹਮ ਸ਼ੰਕਰ ਜਿੰਪਾ

**ਵਿਧਾਇਕ ਨੇ ਪੁਰਾਣੀ ਕਚਹਿਰੀ ਤੇ ਪੁਰਾਣੀ ਸਿਵਲ ਸਰਜਨ ਦਫਤਰ ਦਾ ਦੌਰਾ ਕੀਤਾ**



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿਕਾਸ ਕਾਰਜਾਂ ਨੂੰ ਤੇਜ਼ ਕਰਨ ਅਤੇ ਸ਼ਹਿਰ ਦੀ ਸੁੰਦਰਤਾ ਵਧਾਉਣ ਦੇ ਉਦੇਸ਼ ਨਾਲ, ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਪੁਰਾਣੀ ਕਚਹਿਰੀ ਅਤੇ ਨਾਲ ਲੱਗਦੇ ਪੁਰਾਣੇ ਸਿਵਲ ਸਰਜਨ ਦਫਤਰ ਦਾ ਦੌਰਾ ਕੀਤਾ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਐਸਡੀਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਵਿਧਾਇਕ ਜਿੰਪਾ ਨੇ ਕਿਹਾ ਕਿ ਕਚਹਿਰੀ ਨੂੰ ਤਬਦੀਲ ਕਰਨ ਅਤੇ ਸਿਵਲ ਸਰਜਨ ਦਫਤਰ ਨੂੰ ਹਸਪਤਾਲ ਵਿੱਚ ਤਬਦੀਲ ਕਰਨ ਤੋਂ ਬਾਅਦ, ਇਹ ਪੂਰਾ ਇਲਾਕਾ ਉਜਾੜ ਅਤੇ ਅਣਗੌਲਿਆ ਹੋ ਗਿਆ ਹੈ। ਇਹ ਜਗ੍ਹਾ ਜੋ ਲੰਬੇ ਸਮੇਂ ਤੋਂ ਅਣਗੌਲੀ ਪਈ ਹੈ, ਹੌਲੀ-ਹੌਲੀ ਜੰਗਲ ਵਿੱਚ ਬਦਲ ਰਹੀ ਹੈ, ਜਿਸਦਾ ਸ਼ਹਿਰ ਦੀ ਛਵੀ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਜ਼ਮੀਨ ਪੁੱਡਾ ਦੇ ਅਧੀਨ ਹੈ, ਇਸ ਲਈ ਇਸ ਦੀ ਦੇਖਭਾਲ ਅਤੇ ਵਿਕਾਸ ਦੀ ਜ਼ਿੰਮੇਵਾਰੀ ਵੀ ਪੁੱਡਾ ਦੀ ਹੈ। ਵਿਧਾਇਕ ਨੇ ਪੁੱਡਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਸ ਕੰਪਲੈਕਸ ਨੂੰ ਆਪਣੀ ਯੋਜਨਾ ਅਨੁਸਾਰ ਵਿਕਸਤ ਕਰਨ। ਭਾਵੇਂ ਕਿਸੇ ਵੱਡੇ ਪ੍ਰੋਜੈਕਟ ਦੀ ਸੰਭਾਵਨਾ ਨਾ ਵੀ ਹੋਵੇ, ਨਿਯਮਤ ਸਫਾਈ ਅਤੇ ਰੱਖ-ਰਖਾਅ ਲਾਜ਼ਮੀ ਹੈ ਤਾਂ ਜੋ ਇਹ ਜਗ੍ਹਾ ਅਣਗਹਿਲੀ ਦਾ ਸ਼ਿਕਾਰ ਨਾ ਹੋਵੇ।

# ਪਸ਼ੂ ਧਨ ਦੀ ਸਿਹਤ ਸੰਭਾਲ ਲਈ ਉਪਰਾਲੇ ਜੰਗੀ ਪੱਧਰ 'ਤੇ ਜਾਰੀ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਪ੍ਰਸ਼ਾਸਨ ਵਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਸ਼ੂ ਧਨ ਦੀ ਸਿਹਤ ਸੰਭਾਲ ਲਈ ਜੰਗੀ ਪੱਧਰ 'ਤੇ ਸੰਜੀਦਾ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਪਸ਼ੂ ਧਨ ਦੀ ਸਿਹਤ ਸੰਭਾਲ ਵਿੱਚ ਹਰ ਤਰ੍ਹਾਂ ਦੀ ਸਹੂਲਤ ਸਮੇਂ ਸਿਰ ਮੁਹੱਈਆ ਕਰਵਾਈ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸੇ ਕੜੀ ਤਹਿਤ ਪਸ਼ੂ ਪਾਲਣ ਵਿਭਾਗ ਦੇ ਵੈਟਰਨਰੀ ਡਾਕਟਰਾਂ ਵਲੋਂ ਕੰਟੋਨਮੈਂਟ ਬੋਰਡ ਜਲੰਧਰ ਦੇ ਸਹਿਯੋਗ ਨਾਲ ਪਿੰਡ ਸਾਂਗਰਾ ਜੋ ਕਿ ਸਾਰੇ ਪਾਸਿਆਂ ਤੋਂ ਪਾਣੀ ਵਿੱਚ ਘਿਰਿਆ ਹੋਇਆ ਹੈ ਵਿਖੇ ਪਸ਼ੂ ਧਨ ਦੀ ਸਿਹਤ ਜਾਂਚ ਲਈ ਕੈਂਪ ਲਗਾਇਆ ਗਿਆ।ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਜਿਥੇ ਪਸ਼ੂਆਂ ਦੀ ਸਿਹਤ ਜਾਂਚ ਕੀਤੀ ਗਈ ਉਥੇ ਕਿਸਾਨਾਂ ਨੂੰ ਪਸ਼ੂਆਂ ਦੇ ਚਾਰੇ ਲਈ 160 ਬੋਰੇ ਕੈਟਲ ਫੀਡ, ਮਿਨਰਲ ਮਿਕਸਰ ਅਤੇ ਦਵਾਈਆਂ ਦੀ ਵੰਡ ਕੀਤੀ ਗਈ।




ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ ਨੈਸ਼ਨਲ ਚੈਂਪੀਅਨਸ਼ਿਪ ਵਿਚ ਗਦਰੀ ਬਾਬਾ ਹਰਨਾਮ ਸਿੰਘ ਸ ਸ ਸ ਸ ਕਾਲਾ ਸੰਘਿਆਂ ਦੇ ਵਿਦਿਆਰਥੀ ਗੁਰਕੀਰਤ ਸਿੰਘ ਨੇ ਗਤਕਾ ਮੁਕਬਲੇ ਵਿੱਚ ਗੋਲਡ ਮੈਡਲ ਜਿੱਤਿਆ। ਗਤਕਾ ਕੋਚ ਨਰਿੰਦਰ ਸਿੰਘ ਸੰਘਾ ਅਤੇ ਹਰਮੀਤ ਸਿੰਘ ਨੂੰ ਬਹੁਤ ਬਹੁਤ ਮੁਬਾਰਕਬਾਦ ਅਤੇ ਧੰਨਵਾਦ।
**(ਤਸਵੀਰ ਤੇ ਵੇਰਵਾ : ਮਨਜੀਤ ਮਾਨ, ਕਾਲਾ ਸੰਘਿਆਂ)**

# ਪੰਚਕੂਲਾ ਵਿਖੇ ਹੋ ਰਹੀ ਮਹਿਲਾਵਾਂ ਦੀ ਰਾਮਲੀਲ੍ਹਾ ਦਾ ਹੋਇਆ ਵਿਰੋਧ

- ਰਿਹਰਸਲ ਕਰ ਰਹੀਆਂ ਮਹਿਲਾਵਾਂ ਦੇ ਅੱਗੇ ਹਿੰਦੂ ਸੰਗਠਨਾਂ ਨੇ ਕੀਤੀ ਨਾਅਰੇਬਾਜ਼ੀ

**ਜੀਰਕਪੁਰ (ਕ੍ਰਿਸ਼ਨ ਗਰਗ)**- ਪੰਚਕੂਲਾ ਵਿਖੇ ਇੰਦਰਧਨੁਸ਼ ਔਡੀਟੋਰੀਅਮ ਵਿਖੇ 'ਜੜੋਂ ਸੇ ਜੁੜੋ' ਸੰਸਥਾ ਦੁਆਰਾ ਕਰਵਾਈ ਜਾ ਰਹੀ ਮਹਿਲਾਵਾਂ ਦੀ ਰਾਮਲੀਲਾ ਦਾ ਕੁਝ ਹਿੰਦੂ ਸੰਗਠਨਾਂ ਨੇ ਜ਼ੋਰਦਾਰ ਵਿਰੋਧ ਕੀਤਾ ਅਤੇ ਜਿੱਥੇ ਢਕੌਲੀ ਦੇ ਰਹਿਮਤ ਹੋਮਸ ਵਿਖੇ ਮਹਿਲਾਵਾਂ ਰਾਮਲੀਲਾ ਦੀ ਰਿਹਸਲ ਕਰ ਰਹੀਆਂ ਸਨ ਉੱਥੇ ਜਾ ਕੇ ਨਾਅਰੇਬਾਜੀ ਕੀਤੀ।ਹਿੰਦੂ ਸੰਗਠਨਾਂ ਦਾ ਕਹਿਣਾ ਸੀ ਕਿ ਰਾਮਲੀਲਾ ਵਿੱਚ ਪਵਿੱਤਰ ਰੋਲ ਜਿਵੇਂ ਸ੍ਰੀ ਰਾਮ, ਲਕਸ਼ਮਣ, ਹਨੂਮਾਨ ਅਤੇ ਪਰਸ਼ੂਰਾਮ ਦਾ ਰੋਲ ਮਹਿਲਾਵਾਂ ਨਹੀ ਕਰ ਸਕਦੀਆਂ ਇਹ ਹਿੰਦੂ ਧਰਮ ਦਾ ਅਪਮਾਨ ਹੈ। ਉਨ੍ਹਾਂ ਨੇ ਕਿਹਾ ਕਿ ਉਹ ਕਿਸੇ ਵੀ ਹਾਲਤ ਵਿੱਚ ਮਹਿਲਾਵਾਂ ਦੀ ਰਾਮਲੀਲਾ ਨਹੀ ਹੋਣ ਦੇਣਗੇ ਚਾਹੇ। ਦੂਜੇ ਪਾਸੇ ਰਾਮਲੀਲਾ ਕਰਵਾਉਣ ਵਾਲੀ ਸੰਸਥਾ 'ਜੜੋਂ ਸੇ ਜੁੜੋ' ਦੀ ਪ੍ਰਧਾਨ ਏਕਤਾ ਨਾਗਪਾਲ ਨੇ ਕਿਹਾ ਕਿ ਉਹ ਕਿਸੇ ਵਿਰੋਧ ਅੱਗੇ ਝੁਕਣ ਵਾਲੇ ਨਹੀ ਹਨ ਅਤੇ ਨਾ ਹੀ ਕੋਈ ਗਲਤ ਕੰਮ ਕਰ ਰਹੇ ਹਨ ਉਹ ਹਮੇਸ਼ਾਂ ਦੀ ਤਰ੍ਹਾਂ ਮਹਿਲਾਵਾਂ ਦੀ ਰਾਮਲੀਲਾ ਕਰਨਗੇ। ਵਿਰੋਧ ਕਰ ਰਹੇ ਚੰਡੀਗੜ੍ਹ ਰਾਮਲੀਲਾ ਦੇ ਕਲੱਬਾਂ ਦੇ ਪ੍ਰਧਾਨ ਰੋਹਿਤ ਸ਼ਰਮਾ, ਵਿਜੇ ਦੱਤਾ, ਲਲਿਤ ਗੋਇਲ, ਨਰਿੰਦਰ ਗੋਇਲ, ਹਿਮਾਂਸ਼ੂ ਆਦਿ ਨੇ ਕਿਹਾ ਕਿ ਉਹ ਰਾਮਲੀਲਾ ਦਾ ਵਿਰੋਧ ਨਹੀ ਕਰ ਰਹੇ। ਪਰ ਉਹ ਇਸ ਗੱਲ ਦਾ ਵਿਰੋਧ ਕਰ ਰਹੇ ਹਨ ਕਿ ਸ੍ਰੀ ਰਾਮ, ਲਕਸ਼ਮਣ, ਹਨੂਮਾਨ ਅਤੇ ਪਰਸ਼ੂਰਾਮ ਦਾ ਰੋਲ ਮਹਿਲਾਵਾਂ ਨਾ ਕਰਨ। ਉਨ੍ਹਾਂ ਨੇ ਇਸ ਗੱਲ ਦੀ ਪੁਲਸ ਵਿੱਚ ਵੀ ਸ਼ਿਕਾਇਤ ਕੀਤੀ ਹੈ ਕਿ ਰਾਮ ਲੀਲਾ ਨੂੰ ਬੰਦ ਕਰਵਾਇਆ ਜਾਵੇ ਅਤੇ ਧਰਮ ਦੀ ਬੇਅਦਬੀ ਦਾ ਪਰਚਾ ਦਰਜ ਕਰਵਾਇਆ ਜਾਵੇ।ਗੱਲ ਕਰਨ ਤੇ ਰਾਮਲੀਲਾ ਕਰਵਾਉਣ ਵਾਲੀ ਸੰਸਥਾ 'ਜੜੋਂ ਸੇ ਜੁੜੋ' ਦੀ ਪ੍ਰਧਾਨ ਏਕਤਾ ਨਾਗਪਾਲ ਨੇ ਕਿਹਾ ਕਿ ਜੇਕਰ ਰਾਮਲੀਲਾ ਵਿੱਚ ਸੀਤਾ ਮਾਤਾ ਅਤੇ ਹੋਰ ਮਹਿਲਾਵਾਂ ਦਾ ਰੋਲ ਇੱਕ ਪੁਰਸ਼ ਕਰ ਸਕਦਾ ਹੈ ਤਾਂ ਪੁਰਸ਼ਾਂ ਦਾ ਰੋਲ ਮਹਿਲਾਵਾਂ ਕਿਉਂ ਨਹੀ ਕਰ ਸਕਦੀਆਂ। ਉਨ੍ਹਾਂ ਕਿਹਾ ਕਿ ਰਾਮਲੀਲਾ ਹਰ ਹਾਲ ਵਿੱਚ ਹੋ ਕੇ ਰਹੇਗੀ।

# ਗੁਰਮੁੱਖ ਸਿੰਘ ਦੁਸਹਿਰਾ ਪ੍ਰਬੰਧਕ ਕਮੇਟੀ ਪਾਸਲਾ ਦੇ ਚੁਣੇ ਗਏ ਪ੍ਰਧਾਨ



**ਗੁਰਾਇਆ (ਬਿੰਦਰ ਸੁੰਮਨ)**- ਦੁਸਹਿਰਾ ਪ੍ਰਬੰਧਕ ਕਮੇਟੀ ਪਾਸਲਾ ਦੀ ਅਹਿਮ ਮੀਟਿੰਗ ਸਰਪੰਚ ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਸਰਬਸੰਮਤੀ ਨਾਲ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਜਿੰਨਾ ਵਿੱਚ ਗੁਰਮੁੱਖ ਸਿੰਘ ਗੋਪੀ ਪ੍ਰਧਾਨ, ਖਜ਼ਾਨਚੀ ਰਾਕੇਸ਼ ਕੁਮਾਰ ਸ਼ਰਮਾ, ਸੈਕਟਰੀ ਨਿਰਮਲ ਚੰਦ ਤੇ ਹਰਪ੍ਰੀਤ ਸਿੰਘ, ਗੁਰਦਾਵਰ ਸਿੰਘ, ਬੂਟਾ ਰਾਮ, ਵਿਜੇ ਕੁਮਾਰ ਸ਼ਰਮਾ, ਡਾਕਟਰ ਚਮਕੋਰ ਆਦਿ ਕਮੇਟੀ ਮੈਂਬਰ ਚੁਣੇ ਗਏ। ਦੁਸਹਿਰਾ ਪ੍ਰਬੰਧਕ ਕਮੇਟੀ ਵਲੋਂ ਦੁਸਹਿਰਾ ਦਾ ਤਿਉਹਾਰ 2 ਅਕਤੂਬਰ ਨੂੰ ਮਨਾਇਆ ਜਾ ਰਿਹਾ ਹੈ, ਇਸ ਸਬੰਧੀ ਜਾਣਕਾਰੀ ਦਿੰਦਿਆ ਕਮੇਟੀ ਪ੍ਰਧਾਨ ਗੁਰਮੁੱਖ ਸਿੰਘ ਨੇ ਦੱਸਿਆ ਕਿ 27 ਸਤੰਬਰ ਨੂੰ ਰਾਮ ਲੀਲਾ ਸ਼ੁਰੂ ਹੋਵੇਗੀ ਅਤੇ 2 ਅਕਤੂਬਰ ਨੂੰ ਦੁਸਹਿਰਾ ਗਰਾਉਡ ਵਿਖੇ ਦੁਸਹਿਰਾ ਮਨਾਇਆ ਜਾਵੇਗਾ ਤੇ ਇਸ ਮੌਕੇ ਰਮਾਇਣ ਨਾਲ ਸਬੰਧਤ ਝਾਕੀਆਂ ਖਿੱਚ ਦਾ ਕੇਂਦਰ ਹੋਣਗੀਆ। ਇਸ ਮੌਕੇ ਸਰਪੰਚ ਗੁਰਵਿੰਦਰ ਸਿੰਘ, ਸਰਪੰਚ ਸਤਵਿੰਦਰ ਸਿੰਘ, ਕਮੇਟੀ ਪ੍ਰਧਾਨ ਗੁਰਮੁੱਖ ਸਿੰਘ, ਖਜ਼ਾਨਚੀ ਰਾਕੇਸ਼ ਕੁਮਾਰ ਸ਼ਰਮਾ, ਸੈਕਟਰੀ ਨਿਰਮਲ ਚੰਦ ਅਤੇ ਹਰਪ੍ਰੀਤ ਸਿੰਘ, ਗੁਰਦਾਵਰ ਸਿੰਘ, ਬੂਟਾ ਸਿੰਘ, ਵਿਜੇ ਕੁਮਾਰ ਸ਼ਰਮਾ, ਡਾਕਟਰ ਚਮਕੋਰ, ਪਵਨ ਕੁਮਾਰ, ਮਨਦੀਪ ਹੀਰ, ਜੀਵਨ ਦੇਹਲ, ਜੱਸਾ ਦੇਹਲ, ਲਵਪ੍ਰੀਤ, ਪਸਕਰ ਸ਼ਰਮਾ ਤੋਂ ਇਲਾਵਾ ਪਿੰਡ ਵਾਸੀ ਹਾਜ਼ਰ ਸਨ।

# ਦੀਪਾਂਜਲੀ ਸ਼ਰਮਾ ਬੈਸਟ ਟੀਚਰ ਐਵਾਰਡ ਨਾਲ ਸਨਮਾਨਤ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਿਰਮੌਰ ਵਿੱਦਿਅਕ ਸੰਸਥਾ ਚੀਫ ਖਾਲਸਾ ਦੀਵਾਨ ਵੱਲੋਂ ਹਰ ਸਾਲ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਆਪਣੀ ਲਗਨ, ਮਿਹਨਤ ਅਤੇ ਨਿਸ਼ਠਾ ਨਾਲ ਸਿੱਖਿਆ ਦੇ ਖੇਤਰ ਵਿੱਚ ਕਾਬਿਲੇ-ਤਾਰੀਫ਼ ਕਾਰਗੁਜ਼ਾਰੀ ਕੀਤੀ ਹੋਵੇ। ਇਸੇ ਲੜੀ ਅਧੀਨ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦੀ ਕੰਪਿਊਟਰ ਅਧਿਆਪਿਕਾ ਮੈਡਮ ਦੀਪਾਂਜਲੀ ਸ਼ਰਮਾ ਨੂੰ ਚੀਫ ਖਾਲਸਾ ਦੀਵਾਨ ਵੱਲੋਂ ਸ੍ਰੀ ਅੰਮ੍ਰਿਤਸਰ ਵਿਖੇ ਕਰਵਾਏ ਗਏ ਇੱਕ ਸ਼ਾਨਦਾਰ ਸਮਾਰੋਹ ਦੌਰਾਨ ਸੰਸਥਾ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ ਅਤੇ ਉੱਚ ਅਧਿਕਾਰੀਆਂ ਵੱਲੋਂ ਬੈਸਟ ਟੀਚਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਸਬੰਧੀ ਗੱਲ ਕਰਦਿਆਂ ਦੀਪਾਂਜਲੀ ਸ਼ਰਮਾ ਨੇ ਕਿਹਾ ਕਿ ਸਾਡੇ ਸਕੂਲ ਦੇ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਅਤੇ ਸਮੂਹ ਸਟਾਫ ਨੇ ਜੋ ਵਿਸ਼ਵਾਸ ਮੇਰੇ ਵਿੱਚ ਜਤਾਇਆ ਹੈ ਮੈਂ ਉਸ ਵਿਸ਼ਵਾਸ ਤੇ ਹਮੇਸ਼ਾ ਖਰਾ ਉਤਰਾਂਗੀ। ਉਹਨਾਂ ਕਿਹਾ ਕਿ ਇਹ ਐਵਾਰਡ ਮੈਨੂੰ ਮੇਰੇ ਸਮੁੱਚੇ ਸਟਾਫ ਦੇ ਸਹਿਯੋਗ ਅਤੇ ਵਿਦਿਆਰਥੀਆਂ ਦੇ ਪਿਆਰ ਸਦਕਾ ਹੀ ਪ੍ਰਾਪਤ ਹੋਇਆ ਹੈ। ਉਹਨਾਂ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਅਤੇ ਸਾਰੀ ਮੈਨੇਜਮੈਂਟ ਟੀਮ ਦਾ ਤਹਿ-ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਇਸ ਸਨਮਾਨ ਲਈ ਯੋਗ ਸਮਝਿਆ। ਬੈਸਟ ਟੀਚਰ ਐਵਾਰਡ ਮਿਲਣ ਤੇ ਮੈਡਮ ਦੀਪਾਂਜਲੀ ਸ਼ਰਮਾ ਨੂੰ ਸਕੂਲ ਦੇ ਮੈਂਬਰ ਇੰਚਾਰਜ ਡਾ. ਪ੍ਰਭਜੋਤ ਕੌਰ, ਸ. ਇੰਦਰਜੀਤ ਸਿੰਘ, ਡਾਇਰੈਕਟਰ ਗੁਰਮਿੰਦਰ ਸਿੰਘ ਭੁੱਲਰ ਨੇ ਵੀ ਵਿਸ਼ੇਸ਼ ਮੁਬਾਰਕਬਾਦ ਦਿੱਤੀ। ਇਸ ਮੌਕੇ ਸੇਵਾ ਸਿੰਘ, ਰਣਜੋਧ ਸਿੰਘ, ਜਸਪ੍ਰੀਤ ਕੌਰ, ਸਤਿੰਦਰ ਕੌਰ, ਬਲਦੀਪ ਕੌਰ, ਨਿਸ਼ਾ ਰਾਣੀ, ਸਪਨਾ ਰਾਣੀ ਆਦਿ ਸਟਾਫ ਮੈਂਬਰਾਂ ਨੇ ਵੀ ਵਧਾਈ ਦਿੱਤੀ।

# ਸ੍ਰੀ ਅਖੰਡ ਪਾਠ ਸਾਹਿਬ ਦੀ ਦੂਜੀ ਲੜੀ ਆਰੰਭ

**ਗੁਰਾਇਆ (ਬਿੰਦਰ ਸੁੰਮਨ)**- ਡੇਰਾ ਦੁੱਧਾਧਾਰੀ ਬਾਬਾ ਬਸਾਉ ਜੀ ਪ੍ਰਬੰਧਕ ਕਮੇਟੀ ਪਿੰਡ ਰੂਪੋਵਾਲ ਵਲੋਂ ਗ੍ਰਾਮ ਪੰਚਾਇਤ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਡੇਰਾ ਦੁੱਧਾਧਾਰੀ ਬਾਬਾ ਬਸਾਉ ਜੀ ਨੂੰ ਸਮਰਪਿਤ 165ਵਾਂ ਛਿੰਝ ਮੇਲਾ 18, 19 ਸਤੰਬਰ ਨੂੰ ਸਰਪੰਚ ਪਰਮਜੀਤ ਕੌਰ ਤੇ ਕਮੇਟੀ ਪ੍ਰਧਾਨ ਗੁਰਦੀਪ ਸਿੰਘ ਢੇਸੀ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਨੂੰ ਲੈ ਕੇ ਸ੍ਰੀ ਅਖੰਡ ਪਾਠ ਸਾਹਿਬ ਦੀ ਦੂਜੀ ਲੜੀ ਆਰੰਭ ਕੀਤੀ ਗਈ ਜਿਨ੍ਹਾਂ ਦੇ ਭੋਗ 18 ਸਤੰਬਰ ਨੂੰ ਪਾਏ ਜਾਣਗੇ। ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਨਾਮਵਾਰ ਪੰਥਕ ਢਾਡੀ ਜਥਾ ਜਥੇਦਾਰ ਮੇਜਰ ਸਿੰਘ ਕੇਸਰਪੁਰ ਵਾਲੇ ਢਾਡੀ ਵਾਰਾ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਉਨ੍ਹਾਂ ਇਲਾਕੇ ਭਰ ਦੀਆ ਸਮੂਹ ਸੰਗਤਾਂ ਨੂੰ ਇਸ ਮੇਲੇ 'ਚ ਹੁੰਮ ਹੁੰਮਾ ਕੇ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਸਰਪੰਚ ਪਰਮਜੀਤ ਕੌਰ, ਕਮੇਟੀ ਪ੍ਰਧਾਨ ਗੁਰਦੀਪ ਸਿੰਘ, ਵਾਇਸ ਪ੍ਰਧਾਨ ਪਰਮਿੰਦਰ ਰਾਮ, ਕੈਸ਼ੀਅਰ ਤਲਜੀਤ ਸਿੰਘ ਢੇਸੀ, ਮਨਵੀਰ ਸਿੰਘ ਭੋਗਲ, ਸੋਮ ਪਾਲ, ਕੁਲਵਿੰਦਰ ਸਿੰਘ ਗਰੇਵਾਲ, ਭਾਗ ਰਾਮ, ਜਨਰਲ ਸੈਕਟਰੀ ਸੰਦੀਪ ਵਿਰਦੀ ਪੰਚ, ਬਲਵਿੰਦਰ ਸਿੰਘ ਪੰਚ, ਸਟੇਜ ਸੈਕਟਰੀ ਜਗਦੀਸ਼ ਮਹਿਮੀ ਪੰਚ, ਜਸਵਿੰਦਰ ਢੇਸੀ, ਲੇਖ ਰਾਜ ਕਟਾਰੀਆ, ਪੰਚ ਨਰਿੰਦਰ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਐੱਮ ਆਰ ਸਰਕਾਰੀ ਕਾਲਜ ਫਾਜ਼ਿਲਕਾ ਵਿਖੇ ਵਿਦਿਆਰਥੀਆਂ ਵੱਲੋਂ ਰੈਲੀ

## ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਭਲਕੇ ਡੀ ਸੀ ਦਫ਼ਤਰ ਅੱਗੇ ਪ੍ਰਦਰਸ਼ਨ



**ਫਾਜ਼ਿਲਕਾ (ਪਰਮਜੀਤ ਢਾਬਾਂ)**

ਨਵੀਂ ਸਿੱਖਿਆ ਨੀਤੀ 2020 ਤਹਿਤ ਸਬਜੈਕਟਾਂ ਵਿੱਚ ਹੋਏ ਵਾਧੇ ਨੂੰ ਵਾਪਸ ਕਰਵਾਉਣ, ਪੰਜਾਬ/ਪੰਜਾਬੀ ਯੂਨੀਵਰਸਿਟੀ ਵੱਲੋਂ ਫ਼ੀਸਾਂ ਵਿੱਚ ਕੀਤੇ ਵਾਧੇ ਨੂੰ ਵਾਪਸ ਕਰਵਾਉਣ, ਸਮੈਸਟਰ ਸਿਸਟਮ ਰੱਦ ਕਰਕੇ ਐਨੂਅਲ ਸਿਸਟਮ ਲਾਗੂ ਕਰਵਾਉਣ ਅਤੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਵਿਦਿਆਰਥੀਆਂ ਦੀਆਂ ਇੱਕ ਸਾਲ ਦੀਆਂ ਫੀਸਾਂ ਮਾਫ਼ ਕਰਵਾਉਣ ਲਈ ਸੂਬਾ ਪੱਧਰੀ ਸੱਦੇ ਤਹਿਤ ਐੱਮ ਆਰ ਸਰਕਾਰੀ ਕਾਲਜ ਫਾਜ਼ਿਲਕਾ ਵਿਖੇ ਵਿਦਿਆਰਥੀਆਂ ਦਾ ਇਕੱਠ ਕਰਕੇ ਰੈਲੀ ਕੀਤੀ ਗਈ ਅਤੇ 18 ਸਤੰਬਰ ਨੂੰ ਵੱਡੀ ਗਿਣਤੀ ਵਿਦਿਆਰਥੀਆਂ ਵੱਲੋਂ ਡੀ ਸੀ ਦਫ਼ਤਰ ਸਾਹਮਣੇ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ।

ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਮਲਜੀਤ ਮੁਹਾਰਖੀਵਾ, ਜ਼ਿਲ੍ਹਾ ਸਕੱਤਰ ਮਮਤਾ ਲਾਧੂਕਾ ਨੇ ਕਿਹਾ ਕਿ ਪੰਜਾਬ ਸਰਕਾਰ, ਕੇਂਦਰ ਸਰਕਾਰ ਵੱਲੋਂ ਥੋਪੀ ਹੋਈ ਨਵੀਂ ਸਿੱਖਿਆ ਨੀਤੀ 2020 ਨੂੰ ਤੇਜ਼ੀ ਨਾਲ ਪੰਜਾਬ ਦੀਆਂ ਵਿੱਦਿਅਕ ਸੰਸਥਾਵਾਂ ਅੰਦਰ ਲਾਗੂ ਕਰਨ ਲੱਗੀ ਹੋਈ ਹੈ, ਜਿਸ ਦੇ ਤਹਿਤ ਵਿਦਿਆਰਥੀਆਂ ਦੇ ਵਿਸ਼ਿਆਂ ਵਿੱਚ ਵਾਧਾ ਕੀਤਾ ਗਿਆ ਹੈ, ਜੋ ਕਿ ਵਿਦਿਆਰਥੀਆਂ 'ਤੇ ਬੇਲੋੜਾ ਬੋਝ ਹੈ।ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਆਗੂ ਆਦਿੱਤਿਆ ਫਾਜ਼ਿਲਕਾ ਤੇ ਦਿਲਕਰਨ ਰਤਨਪੁਰਾ ਨੇ ਕਿਹਾ ਕਿ 2013 ਤੋਂ ਬਾਅਦ ਸਾਡੀਆਂ ਵਿੱਦਿਅਕ ਸੰਸਥਾਵਾਂ ਅੰਦਰ ਸਮੈਸਟਰ ਸਿਸਟਮ ਲਾਗੂ ਕਰ ਦਿੱਤਾ ਗਿਆ, ਜਿਸ ਕਾਰਨ ਵਿਦਿਆਰਥੀਆਂ ਕੋਲ ਆਪਣੀ ਪੜ੍ਹਾਈ ਕਰਨ ਲਈ ਸਮਾਂ ਬਹੁਤ ਘੱਟ ਰਹਿ ਜਾਂਦਾ ਹੈ, ਜਿਸ ਕਾਰਨ ਵਿਦਿਆਰਥੀਆਂ ਦੀਆਂ ਸਪਲੀਆਂ ਆਉਂਦੀਆਂ ਹਨ ਤੇ ਵਿਦਿਆਰਥੀ ਆਪਣੀ ਪੜ੍ਹਾਈ ਛੱਡਣ ਲਈ ਮਜਬੂਰ ਹਨ।

ਅੰਤ ਨਵੀਂ ਸਿੱਖਿਆ ਨੀਤੀ 2020 ਰੱਦ ਕਰਵਾਉਣ, ਨੌਕਰੀਆਂ ਵਿੱਚ ਪੰਜਾਬ ਵਾਸੀਆਂ ਲਈ 90 ਪ੍ਰਤੀਸ਼ਤ ਰਾਂਖਵਾਂਕਰਨ ਦਾ ਕਾਨੂੰਨ ਬਣਾਉਣ, ਮੇਜਰ/ਮਾਈਨਰ ਵਿਸ਼ਿਆਂ ਦੇ ਨਾਮ ਤੇ ਵਿਦਿਆਰਥੀਆਂ ਉੱਪਰ ਪਾਏ ਵਾਧੂ ਬੋਝ ਨੂੰ ਘੱਟ ਕਰਵਾਉਣ, ਸਮੈਸਟਰ ਸਿਸਟਮ ਰੱਦ ਕਰਕੇ ਐਨੂਅਲ ਸਿਸਟਮ ਬਹਾਲ ਕਰਵਾਉਣ, ਯੂਨਿਵਰਸਿਟੀ ਵੱਲੋਂ ਫੀਸਾਂ ਵਿੱਚ ਕੀਤੇ ਵਾਧੇ ਨੂੰ ਵਾਪਸ ਕਰਵਾਉਣ ਤੇ ਹੜ੍ਹ ਪੀੜਤ ਵਿਦਿਆਰਥੀਆਂ ਦੀਆਂ ਫੀਸਾਂ ਮਾਫ਼ ਕਰਵਾਉਣ ਲਈ ਵੱਡੀ ਗਿਣਤੀ ਵਿੱਚ ਵਿਦਿਆਰਥੀ ਵੱਲੋਂ ਡੀ ਸੀ ਦਫ਼ਤਰ ਫਾਜ਼ਿਲਕਾ ਪਹੁੰਚ ਕੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦੇਣ ਦਾ ਐਲਾਨ ਕੀਤਾ ਗਿਆ।ਇਸ ਮੌਕੇ ਅਮਨ ਰਾਣੀ, ਕਿਰਨਾ ਰਾਣੀ, ਸੋਨੀਆ, ਸੁਰਜੀਤ ਕੌਰ, ਅਨੀਤਾ, ਗੀਤੂ ਬਾਲਾ, ਰਜਨੀ ਬਾਲਾ, ਜੋਤੀ ਬਾਲਾ, ਸੁਨੀਤਾ ਰਾਣੀ, ਹਰਸ਼, ਅਰਸ਼ਦੀਪ ਸਿੰਘ, ਸਾਜਨ, ਵਿਕਰਮ, ਕ੍ਰਿਸ਼, ਸੋਨੂੰ, ਗਗਨਦੀਪ ਸਿੰਘ, ਵਿੱਕੀ, ਸੁਖਦੇਵ ਸਿੰਘ ਤੇ ਹੋਰ ਵੀ ਵਿਦਿਆਰਥੀ ਹਾਜ਼ਰ ਸਨ।

## ਟਵਿੰਕਲ ਨੇ ਗੋਲਕ ਤੋੜ ਕੇ 4640 ਰੁਪਏ ਹੜ੍ਹ ਪੀੜਤਾਂ ਲਈ ਕੀਤੇ ਦਾਨ



**ਬਠਿੰਡਾ (ਪਰਵਿੰਦਰਜੀਤ ਸਿੰਘ)**-ਡੀ.ਸੀ. ਸ਼੍ਰੀ ਰਾਜੇਸ਼ ਧੀਮਾਨ ਨੂੰ ਪੰਜਾਬ ਵਿੱਚ ਹੜ੍ਹ ਤੇ ਬਰਸਾਤੀ ਪਾਣੀ ਦੀ ਮਾਰ ਹੇਠ ਆਏ ਇਨਸਾਨਾਂ ਦੀ ਮਦਦ ਦੇ ਨਾਲ-ਨਾਲ ਬੇਜ਼ੁਬਾਨ ਪਸ਼ੂਆਂ ਲਈ ਭਾਰਤੀ ਮਾਡਲ ਸਕੂਲ ਦੀ 10ਵੀਂ ਜਮਾਤ ਦੀ ਵਿਦਿਆਰਥਣ ਟਵਿੰਕਲ ਨੇ ਆਪਣਾ ਗੋਲਕ ਤੋੜ ਕੇ 4640 ਰੁਪਏ ਦਾਨ ਕੀਤੇ।ਡੀ.ਸੀ. ਨੇ ਟਵਿੰਕਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਜਿੱਥੇ ਇਸ ਨੇਕ ਕਾਰਜ ਦੀ ਸ਼ਲਾਘਾ ਕੀਤੀ, ਉਥੇ ਹੀ ਜ਼ਿੰਦਗੀ ਵਿੱਚ ਸਖਤ ਮਿਹਨਤ ਕਰਕੇ ਆਪਣੇ ਮਾਤਾ-ਪਿਤਾ ਦਾ ਨਾਂਅ ਰੋਸ਼ਨ ਕਰਨ ਦੇ ਨਾਲ-ਨਾਲ ਦੇਸ਼ ਦੀ ਸੇਵਾ ਕਰਨ ਲਈ ਵੀ ਪ੍ਰੇਰਤ ਕੀਤਾ।

## ਅੱਠਵੀਂ 'ਚ ਪੜ੍ਹਦੀਆਂ ਲੜਕੀਆਂ ਨੂੰ ਦਿੱਤੇ ਸਾਈਕਲ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਸਰਕਾਰੀ ਸੈਕੰਡਰੀ ਸਕੂਲ ਮਲਕਾਣਾ ਵਿਖੇ ਸਰਪੰਚ ਰਾਮਪਾਲ ਸਿੰਘ ਸਿੱਧੂ, ਗ੍ਰਾਮ ਪੰਚਾਇਤ ਦੇ ਮੈਂਬਰ ਸਾਹਿਬਾਨ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਪਾਲ ਸਿੰਘ ਸਿੱਧੂ ਦੀ ਰਹਿਨੁਮਾਈ ਹੇਠ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਵੱਲੋਂ ਅੱਠਵੀਂ ਜਮਾਤ 'ਚ ਪੜ੍ਹਦੀਆਂ ਸਾਰੀਆਂ ਲੜਕੀਆਂ ਨੂੰ ਸਾਈਕਲ ਵੰਡੇ ਗਏ।ਗੁਰੂ ਗੋਬਿੰਦ ਸਿੰਘ ਰਿਫਾਇਨਰੀ ਦਾ ਇਹ ਬਹੁਤ ਹੀ ਵਧੀਆ ਉੱਦਮ ਹੈ, ਜਿਸ ਨਾਲ ਲੜਕੀਆਂ ਨੂੰ ਸਕੂਲ ਆਉਣ-ਜਾਣ ਵਿੱਚ ਸੌਖ ਹੁੰਦੀ ਹੈ।ਪਿਛਲੇ ਲਗਭਗ ਕਈ ਸਾਲਾਂ ਤੋਂ ਇਹ ਸੇਵਾ ਰਿਫਾਇਨਰੀ ਵੱਲੋਂ ਅੱਠਵੀਂ 'ਚ ਪੜ੍ਹਦੀਆਂ ਲੜਕੀਆਂ ਨੂੰ ਹਰ ਸਾਲ ਸਾਈਕਲ ਵੰਡ ਕੇ ਕੀਤੀ ਜਾ ਰਹੀ ਹੈ।ਇਸ ਸਾਲ ਅੱਠਵੀਂ ਦੀਆਂ 27 ਲੜਕੀਆਂ ਨੂੰ ਇਹ ਸਾਈਕਲ ਵੰਡੇ ਗਏ।

## ਅੰਤਮ ਅਰਦਾਸ ਸਮਾਗਮ ਮੌਕੇ ਮਿਸ਼ਨ ਲਾਲੀ ਤੇ ਹਰਿਆਲੀ ਵੱਲੋਂ ਖੂਨਦਾਨ ਕੈਂਪ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਮਨੁੱਖਤਾ ਦੇ ਭਲੇ ਲਈ ਨੇੜਲੇ ਪਿੰਡ ਬਿਰੜਵਾਲ ਵਿਖੇ ਸਵ. ਮਾਤਾ ਜਰਨੈਲ ਕੌਰ ਦੀ ਅੰਤਮ ਅਰਦਾਸ ਸਮਾਗਮ ਮੌਕੇ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਮਿਸ਼ਨ ਲਾਲੀ ਤੇ ਹਰਿਆਲੀ ਵੱਲੋਂ ਖੂਨਦਾਨ ਕੈਂਪ ਲਾਇਆ ਗਿਆ।ਕੈਂਪ 'ਚ 11 ਵਲੰਟੀਅਰਾਂ ਨੇ ਖੂਨਦਾਨ ਕੀਤਾ।ਵਲੰਟੀਅਰਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕਰਦਿਆਂ ਐਡਵੋਕੇਟ ਸਤਬੀਰ ਸਿੰਘ ਖੱਟੜਾ ਚੇਅਰਮੈਨ ਦੀ ਪਟਿਆਲਾ ਵੈਲਫੇਅਰ ਸੁਸਾਇਟੀ ਨੇ ਕਿਹਾ ਕਿ ਖੂਨਦਾਨ ਦੁਨੀਆਂ ਦਾ ਸਭ ਤੋਂ ਵਡਮੁੱਲਾ ਦਾਨ ਹੈ, ਇਸ ਨਾਲ ਕਿਸੇ ਲੋੜਵੰਦ ਮਰੀਜ਼ ਦੀ ਜਾਨ ਬਚਾਈ ਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਮਾਜ ਸੇਵੀ ਕੰਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ।ਐਡਵੋਕੇਟ ਖੱਟੜਾ ਨੇ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਤੇ ਸਾਥੀਆਂ ਵੱਲੋਂ ਕੀਤੀ ਜਾ ਰਹੀ ਸੇਵਾ ਦੀ ਸ਼ਲਾਘਾ ਕੀਤਾ ਤੇ ਜਲਦ ਹੀ ਵਿਸ਼ਾਲ ਖੂਨਦਾਨ ਕੈਂਪ ਲਗਾਉਣ ਦਾ ਵਾਅਦਾ ਵੀ ਕੀਤਾ।

## 60 ਗ੍ਰਾਮ ਹੈਰੋਇਨ ਤੇ 50,800 ਰੁਪਏ ਡਰੱਗ ਮਨੀ ਸਮੇਤ 3 ਗ੍ਰਿਫ਼ਤਾਰ



**ਜਲਾਲਾਬਾਦ (ਜੀਤ ਕੁਮਾਰ)**-ਪੁਲਸ ਵੱਲੋਂ 50 ਗ੍ਰਾਮ ਹੈਰੋਇਨ, ਇੱਕ ਮੋਬਾਇਲ ਫੋਨ ਸਮੇਤ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਂਚ ਅਧਿਕਾਰੀ ਐਸ.ਆਈ. ਅਮਨਦੀਪ ਕੌਰ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਥਾਣਾ ਸਿਟੀ ਏਰੀਏ ਵਿੱਚ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਗੁਰਮੀਤ ਸਿੰਘ ਉਰਫ਼ ਪੀਤੂ ਪੁੱਤਰ ਪੂਰਨ ਸਿੰਘ ਅਤੇ ਪੂਜਾ ਰਾਣੀ ਪਤਨੀ ਸੁਨੀਲ ਕੁਮਾਰ ਵਾਸੀਆਨ ਢਾਬ ਖੁਸ਼ਹਾਲ ਜੋਈਆ ਹੈਰੋਇਨ ਵੇਚਣ ਦੇ ਆਦੀ ਹਨ, ਜੋ ਹੁਣ ਵੀ ਦਾਣਾ ਮੰਡੀ ਸ਼ੈੱਡ ਦੇ ਕੋਲ ਆਪਣੇ ਗਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ, ਜੇਕਰ ਹੁਣੇ ਰੇਡ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ। ਇਹ ਇਤਲਾਹ ਠੋਸ ਤੇ ਭਰੋਸੇਯੋਗ ਹੋਣ 'ਤੇ ਪੁਲਿਸ ਪਾਰਟੀ ਨੇ ਛਾਪੇਮਾਰੀ ਕਰਕੇ ਗੁਰਮੀਤ ਸਿੰਘ ਉਰਫ ਪੀਤੂ ਅਤੇ ਪੂਜਾ ਰਾਣੀ ਨੂੰ 50 ਗ੍ਰਾਮ ਹੈਰੋਇਨ ਅਤੇ ਇਕ ਮੋਬਾਇਲ ਫੋਨ ਸਮੇਤ ਕਾਬੂ ਕਰ ਲਿਆ। ਥਾਣਾ ਸਿਟੀ ਜਲਾਲਾਬਾਦ ਵਿਖੇ ਧਾਰਾ 21/61/85 ਐਨ.ਡੀ.ਪੀ.ਐਸ. ਐਕਟ ਤਹਿਤ ਮੁਕੱਦਮਾ ਨੰਬਰ 126 ਦਰਜ ਕੀਤਾ ਗਿਆ ਹੈ। ਉਧਰ, ਥਾਣਾ ਵੈਰੋਕੇ ਦੀ ਪੁਲਸ ਵੱਲੋਂ ਇਕ ਔਰਤ ਨੂੰ 10 ਗ੍ਰਾਮ ਹੈਰੋਇਨ ਤੇ 50 ਹਜਾਰ 800 ਰੁਪਏ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਿਸ ਪਾਰਟੀ ਥਾਣਾ ਵੈਰੋਕੇ ਦੇ ਇਲਾਕੇ ਵਿੱਚ ਗਸ਼ਤ ਕਰ ਰਹੇ ਸੀ ਤੇ ਬਾਹਮਣੀਵਾਲਾ ਦੇ ਨਜ਼ਦੀਕ ਸੇਮਨਾਲਾ ਦੇ ਕੋਲ ਸ਼ੱਕ ਦੇ ਅਧਾਰ 'ਤੇ ਇੱਕ ਔਰਤ ਨੂੰ ਰੋਕ ਕੇ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ 10 ਗ੍ਰਾਮ ਹੈਰੋਇਨ ਅਤੇ 50 ਹਜ਼ਾਰ 800 ਰੁਪਏ ਭਾਰਤੀ ਕਰੰਸੀ ਡਰੱਗ ਮਨੀ ਸਮੇਤ ਕਾਬੂ ਕਰ ਲਿਆ। ਥਾਣਾ ਵੈਰੋਕੇ ਦੀ ਪੁਲਿਸ ਵੱਲੋਂ ਮੁਕੱਦਮਾ ਨੰਬਰ 125 ਮਿਤੀ 14-09-2025 ਨੂੰ ਧਾਰਾ 21/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਬਹੁ-ਮੰਜ਼ਲੀ ਸਰਕਾਰੀ ਕੰਨਿਆ ਸਕੂਲ ਦੀ ਇਮਾਰਤ ਦਾ ਡੀ.ਪੀ.ਆਈ. ਸਕੂਲਜ਼ ਵੱਲੋਂ ਨਰੀਖਣ



**ਮਾਲੇਰਕੋਟਲਾ (ਅਸਗਰ ਪਰਹਾਰ)**-ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਨੂੰ ਮਜ਼ਬੂਤ ਕਰਨ ਤੇ ਵਿਦਿਆਰਥਣਾਂ ਨੂੰ ਬਿਹਤਰ ਸਿੱਖਿਆ ਸਹੂਲਤਾਂ ਉਪਲਬਧ ਕਰਾਉਣ ਦੇ ਉਦੇਸ਼ ਨਾਲ 06 ਕਰੋੜ 34 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਮਾਲੇਰਕੋਟਲਾ ਦੀ ਬਹੁਮੰਜ਼ਲਾ ਇਮਾਰਤ ਦਾ ਡੀ.ਪੀ.ਆਈ (ਸੈਕੰਡਰੀ) ਗੁਰਿੰਦਰ ਸਿੰਘ ਸੋਢੀ ਵੱਲੋਂ ਨਰੀਖਣ ਕੀਤਾ ਗਿਆ।ਇਸ ਮੌਕੇ ਸਬ-ਡਵੀਜ਼ਨਲ ਮੈਜਿਸਟ੍ਰੇਟ ਮਾਲੇਰਕੋਟਲਾ ਗੁਰਮੀਤ ਕੁਮਾਰ ਬਾਂਸਲ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਤਰਵਿੰਦਰ ਕੌਰ, ਡੀ.ਐਸ.ਪੀ. ਮਾਨਵਜੀਤ ਸਿੰਘ ਤੇ ਐਸ.ਡੀ.ਓ ਬਲਪ੍ਰੀਤ ਸਿੰਘ ਵੀ ਮੌਜੂਦ ਸਨ। ਇਸ ਮੌਕੇ ਅਧਿਕਾਰੀਆਂ ਵੱਲੋਂ ਨਵੀਂ ਇਮਾਰਤ ਦੀਆਂ ਸਾਰੀਆਂ ਸਹੂਲਤਾਂ ਦਾ ਜਾਇਜ਼ਾ ਲਿਆ ਗਿਆ ਤੇ ਇਹ ਵਿਸ਼ਵਾਸ ਦਿਵਾਇਆ ਗਿਆ ਕਿ ਜਲਦ ਹੀ ਇਸ ਇਮਾਰਤ ਨੂੰ ਸਕੂਲ ਪ੍ਰਸ਼ਾਸਨ ਦੇ ਸਪੁਰਦ ਕਰ ਦਿੱਤਾ ਜਾਵੇਗਾ ਤਾਂ ਜੋ ਵਿਦਿਆਰਥਣਾਂ ਨੂੰ ਆਧੁਨਿਕ ਅਤੇ ਸੁਵਿਧਾਜਨਕ ਕਲਾਸਰੂਮਾਂ ਵਿੱਚ ਪੜ੍ਹਾਈ ਦਾ ਮੌਕਾ ਮਿਲ ਸਕੇ।ਡੀ.ਪੀ.ਆਈ. ਸਕੂਲ ਗੁਰਿੰਦਰ ਸਿੰਘ ਸੋਢੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਕੂਲਾਂ ਨੂੰ ਆਧੁਨਿਕ ਬਣਾਉਣ ਦੇ ਯਤਨ ਜਾਰੀ ਹਨ। ਨਵੀਆਂ ਇਮਾਰਤਾਂ, ਸਮਾਰਟ ਕਲਾਸਾਂ, ਡਿਜ਼ੀਟਲ ਲੈਬਾਂ ਅਤੇ ਖੇਡਾਂ ਦੀਆਂ ਸਹੂਲਤਾਂ ਨਾਲ ਸਰਕਾਰੀ ਸਕੂਲ ਹੁਣ ਪ੍ਰਾਈਵੇਟ ਸਕੂਲਾਂ ਨੂੰ ਟੱਕਰ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਮਾਲੇਰਕੋਟਲਾ ਦੀਆਂ ਕੁੜੀਆਂ ਲਈ ਇਹ ਬਣ ਰਹੀ ਇਹ ਆਧੁਨਿਕ ਇਮਾਰਤ ਸਿੱਖਿਆ ਖੇਤਰ ਵਿੱਚ ਮੀਲ ਪੱਥਰ ਸਾਬਤ ਹੋਵੇਗੀ। ਸਬ ਡਵੀਜ਼ਨ ਮੈਜਿਸਟ੍ਰੇਟ ਗੁਰਮੀਤ ਕੁਮਾਰ ਬਾਂਸਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹਰ ਪੱਧਰ 'ਤੇ ਸਕੂਲਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸਕੂਲ ਦੀ ਨਵੀਂ ਇਮਾਰਤ ਨਾਲ ਇਲਾਕੇ ਦੀਆਂ ਸੈਂਕੜੇ ਵਿਦਿਆਰਥਣਾਂ ਨੂੰ ਲਾਭ ਹੋਵੇਗਾ।

## ਹੜ੍ਹ ਪੀੜਤਾਂ ਲਈ ਕੈਮਿਸਟ ਐਂਡ ਡਰੱਗਿਸਟ ਐਸੋਸੀਏਸ਼ਨ ਦਾ ਵੱਡਾ ਯੋਗਦਾਨ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਹੜ੍ਹ ਪੀੜਤਾਂ ਦੀ ਮਦਦ ਲਈ ਕੈਮਿਸਟ ਐਂਡ ਡਰੱਗਿਸਟ ਐਸੋਸੀਏਸ਼ਨ ਸੁਨਾਮ ਨੇ ਰਜਿ ਜਿੰਦਲ (ਜ਼ਿਲ੍ਹਾ ਪ੍ਰਧਾਨ ਕੈਮਿਸਟ ਐਸੋਸੀਏਸ਼ਨ ਸੰਗਰੂਰ) ਦੀ ਅਗਵਾਈ ਹੇਠ ਇਕ ਵੱਡਾ ਕਦਮ ਚੁੱਕਿਆ ਗਿਆ ਹੈ।ਇਸ ਪ੍ਰੋਜੈਕਟ ਤਹਿਤ ਐਸੋਸੀਏਸ਼ਨ ਨੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਲੋੜੀਂਦੀਆਂ ਦਵਾਈਆਂ ਸਿਵਲ ਹਸਪਤਾਲ ਸੁਨਾਮ ਦੇ ਕਾਰਜਕਾਰੀ ਐਸ.ਐਮ.ਓ. ਡਾ. ਕਸ਼ੀਸ਼ ਅਗਰਵਾਲ ਨੂੰ ਸੌਂਪੀਆਂ।ਇਸ ਮੌਕੇ ਤਰਲੋਕ ਗੋਇਲ (ਗੋਇਲ ਮੈਡੀਕੋਜ਼), ਪ੍ਰਸ਼ਿੰਦਰ ਸਿੰਘ (ਲਾਈਫਲਾਈਨ ਫਾਰਮੇਸੀ), ਸੁਸ਼ੀਲ ਕੁਮਾਰ (ਐਸ.ਐਮ. ਏਜੰਸੀ), ਸੁਰਿੰਦਰਪਾਲ ਸਿੰਗਲਾ (ਵਿਨੋਦ ਮੈਡੀਕਲ ਹਾਲ), ਗੁਰਮੀਤ ਸਿੰਘ (ਗੁਰਮੀਤ ਮੈਡੀਕੋਜ਼), ਰਾਜੀਵ ਕੁਮਾਰ (ਸੀ.ਐਮ. ਮੈਡੀਕੋਜ਼), ਅਭਿਸ਼ੇਕ ਕੁਮਾਰ (ਡਾਕਟਰ ਮੈਡੀਕੋਜ਼), ਅਸ਼ੀਸ਼ ਜੈਨ (ਮੁਕੰਦ ਐਂਡ ਕੰਪਨੀ), ਸੁਰੇਸ਼ ਗਰਗ (ਗਰਗ ਮੈਡੀਸਨ ਟਰੇਡਰਜ਼), ਬੰਟੀ (ਐਮ.ਕੇ. ਮੈਡੀਕੋਜ਼), ਭੂਸ਼ਨ ਕਾਂਸਲ ਤੇ ਮਾਨ ਐਨ. ਕਾਂਸਲ (ਸ਼ਿਵ ਫਾਰਮੇਸੀ), ਸ਼ੰਕਰ ਮੈਡੀਕਲ ਹਾਲ, ਲਖਵਿੰਦਰ ਸਿੰਘ (ਲਖਵਿੰਦਰ ਮੈਡੀਕਲ ਹਾਲ), ਕਮਲਦੀਪ ਮਿੱਤਲ (ਜੇ.ਐਮ. ਮੈਡੀਕੋਜ਼), ਦੀਪਕ ਮਿੱਤਲ (ਮਿੱਤਲ ਮੈਡੀਕੋਜ਼) ਤੇ ਵਿਨੋਦ ਸਿੰਗਲਾ (ਪੂਜਾ ਮੈਡੀਕਲ ਸਟੋਰ) ਹਾਜ਼ਰ ਰਹੇ।

## ਕੁੱਟਮਾਰ ਦੇ ਦੋਸ਼ 'ਚ 6 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਇੱਕ ਵਿਅਕਤੀ ਨੂੰ ਮਾਰ ਦੇਣ ਦੀ ਨੀਅਤ ਨਾਲ ਸੱਟਾਂ ਮਾਰ ਕੇ ਜ਼ਖਮੀਂ ਕਰਨ ਦੇ ਦੋਸ਼ ਵਿੱਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ 5 ਬਾਏ ਨੇਮ ਲੋਕਾਂ ਅਤੇ ਇੱਕ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਣਜੀਤ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਪਿੰਡ ਸੁਰ ਸਿੰਘ ਵਾਲਾ ਨੇ ਦੱਸਿਆ ਕਿ 13 ਸਤੰਬਰ 2025 ਨੂੰ ਉਹ ਸਮੇਤ ਆਪਣੇ ਪਰਵਾਰ ਦੇ ਦੁਪਹਿਰ 2 ਵਜੇ ਕਾਰ 'ਤੇ ਸਵਾਰ ਹੋ ਕੇ ਆਪਣੇ ਸਹੁਰੇ ਘਰ ਪਿੰਡ ਰੋਡੇ ਵਾਲਾ ਆਪਣੇ ਬੀਮਾਰ ਸਹੁਰੇ ਦਾ ਪਤਾ ਲੈਣ ਗਿਆ ਸੀ। ਜਦ ਉਹ ਆਪਣੇ ਸਹੁਰੇ ਘਰ ਅੰਦਰ ਵੜਿਆ ਤਾਂ ਉਸ ਨੇ ਵੇਖਿਆ ਕਿ ਉਸ ਦੇ ਸਹੁਰੇ ਦੇ ਸੱਟ ਲੱਗੀ ਹੋਈ ਸੀ ਤਾਂ ਉਸ ਨੇ ਪੁੱਛਿਆ ਕਿ ਸੱਟ ਕਿਵੇਂ ਲੱਗੀ ਹੈ ਤਾਂ ਤਰਸੇਮ ਸਿੰਘ ਪੁੱਤਰ ਬਲਕਾਰ ਸਿੰਘ, ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਤਰਸੇਮ ਸਿੰਘ, ਮਨਜੀਤ ਕੌਰ ਪਤਨੀ ਤਰਸੇਮ ਸਿੰਘ ਵਾਸੀਅਨ ਰੋਡੇ ਵਾਲਾ, ਗੁਰਮੇਜ ਸਿੰਘ ਪੁੱਤਰ ਸੁਖਚੈਨ ਸਿੰਘ ਵਾਸੀ ਬਾਰੇ ਕੇ, ਗੁਰਮੀਤ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪੀਰੂ ਵਾਲਾ ਰੋਡੇ ਵਾਲਾ ਤੇ ਇੱਕ ਅਣਪਛਾਤਾ ਵਿਅਕਤੀ ਮੌਕੇ 'ਤੇ ਖੜੇ ਸਨ, ਜੋ ਤਹਿਸ ਵਿੱਚ ਆ ਗਏ ਤੇ ਜਿਨ੍ਹਾਂ ਆਪੋ ਆਪਣੇ ਹਥਿਆਰਾਂ ਨਾਲ ਉਸ ਨੂੰ ਮਾਰ ਦੇਣ ਦੀ ਨੀਅਤ ਨਾਲ ਉਸ ਦੇ ਸੱਟਾਂ ਮਾਰੀਆਂ। ਰਣਜੀਤ ਸਿੰਘ ਨੇ ਦੱਸਿਆ ਕਿ ਲੋਕਾਂ ਦਾ ਇਕੱਠ ਹੁੰਦਾ ਵੇਖ ਕੇ ਉਕਤ ਦੋਸ਼ੀਆਨ ਆਪੋ ਆਪਣੇ ਹਥਿਆਰਾਂ ਸਮੇਤ ਮੌਕੇ ਤੋਂ ਭੱਜ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਮੇਜ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।

## ਸਾਰੇ ਮੁਲਕ ਦਾ ਢਿੱਡ ਭਰਨ ਵਾਲਾ ਪੰਜਾਬ ਕਦੇ ਮੰਗਤਾ ਨਹੀਂ ਬਣ ਸਕਦਾ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਭਾਰਤ ਦੇ ਹੁਕਮਰਾਨ ਹਮੇਸ਼ਾ ਆਪਣੇ ਮਨ ਵਿੱਚ ਪੰਜਾਬੀਆਂ ਤੇ ਸਿੱਖ ਕੌਮ ਪ੍ਰਤੀ ਨਫਰਤ ਭਰੀ ਮੰਦਭਾਵਨਾ ਰੱਖ ਕੇ ਹੀ ਅਮਲ ਕਰਦੇ ਆ ਰਹੇ ਹਨ।ਸ਼ੁਰੂ ਤੋਂ ਹੀ ਇਨ੍ਹਾਂ ਦੀ ਸੋਚ ਮਨੁੱਖਤਾ ਵਿਰੋਧੀ ਤੇ ਇਨਸਾਨੀਅਤ ਵਿਰੋਧੀ ਰਾਹੀ ਹੈ ਕਿ ਜੋ ਪੰਜਾਬ ਸੂਬਾ ਸਾਰੇ ਮੁਲਕ ਦਾ ਢਿੱਡ ਭਰਦਾ ਹੈ ਤੇ ਮੁਲਕ ਦੀਆਂ ਸਰਹੱਦਾਂ 'ਤੇ ਆਪਣੀਆਂ ਕੁਰਬਾਨੀਆਂ ਤੇ ਸ਼ਹਾਦਤਾਂ ਦੇ ਕੇ ਰਾਖੀ ਕਰਦਾ ਆ ਰਿਹਾ ਹੈ, ਉਸ ਨੂੰ ਮਾਲੀ, ਸਮਾਜਿਕ, ਧਾਰਮਿਕ ਤੇ ਇਖਲਾਕੀ ਤੌਰ 'ਤੇ ਘਸਿਆਰਾ ਬਣਾ ਕੇ ਇਨ੍ਹਾਂ ਗੈਰ ਇਖਲਾਕੀ ਹੁਕਮਰਾਨਾਂ ਦਾ ਗੁਲਾਮ ਬਣਾਇਆ ਜਾ ਸਕੇ, ਜਦੋਂਕਿ ਸਮੁੱਚੇ ਸੰਸਾਰ ਨੂੰ ਤੇ ਇਨ੍ਹਾਂ ਨੂੰ ਇਹ ਜਾਣਕਾਰੀ ਹੈ ਕਿ ਮੁਲਕ ਦਾ ਢਿੱਡ ਭਰਨ ਵਾਲਾ ਤੇ ਸਰਹੱਦਾਂ ਤੇ ਰਾਖੀ ਕਰਦੇ ਹੋਏ ਸ਼ਹਾਦਤਾਂ ਦੇਣ ਵਾਲਾ ਪੰਜਾਬ ਸੂਬਾ ਪੰਜਾਬੀ ਤੇ ਸਿੱਖ ਕੌਮ ਕਦੀ ਵੀ ਮੰਗਤਾ ਨਹੀਂ ਬਣ ਸਕਦੇ ਅਤੇ ਨਾ ਹੀ ਇਨ੍ਹਾਂ ਦੀਆਂ ਅਜਿਹੀਆ ਮੰਦਭਾਵਨਾ ਭਰੀ ਸੋਚ ਨੂੰ ਕਦੀ ਬੂਰ ਪੈ ਸਕਦਾ ਹੈ।ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਭਾਜਪਾ ਦੇ ਆਗੂ ਸ੍ਰੀ ਜਾਖੜ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੰਜਾਬ ਸੂਬੇ ਲਈ ਹੋਰ ਰਾਹਤ ਫੰਡ ਪ੍ਰਾਪਤ ਕਰਨ ਲਈ ਮੋਦੀ ਨੂੰ ਮਿਲ ਕੇ ਲਿਲਕੜੀਆਂ ਕੱਢਣ ਦੀ ਦਿੱਤੀ ਗਈ ਪੰਜਾਬ ਦੀ ਅਣਖ ਵਿਰੋਧੀ ਰਾਏ ਉਤੇ ਤਿੱਖਾ ਪ੍ਰਤੀਕਰਮ ਜ਼ਾਹਰ ਕਰਦੇ ਹੋਏ ਤੇ ਇਸ ਮਸਲੇ ਉਤੇ ਪੰਜਾਬੀ ਦੀ ਕਹਾਵਤ 'ਜਦੋਂ ਗਿੱਦੜ ਦੇ ਗੂੰਹ ਦੀ ਲੋੜ ਪੈਂਦੀ ਹੈ ਤਾਂ ਉਹ ਪਹਾੜੀ ਚੜ੍ਹ ਜਾਂਦਾ ਹੈ' ਨਾਲ ਸੈਂਟਰ ਦੇ ਹੁਕਮਰਾਨਾਂ ਨੂੰ ਤਸਵੀਹ ਦਿੰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਇਹ ਮੁਤੱਸਵੀ ਹਿੰਦੂਤਵ ਹੁਕਮਰਾਨ ਬਿਲਕੁਲ ਭੁੱਲ ਚੁੱਕੇ ਹਨ ਕਿ ਜਿਸ ਹਿੰਦੂ ਧਰਮ ਤੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਤੋ ਬਚਾਉਣ ਲਈ ਸਾਡੇ ਗੁਰੂ ਸਾਹਿਬਾਨ ਨੇ ਮਹਾਨ ਕੁਰਬਾਨੀਆਂ ਅਤੇ ਸ਼ਹਾਦਤਾਂ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ ਤੇ ਅਹਿਮਦ ਸ਼ਾਹ ਅਬਦਾਲੀ ਤੇ ਨਾਦਰ ਸਾਹ ਵਰਗੇ ਜਾਲਮ ਧਾੜਵੀ ਜਦੋਂ ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੂ ਬਹੂ-ਬੇਟੀਆਂ ਨੂੰ ਜਬਰੀ ਚੁੱਕ ਕੇ ਲੈ ਜਾਂਦੇ ਸਨ ਤੇ ਗ਼ਜ਼ਨੀ ਦੇ ਬਜ਼ਾਰਾਂ ਵਿੱਚ ਟਕੇ-ਟਕੇ ਦੀ ਵੇਚਣ ਦੇ ਸਮਾਜ ਵਿਰੋਧੀ ਅਮਲ ਕਰਦੇ ਸਨ ਤਾਂ ਇਹ ਸਿੱਖ ਕੌਮ ਹੀ ਸੀ ਜੋ ਆਪਣੇ ਇਨਸਾਨੀ ਫ਼ਰਜ਼ਾਂ ਤੇ ਡਟ ਕੇ ਪਹਿਰਾ ਦਿੰਦੇ ਹੋਏ ਆਪਣੇ ਆਪ ਨੂੰ ਜ਼ੋਖ਼ਮ ਵਿੱਚ ਪਾ ਕੇ ਇਨ੍ਹਾਂ ਜਾਬਰਾਂ 'ਤੇ ਹਮਲੇ ਕਰਕੇ ਇਨ੍ਹਾਂ ਹਿੰਦੂ ਬਹੂ-ਬੇਟੀਆਂ ਨੂੰ ਉਨ੍ਹਾਂ ਤੋਂ ਛੁਡਵਾਕੇ ਬਾਇੱਜ਼ਤ ਇਨ੍ਹਾਂ ਦੇ ਘਰੋ-ਘਰੀ ਪੁਚਾਉਂਦੇ ਰਹੇ ਹਨ।

## ਹੜ੍ਹਾਂ ਲਈ ਵੱਡੇ ਪੱਧਰ 'ਤੇ ਰਾਹਤ ਕਾਰਜ ਆਰੰਭਣ ਦੀ ਸਰਕਾਰ ਤੋਂ ਮੰਗ

**ਮੁੱਲਾਂਪੁਰ ਦਾਖਾ (ਗੁਰਮੇਲ ਮੈਲਡੇ)**-ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (1680) ਦੀ ਜ਼ਿਲ੍ਹਾ ਇਕਾਈ ਵੱਲੋਂ ਜ਼ਿਲ੍ਹਾ ਪੱਧਰੀ ਮੀਟਿੰਗ ਕੀਤੀ ਗਈ, ਜਿਸ ਦੀ ਪ੍ਰਧਾਨਗੀ ਸਾਥੀ ਚਰਨ ਸਿੰਘ ਸਰਾਭਾ ਸਰਪ੍ਰਸਤ, ਗੁਰਮੇਲ ਸਿੰਘ ਮੈਡਲੇ ਚੇਅਰਮੈਨ, ਹਰਬੰਸ ਸਿੰਘ ਪੰਧੇਰ ਪ੍ਰਧਾਨ ਨੇ ਕੀਤੀ।ਮੀਟਿੰਗ 'ਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (1680) ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕੋ ਕਨਵੀਨਰ ਰਣਦੀਪ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਸਮੇਂ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਪੈ ਰਹੀ ਬਾਰਿਸ਼ ਤੇ ਡੈਮਾਂ ਤੋਂ ਛੱਡੇ ਜਾ ਰਹੇ ਵਾਧੂ ਪਾਣੀ ਕਾਰਨ ਪੰਜਾਬ ਅੰਦਰ ਹੜ੍ਹ ਪ੍ਰਭਾਵਿਤ ਇਲਾਕਿਆਂ ਅੰਦਰ ਬਣੀ ਹੋਈ ਨਾਜ਼ੁਕ ਸਥਿਤੀ ਅਤੇ ਵੱਡੇ ਪੱਧਰ 'ਤੇ ਜਾਨੀ ਤੇ ਮਾਲੀ ਹੋ ਰਹੇ ਨੁਕਸਾਨ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ।ਆਗੂਆਂ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਵੱਡੇ ਪੱਧਰ 'ਤੇ ਰਾਹਤ ਕਾਰਜ ਅਰੰਭੇ ਜਾਣ ਤਾਂ ਜੁ ਲੋਕਾਂ ਦੀ ਸੁਰੱਖਿਆ ਯਕੀਨੀ ਹੋ ਸਕੇ ਤੇ ਮਹਾਂਮਾਰੀ ਤੋਂ ਬਚਾ ਹੋ ਸਕੇ।ਹੜ੍ਹਾਂ ਦੌਰਾਨ ਜਿਨ੍ਹਾਂ ਲੋਕਾਂ ਦੀ ਮੌਤ ਹੋ ਚੁੱਕੀ ਹੈ, ਉਨ੍ਹਾਂ ਵਾਰਸਾਂ ਨੂੰ 20 ਲੱਖ ਰੁਪਏ ਫੌਰੀ ਸਹਾਇਤਾ ਪਰਵਾਰ ਇੱਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ। ਮਨਜੀਤ ਸਿੰਘ ਗਿੱਲ ਸੂਬਾ ਵਿੱਤ ਸਕੱਤਰ, ਸਕੱਤਰ ਸੁਰਿੰਦਰ ਸਿੰਘ ਬੈਂਸ, ਟਹਿਲ ਸਿੰਘ ਸਰਾਭਾ ਪ੍ਰੈਸ ਸਕੱਤਰ,ਅਵਤਾਰ ਸਿੰਘ ਗਗੜਾ ਵਾਈਸ ਚੇਅਰਮੈਨ, ਚਮਕੌਰ ਸਿੰਘ ਐਕਟਿੰਗ ਪ੍ਰਧਾਨ, ਪ੍ਰਵੀਨ ਕੁਮਾਰ ਵਾਈਸ ਪ੍ਰਧਾਨ ਤੇ ਰਣਦੀਪ ਸਿੰਘ ਫਤਹਿਗੜ੍ਹ ਸਾਹਿਬ, ਵਿਨੋਦ ਕੁਮਾਰ, ਚਰਨ ਸਿੰਘ ਤਾਜਪੁਰੀ ਤੇ ਹੋਰ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਦੀ ਮੋਦੀ ਸਰਕਾਰ ਦੇ ਪਦ ਚਿੰਨਾਂ ਤੇ ਚੱਲ ਰਹੀ ਹੈ। ਚੋਣਾਂ ਦੌਰਾਨ ਵਾਅਦਾ ਕਰਨ ਦੇ ਬਾਵਜੂਦ 01-01-2004 ਤੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਹੀਂ ਕੀਤੀ ਜਾ ਰਹੀ, 13 ਫੀਸਦੀ ਮਹਿੰਗਾਈ ਭੱਤਾ ਕੇਂਦਰੀ ਮੁਲਾਜਮਾਂ ਤੇ ਗੁਆਂਢੀ ਰਾਜਾਂ ਦੇ ਮੁਲਾਜ਼ਮਾਂ ਤੋਂ ਪੰਜਾਬ ਦੇ ਮੁਲਾਜ਼ਮਾਂ ਨੂੰ ਘੱਟ ਦਿੱਤਾ ਜਾ ਰਿਹਾ, 01-01-2026 ਤੋਂ ਪੰਜਾਬ ਦੇ ਮੁਲਾਜਮਾਂ ਅਤੇ ਪੈਨਸ਼ਨਰਾਂ ਦੀ ਗਰੇਡ, ਪੈਨਸ਼ਨ ਦੁਹਰਾਈ ਕਰਨੀ ਬਣਦੀ ਹੈ, ਪਰ ਪੰਜਾਬ ਸਰਕਾਰ 7ਵਾਂ ਤਨਖਾਹ ਕਮਿਸ਼ਨ ਬਠਾਉਣ ਤੋਂ ਚੁੱਪ ਧਾਰੀਂ ਬੈਠੀ ਹੈ, ਬੰਦ ਕੀਤੇ ਭੱਤੇ ਬਹਾਲ ਨਹੀਂ ਕੀਤੇ ਜਾ ਰਹੇ, ਤਨਖਾਹ ਕਮਿਸ਼ਨ ਦੇ ਦਰੇ ਭਾਗ ਦੀ ਰਿਪੋਰਟ ਜਨਤਕ ਨਹੀਂ ਕੀਤੀ ਜਾ ਰਹੀ, 17 ਜੁਲਾਈ 2020 ਤੋਂ ਭਰਤੀ ਮੁਲਾਜਮਾਂ ਤੇ ਪੰਜਾਬ ਦੇ ਸਕੇਲ ਲਾਗੂ ਨਹੀਂ ਕੀਤੇ ਜਾ ਰਹੇ, 15-1-15 ਦਾ ਪੱਤਰ ਮਾਨਯੋਗ ਉੱਚ ਅਦਾਲਤਾਂ ਦੇ ਫੈਸਲਿਆਂ ਦੇ ਬਾਵਜੂਦ ਰੱਦ ਨਹੀਂ ਕੀਤਾ ਜਾ ਰਿਹਾ, ਵੱਖੋ ਵੱਖ ਵਿਭਾਗਾਂ ਦੇ ਕੱਚੇ, ਠੇਕਾ ਅਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ, ਮਾਣ ਭੱਤਾ ਤੇ ਸਕੀਮ ਵਰਕਰਾਂ ਦਾ ਆਰਥਿਕ ਸੋਸਣ ਜੰਗੀ ਪੱਧਰ 'ਤੇ ਜਾਰੀ ਹੈ, ਉਹਨਾਂ ਨੂੰ ਘੱਟੋ ਘੱਟ ਉਜਰਤ ਕਾਨੂੰਨ ਦੇ ਦਾਇਰੇ ਵਿੱਚ ਵੀ ਨਹੀਂ ਲਿਆਂਦਾ ਜਾ ਰਿਹਾ।

## ਇਯਾਲੀ ਦੀ ਅਗਵਾਈ 'ਚ ਰਾਹਤ ਦੇ ਪੰਜ ਟਰੱਕ ਰਵਾਨਾ



**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਹਲਕਾ ਦਾਖਾ ਦੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਦੀ ਅਗਵਾਈ ਵਿੱਚ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਚੱਲ ਰਹੇ ਰਾਹਤ ਕੈਂਪਾਂ ਵਿੱਚ ਉਨ੍ਹਾਂ ਦੀ ਮੰਗ ਅਨੁਸਾਰ ਅੱਜ 5 ਟਰੱਕ ਸਾਈਲੈਜ (ਪਸ਼ੂਆਂ ਦਾ ਚਾਰਾ) ਤੇ ਹੋਰ ਲੋੜੀਂਦਾ ਸਾਮਾਨ ਹੜ੍ਹ ਪ੍ਰਭਾਵਿਤ ਖੇਤਰਾਂ ਅਜਨਾਲਾ, ਧਰਮਕੋਟ, ਮੋਗਾ, ਡੇਰਾ ਬਾਬਾ ਨਾਨਕ ਆਦਿ ਵਿੱਚ ਚੱਲ ਰਹੇ ਰਾਹਤ ਕਾਰਜਾਂ ਲਈ ਰਵਾਨਾ ਕੀਤਾ। ਉਨ੍ਹਾਂ ਕਿਹਾ ਕਿ ਸਮੇਂ ਅਨੁਸਾਰ ਜਿੱਥੋਂ ਜਿੱਥੋਂ ਵੀ ਮੰਗ ਆਏਗੀ, ਉਸ ਅਨੁਸਾਰ ਉਥੇ ਸਾਮਾਨ ਪਹੁੰਚਦਾ ਕਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਗੁਰੂ ਮਹਾਰਾਜ ਜੀ ਦੇ ਆਸ਼ੀਰਵਾਦ ਨਾਲ ਅੱਗੇ ਤੋਂ ਵੀ ਇਹ ਸੇਵਾ ਨਿਰੰਤਰ ਜਾਰੀ ਰਹੇਗੀ।

## ਖੇਡ ਮੈਦਾਨ 'ਚ ਹਵਾਈ ਫਾਇਰ ਕਰਨ ਦੇ ਮਾਮਲੇ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਕੋਟਲਾ ਬਜਵਾੜਾ ਵਿਖੇ ਕ੍ਰਿਕਟ ਮੈਚ ਦੌਰਾਨ ਗੋਲੀ ਚੱਲਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਦੁਪਹਿਰ ਕਰੀਬ ਸਵਾ ਦੋ ਵਜੇ ਪਿੰਡ ਕੋਟਲਾ ਬਜਵਾੜਾ ਦੇ ਖੇਡ ਮੈਦਾਨ 'ਚ ਜਦੋਂ ਭੈਰੋਂਪੁਰ ਤੇ ਪੀਰਜੈਨ ਦੀਆਂ ਟੀਮਾਂ ਦਰਮਿਆਨ ਕ੍ਰਿਕਟ ਮੈਚ ਖੇਡਿਆ ਜਾ ਰਿਹਾ ਸੀ ਤਾਂ ਇੱਕ ਬੁਲੇਟ ਮੋਟਰਸਾਈਕਲ ਸਵਾਰ ਮੋਨਾ ਨੌਜਵਾਨ ਖੇਡ ਮੈਦਾਨ ਵੱਲ ਨੂੰ ਆਇਆ, ਜਿਸ ਦਾ ਪਿੱਛਾ ਕਰਦੀ ਹੋਈ ਪਜੈਰੋ ਕਾਰ ਨੰਬਰ ਪੀ.ਬੀ.11.ਏ.ਆਰ-8925 ਤੇਜ਼ੀ ਨਾਲ ਖੇਡ ਮੈਦਾਨ ਅੰਦਰ ਦਾਖਲ ਹੋਈ।ਪਜੈਰੋ ਗੱਡੀ ਵਿੱਚ ਸਵਾਰ ਨੌਜਵਾਨਾਂ ਵਿੱਚੋਂ ਇੱਕ ਸਰਦਾਰ ਨੌਜਵਾਨ ਗਾਲ੍ਹਾਂ ਕੱਢਦਾ ਹੋਇਆ ਹੇਠਾਂ ਉੱਤਰਿਆ, ਜਿਸ ਨੇ ਡੱਬ ਵਿੱਚੋਂ ਪਿਸਤੌਲ ਕੱਢ ਕੇ ਹਵਾਈ ਫਾਇਰ ਕੀਤਾ ਤਾਂ ਬੁਲੇਟ ਸਵਾਰ ਨੌਜਵਾਨ ਆਪਣੀ ਜਾਨ ਬਚਾਉਣ ਲਈ ਮੋਟਰਸਾਈਕਲ ਸੁੱਟ ਕੇ ਮੈਦਾਨ ਦੀਆਂ ਝਾੜੀਆਂ ਵੱਲ ਨੂੰ ਭੱਜ ਗਿਆ, ਜਿਸ ਮਗਰੋਂ ਸਰਦਾਰ ਨੌਜਵਾਨ ਨੇ ਗੱਡੀ 'ਚ ਬੈਠ ਕੇ ਮੈਦਾਨ ਦਾ ਚੱਕਰ ਲਗਾਇਆ ਜੋ ਕਿ ਗਾਲ੍ਹਾਂ ਕੱਢਦਾ ਹੋਇਆ ਤੇ ਹਵਾਈ ਫਾਇਰ ਕਰਦਾ ਹੋਇਆ ਉਥੋਂ ਚਲਾ ਗਿਆ।ਘਟਨਾ ਦੀ ਸੂਚਨਾ ਮਿਲਣ ਉਪਰੰਤ ਮੌਕੇ 'ਤੇ ਪੁੱਜੀ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਗੁਰਪ੍ਰੀਤ ਸਿੰਘ ਵਾਸੀ ਪਿੰਡ ਬੋਰਾਂ ਤੇ 2/3 ਨਾਮਾਲੂਮ ਨੌਜਵਾਨਾਂ ਵਿਰੁੱਧ ਅ/ਧ 125, 3(5) ਬੀ.ਐਨ.ਐਸ. ਅਤੇ ਅਸਲਾ ਐਕਟ ਦੀ ਧਾਰਾ 25/54/59 ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

## ਜੌੜਾਮਾਜਰਾ ਹੜ੍ਹ ਪ੍ਰਭਾਵਤ ਪਿੰਡਾਂ 'ਚ ਹੋਏ ਵਿਸ਼ੇਸ਼ ਅਜਲਾਸ 'ਚ ਸ਼ਾਮਲ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਘੱਗਰ ਨਾਲ ਪ੍ਰਭਾਵਿਤ ਪਿੰਡਾਂ ਧਰਮਹੇੜੀ, ਸੱਸਾ ਗੁੱਜਰਾਂ, ਸੱਸੀ ਬ੍ਰਾਹਮਣਾਂ ਤੇ ਹਰੀਪੁਰ ਦਾ ਦੌਰਾ ਕਰਕੇ ਪਿੰਡ ਵਾਸੀਆਂ ਨਾਲ ਮੁਲਾਕਾਤ ਕੀਤੀ ਗਈ ਤੇ ਪਿੰਡਾਂ ਵਿੱਚ ਹੋਏ ਵਿਸ਼ੇਸ਼ ਇਜਲਾਸ 'ਚ ਹਿੱਸਾ ਲੈਂਦਿਆਂ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਮੁੱਚੀ ਪੰਜਾਬ ਸਰਕਾਰ ਹੜ੍ਹ ਪ੍ਰਭਾਵਤ ਲੋਕਾਂ ਦੇ ਨਾਲ ਖੜੀ ਹੈ ਤੇ ਲੋਕਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਕੰਮ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਸਫ਼ਾਈ ਮੁਹਿੰਮ ਵੀ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਨਾਲ ਬੀ.ਡੀ.ਪੀ.ਓ. ਸੁਖਵਿੰਦਰ ਸਿੰਘ ਟਿਵਾਣਾ ਵੀ ਮੌਜੂਦ ਸਨ।ਇਨ੍ਹਾਂ ਇਜਲਾਸਾਂ ਦੌਰਾਨ ਪਿੰਡਾਂ 'ਚ ਨਿਗਰਾਨ ਕਮੇਟੀਆਂ ਦਾ ਗਠਨ ਕੀਤਾ ਗਿਆ, ਜਿਸ ਵਿੱਚ ਸਰਪੰਚ, ਪੰਚਾਇਤ ਮੈਂਬਰ, ਸਕੱਤਰ, ਸਮਾਜ ਸੇਵੀ ਜਾਂ ਸਾਬਕਾ ਫ਼ੌਜੀਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਇਨ੍ਹਾਂ ਨਿਗਰਾਨ ਕਮੇਟੀਆਂ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਇਕੱਠੀ ਹੋਈ ਗਾਰ ਦੀ ਸਫ਼ਾਈ, ਨੁਕਸਾਨੇ ਗਏ ਘਰਾਂ ਦੀ ਮੁਰੰਮਤ, ਪ੍ਰਧਾਨ ਮੰਤਰੀ ਆਵਾਸ ਯੋਜਨਾ ਦੀਆਂ ਹਦਾਇਤਾਂ ਅਨੁਸਾਰ ਨਵਾਂ ਸਰਵੇ, ਪਿੰਡ ਵਿੱਚ ਸਰਕਾਰੀ ਇਮਾਰਤਾਂ, ਸਰਕਾਰੀ ਸਕੂਲ, ਸ਼ਮਸ਼ਾਨਘਾਟ, ਬੂਟੇ, ਖੇਡ ਮੈਦਾਨ, ਪਾਰਕ, ਮਨਰੇਗਾ ਦੇ ਐਸਿਸਟ ਜਿਵੇਂ ਆਂਗਣਵਾੜੀ ਸੈਂਟਰ, ਪੰਚਾਇਤ ਘਰ ਆਦਿ ਦੇ ਨੁਕਸਾਨ ਤੇ ਰਿਪੇਅਰ ਸਬੰਧੀ ਇਸ ਤੋਂ ਇਲਾਵਾ ਗ੍ਰਾਮ ਸਭਾ ਨੂੰ ਕੋਈ ਹੋਰ ਹੜ੍ਹ ਪ੍ਰਭਾਵਿਤ ਕੰਮਾਂ ਨੂੰ ਕਰਾਇਆ ਜਾਵੇਗਾ। ਪਿੰਡਾਂ ਦੇ ਵਿਸ਼ੇਸ਼ ਇਜਲਾਸ 'ਚ ਸ਼ਾਮਲ ਹੁੰਦਿਆਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਇਨ੍ਹਾਂ ਪਿੰਡਾਂ ਵਿੱਚ ਚੁਣੀਆਂ ਗਈਆਂ ਨਿਗਰਾਨ ਕਮੇਟੀ ਦੇ ਮੈਂਬਰ ਪੂਰੀ ਤਨਦੇਹੀ ਨਾਲ ਦਿੱਤੀ ਗਈ ਜ਼ਿੰਮੇਵਾਰੀ ਨੂੰ ਨਿਭਾਉਣ ਤਾਂ ਜੋ ਹੜ੍ਹ ਪੀੜਤਾਂ ਨੂੰ ਰਾਹਤ ਮਿਲ ਸਕੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੁਕਮਾਂ ਤਹਿਤ ਫ਼ਸਲਾਂ ਦੇ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ 13 ਸਤੰਬਰ ਤੋਂ ਸ਼ੁਰੂ ਹੋ ਗਈ ਹੈ ਤੇ ਇਹ ਸਮੁੱਚੀ ਪ੍ਰਕਿਰਿਆ ਸਮਾਂਬੱਧ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਤੋਂ ਤੁਰੰਤ ਬਾਅਦ ਕਿਸਾਨਾਂ ਨੂੰ ਆਪਣੇ ਮੁਆਵਜ਼ੇ ਦੇ ਚੈੱਕ ਮਿਲਣੇ ਸ਼ੁਰੂ ਹੋ ਜਾਣਗੇ।

## ਸਰਕਾਰੀ ਸਕੂਲਾਂ 'ਚ ਪ੍ਰਿੰਸੀਪਲਾਂ ਦੀਆਂ 1000 ਖਾਲੀ ਅਸਾਮੀਆਂ ਤੁਰੰਤ ਭਰੀਆਂ ਜਾਣ : ਡੀ ਟੀ ਐੱਫ

**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਦੇ ਸੈਂਕੜੇ ਸੈਕੰਡਰੀ ਸਕੂਲਾਂ 'ਚ ਪ੍ਰਿੰਸੀਪਲਾਂ ਦੀਆਂ ਮਨਜ਼ੂਰ ਸ਼ੁਦਾ 2000 ਪੋਸਟਾਂ ਚੋਂ ਕਰੀਬ 1000 ਪੋਸਟਾਂ ਖਾਲੀ ਪਈਆਂ ਹਨ। ਪਤਾ ਲੱਗਾ ਕਿ ਇੱਕ-ਇੱਕ ਪ੍ਰਿੰਸੀਪਲ ਨੂੰ ਕਈ-ਕਈ ਸਕੂਲਾਂ ਦਾ ਚਾਰਜ ਦੇ ਕੇ ਬੁੱਤਾ ਸਾਰਿਆ ਜਾ ਰਿਹਾ ਹੈ।ਇਸ ਤਰ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਹੀ ਹੈ।ਪੰਜਾਬ ਸਰਕਾਰ ਦੇ ਵਿਦਿਆਰਥੀ ਵਿਰੋਧੀ ਵਰਤਾਰੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਪ੍ਰਤੀਨਿਧ ਅਧਿਆਪਕ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ ਟੀ ਐਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ 75% ਪ੍ਰਮੋਸ਼ਨ ਕੋਟੇ ਦੀਆਂ ਤਰੱਕੀਆਂ ਤੁਰੰਤ ਕਰਕੇ ਇਹ ਖਾਲੀ ਅਸਾਮੀਆਂ ਤੁਰੰਤ ਭਰੀਆਂ ਜਾਣ ਤੇ ਪੀ.ਪੀ.ਐੱਸ.ਸੀ. ਰਾਹੀਂ ਸਿੱਧੀ ਭਰਤੀ ਦੇ 25% ਕੋਟੇ ਦੀ ਭਰਤੀ ਦਾ ਇਸ਼ਤਿਹਾਰ ਵੀ ਤੁਰੰਤ ਜਾਰੀ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਪ੍ਰਿੰਸੀਪਲਾਂ ਦੀਆਂ 50% ਪੋਸਟਾਂ ਖਾਲੀ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਦੇ ਦਮਗਜੇ ਮਾਰ ਰਹੀ ਹੈ। ਡੀ.ਟੀ.ਐਫ਼ ਦੇ ਸੀਨੀਅਰ ਆਗੂਆਂ ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਤਰਨਤਾਰਨ, ਮੋਗਾ ਤੇ ਮਾਨਸਾ ਵਰਗੇ ਜ਼ਿਲ੍ਹਿਆਂ ਵਿੱਚ ਤਾਂ 75% ਤੋਂ ਵੀ ਵੱਧ ਪ੍ਰਿੰਸੀਪਲਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ। 2022 ਵਿੱਚ ਸਿੱਖਿਆ ਤੇ ਸਿਹਤ ਵਿਭਾਗ ਦੀ ਕਾਇਆ ਪਲਟ ਕਰਨ ਦੇ ਬਿਆਨ ਦੇ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਾਢੇ ਤਿੰਨ ਸਾਲ ਬੀਤ ਜਾਣ ਦੇ ਬਾਅਦ ਵੀ ਪ੍ਰਿੰਸੀਪਲਾਂ, ਹੈੱਡ ਮਾਸਟਰਾਂ ਤੇ ਬੀ.ਪੀ.ਈ.ਓਜ਼. ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਪਈਆਂ ਹਨ। ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜ੍ਹਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਦੱਸਿਆ ਕਿ ਜਥੇਬੰਦੀ ਦੇ ਲਗਾਤਾਰ ਯਤਨਾਂ ਤੇ ਸੰਘਰਸ਼ ਕਰਕੇ ਪ੍ਰਿੰਸੀਪਲਾਂ ਦਾ ਪ੍ਰੋਮੋਸ਼ਨ ਕੋਟਾ 75% ਕੀਤਾ ਗਿਆ ਹੈ, ਜਿਸ ਵਿੱਚੋਂ 70% ਲੈਕਚਰਾਰਾਂ ਲਈ, 20% ਹੈਡਮਾਸਟਰਾਂ ਲਈ ਤੇ 10% ਵੋਕੇਸ਼ਨਲ ਅਧਿਆਪਕਾਂ ਲਈ ਕੋਟਾ ਨਿਰਧਾਰਤ ਕੀਤਾ ਗਿਆ ਹੈ।ਜਥੇਬੰਦੀ ਨੇ ਮੰਗ ਕਰਦਿਆਂ ਕਿਹਾ ਕਿ ਪ੍ਰੋਮੋਸ਼ਨਾਂ ਤੁਰੰਤ ਕੀਤੀਆਂ ਜਾਣ ਤੇ ਸਿੱਧੀ ਭਰਤੀ ਦਾ ਇਸ਼ਤਿਹਾਰ ਵੀ ਤੁਰੰਤ ਜਾਰੀ ਕੀਤਾ ਜਾਵੇ। ਪ੍ਰਾਇਮਰੀ ਵਿਭਾਗ ਵਿੱਚੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਨਵੇਂ ਸੇਵਾ ਨਿਯਮਾਂ ਅਨੁਸਾਰ ਕੀਤੀਆਂ ਜਾਣ।

## ਸਬ-ਤਹਿਸੀਲ ਨੇੜਿਓਂ ਮਿਲੀ ਲਾਸ਼, ਦੋ ਖਿਲਾਫ ਕੇਸ ਦਰਜ

**ਬਰੇਟਾ (ਰੀਤਵਾਲ)**-ਸਥਾਨਕ ਸਬ ਤਹਿਸੀਲ ਦੇ ਨਜ਼ਦੀਕ ਖਾਲੀ ਸੁੰਨਸਾਨ ਕਾਲੋਨੀ ਵਿੱਚ ਇੱਕ ਨੌਜਵਾਨ ਦੀ ਲਾਸ਼ ਮਿਲਣ ਦਾ ਸਮਾਚਾਰ ਹੈ।ਥਾਣਾ ਮੁਖੀ ਬਲਦੇਵ ਸਿੰਘ ਆਪਣੀ ਪੁਲਸ ਪਾਰਟੀ ਸਮੇਤ ਘਟਨਾ ਵਾਲੀ ਥਾਂ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕੀਤੀ।ਨੌਜਵਾਨ ਦੀ ਸ਼ਨਾਖਤ ਪਿੰਡ ਡਸਕਾ ਦੇ ਦਿਲਪ੍ਰੀਤ ਸਿੰਘ (23) ਪੁੱਤਰ ਗੁਰਜੰਟ ਸਿੰਘ ਵਜੋਂ ਹੋਈ ਹੈ।ਦਿਲਪ੍ਰੀਤ ਦੇ ਪਿਤਾ ਗੁਰਜੰਟ ਸਿੰਘ ਨੇ ਪੁਲਸ ਕੋਲੇ ਬਿਆਨ ਦਰਜ ਕਰਵਾਇਆ ਕਿ ਉਸ ਦੇ ਲੜਕੇ ਦਿਲਪ੍ਰੀਤ ਸਿੰਘ ਦੇ ਪਿੰਡ ਦੇ ਹੀ ਗੁਰਤੇਜ ਸਿੰਘ ਉਰਫ ਰਾਜੂ ਦੀ ਪਤਨੀ ਸੁਖਪ੍ਰੀਤ ਕੌਰ ਨਾਲ ਨਜਾਇਜ਼ ਸਬੰਧ ਹੋ ਗਏ ਸਨ, ਜਿਸ ਕਰਕੇ ਗੁਰਤੇਜ ਸਿੰਘ ਉਰਫ ਰਾਜੂ ਤੇ ਉਸ ਦੇ ਸਾਥੀਆਂ ਨੇ ਉਸ ਦੀ ਕੁੱਟਮਾਰ ਵੀ ਕੀਤੀ ਸੀ ਅਤੇ ਉਸ ਦਾ ਰਾਜ਼ੀਨਾਮਾ ਹੋ ਗਿਆ ਸੀ।ਉਨ੍ਹਾਂ ਕਿਹਾ ਕਿ ਸੁਖਪ੍ਰੀਤ ਕੌਰ ਦੇ ਭਰਾ ਗੁਰਦੀਪ ਸਿੰਘ ਉਸ ਦੇ ਲੜਕੇ ਨੂੰ ਆਪਣੀਆਂ ਗੱਲਾਂ ਵਿੱਚ ਲੈ ਕੇ 13 ਸਤੰਬਰ ਨੂੰ ਸਵੇਰ ਦੇ ਸਮੇਂ ਤਕਰੀਬਨ 10 ਵਜੇ ਆਪਣੇ ਮੋਟਰਸਾਈਕਲ 'ਤੇ ਬਿਠਾ ਕੇ ਬਹਾਦਰਪੁਰ ਸਾਈਡ ਆ ਗਿਆ ਸੀ ਅਤੇ ਉਨ੍ਹਾਂ ਨੂੰ ਪਤਾ ਲੱਗਿਆ ਕਿ ਬਰੇਟਾ ਮੰਡੀ ਵਿਖੇ ਦਿਆਲਪੁਰਾ ਰੋਡ 'ਤੇ ਸੁੰਨਸਾਨ ਕਲੋਨੀ ਦੇ ਗੇਟ ਨਾਲ ਬਣੇ ਛੋਟੇ ਕਮਰੇ ਵਿੱਚ ਉਸ ਦੇ ਲੜਕੇ ਦੀ ਲਾਸ਼ ਪਈ ਹੈ।ਇਸ 'ਤੇ ਯਕੀਨ ਹੋ ਗਿਆ ਕਿ ਉਸ ਦੇ ਲੜਕੇ ਦਾ ਕਤਲ ਹੋਇਆ ਹੈ।ਥਾਣਾ ਮੁਖੀ ਬਲਦੇਵ ਸਿੰਘ ਤੋਂ ਮਿਲੀ ਜਾਣਕਾਰੀ ਮੁਤਾਬਕ ਗੁਰਤੇਜ ਸਿੰਘ ਉਰਫ ਰਾਜੂ ਪੁੱਤਰ ਰਾਮ ਸਿੰਘ ਵਾਸੀ ਡਸਕਾ ਤੇ ਗੁਰਦੀਪ ਸਿੰਘ ਪੁੱਤਰ ਜਗਸੀਰ ਸਿੰਘ ਵਾਸੀ ਬਹਾਦਰਪੁਰ ਖਿਲਾਫ ਮੁਕੱਦਮਾ ਦਰਜ ਕਰਕੇ ਅਰੋਪੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ ਅਤੇ ਦੋਵੇਂ ਮੁਲਜ਼ਮ ਅਜੇ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹਨ।

## ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਨੇ ਪੁਸਤਕ ਚਰਚਾ ਕਰਾਈ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਤੇ ਗੁਰੂ ਕਾਸ਼ੀ ਸੋਸ਼ਲ ਸਾਇੰਸਜ਼ ਵਿਭਾਗ ਦੇ ਪੁਸਤਕ ਚਰਚਾ ਸਾਂਝਾ ਮੰਚ ਵੱਲੋਂ 'ਕਿਤਾਬਾਂ ਸੰਗ ਗੁਫਤਗੂ' ਲੜੀ 5 ਤਹਿਤ ਡਾ ਸੰਦੀਪ ਰਾਣਾ ਮੁਖੀ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਵੱਲੋਂ 'ਜ਼ਮੀਨ ਜਾਤ ਬੰਦੂਕਾਂ ਔਰਤ' ਪੁਸਤਕ ਉੱਪਰ ਚਰਚਾ ਕੀਤੀ ਗਈ।ਇਸ ਦੌਰਾਨ ਉਨ੍ਹਾਂ ਪੁਸਤਕ ਦੇ ਮੁੱਖ ਬਿੰਦੂਆਂ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਸਮਾਜਿਕ ਸੰਦਰਭ, ਭਾਸ਼ਾਈ ਪੱਖ ਤੇ ਆਧੁਨਿਕ ਸਮੇਂ ਦੀਆਂ ਚੁਣੌਤੀਆਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਇਸ ਪੁਸਤਕ ਨੂੰ ਮਨੁੱਖੀ ਸੋਚ ਦੇ ਵਿਕਾਸ ਲਈ ਬੁਨਿਆਦੀ ਸਾਧਨ ਦੱਸਿਆ। ਸਾਂਝਾ ਮੰਚ ਦੇ ਕਨਵੀਨਰ ਡਾ. ਸੁਖਦੀਪ ਕੌਰ ਤੇ ਡਾ. ਮਨਮਿੰਦਰ ਕੌਰ ਨੇ ਕਿਹਾ ਕਿ ਅਜਿਹੇ ਕਾਰਜਕ੍ਰਮ ਅਧਿਆਪਕਾਂ ਤੇ ਵਿਦਿਆਰਥੀਆਂ ਵਿੱਚ ਪਾਠਕ ਸੰਸਕਾਰਾਂ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਮੰਚ ਸੰਚਾਲਕ ਦੀ ਭੂਮਿਕਾ ਡਾ. ਮਨਮਿੰਦਰ ਕੌਰ ਵੱਲੋਂ ਨਿਭਾਈ ਗਈ।ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਡਾਇਰੈਕਟਰ ਪ੍ਰੋਫੈਸਰ ਕਮਲਜੀਤ ਸਿੰਘ ਨੇ ਪੁਸਤਕ ਚਰਚਾ ਸਾਂਝਾ ਮੰਚ ਨੂੰ ਸ਼ਲਾਘਾਯੋਗ ਕਦਮ ਦੱਸਿਆ ਤੇ ਇਸ ਲੜੀ ਨੂੰ ਜਾਰੀ ਰੱਖਣ ਦੀ ਪ੍ਰੇਰਨਾ ਦਿੱਤੀ।ਅੰਤ ਵਿੱਚ ਡਾ. ਬਲਦੇਵ ਸਿੰਘ ਮੁਖੀ ਗੁਰੂ ਕਾਸ਼ੀ ਸੋਸ਼ਲ ਸਾਇੰਸਜ਼ ਵਿਭਾਗ ਵੱਲੋਂ ਧੰਨਵਾਦ ਪ੍ਰਗਟ ਕੀਤਾ ਗਿਆ।ਇਹ ਚਰਚਾ ਅਧਿਆਪਕਾਂ ਲਈ ਗਿਆਨ ਵਧਾਊ ਅਤੇ ਸੋਚ ਨੂੰ ਨਵੀਂ ਦਿਸ਼ਾ ਦੇਣ ਵਾਲੀ ਸਾਬਤ ਹੋਈ।ਇਸ ਮੌਕੇ ਦੋਹਾਂ ਵਿਭਾਗਾਂ ਦੇ ਅਧਿਆਪਕ ਹਾਜ਼ਰ ਰਹੇ।

## ਸਿਟੀ ਜਿੰਮਖਾਨਾ ਕਲੱਬ ਵੱਲੋਂ ਨਵੀਂ ਟੀਮ ਦਾ ਐਲਾਨ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਿਟੀ ਜਿਮਖਾਨਾ ਕਲੱਬ ਵੱਲੋਂ ਨਵੇਂ ਪ੍ਰਧਾਨ ਮੁਕੇਸ਼ ਕਾਂਸਲ ਦੀ ਅਗਵਾਈ ਹੇਠ ਨਵੇਂ ਵਰ੍ਹੇ ਦੀ ਟੀਮ ਦਾ ਐਲਾਨ ਕੀਤਾ ਗਿਆ।ਕਲੱਬ ਵੱਲੋਂ ਸਮਾਜਿਕ ਤੇ ਕਲਿਆਣਕਾਰੀ ਪ੍ਰੋਜੈਕਟਾਂ ਨੂੰ ਪਹਿਲ ਦੇਣ ਦਾ ਫ਼ੈਸਲਾ ਕੀਤਾ ਗਿਆ ਤੇ ਨਵੇਂ ਅਹੁਦੇਦਾਰਾਂ ਤੇ ਮੈਂਬਰਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਮੀਟਿੰਗ ਦੌਰਾਨ ਤੈਅ ਕੀਤਾ ਗਿਆ ਕਿ ਕਲੱਬ ਵੱਲੋਂ ਹੁਣ ਸਿਹਤ ਕੈਂਪ, ਸਿੱਖਿਆ ਨਾਲ ਜੁੜੀਆਂ ਸੇਵਾਵਾਂ ਤੇ ਹੋਰ ਸਮਾਜਿਕ ਕਲਿਆਣ ਕਾਰਜਾਂ ਨੂੰ ਹੋਰ ਜ਼ਿਆਦਾ ਸਰਗਰਮੀ ਨਾਲ ਅੱਗੇ ਵਧਾਇਆ ਜਾਵੇਗਾ।ਪ੍ਰਧਾਨ ਮੁਕੇਸ਼ ਕਾਂਸਲ ਨੇ ਭਰੋਸਾ ਜਤਾਇਆ ਕਿ ਨਵੀਂ ਟੀਮ ਪੂਰੇ ਸਮਰਪਣ ਨਾਲ ਸਮਾਜ ਹਿੱਤ ਦੇ ਕੰਮਾਂ ਨੂੰ ਅੱਗੇ ਲੈ ਜਾਵੇਗੀ ਅਤੇ ਕਲੱਬ ਨੂੰ ਨਵੀਆਂ ਉਚਾਈਆਂ ਤੱਕ ਪੁਚਾਵੇਗੀ।ਕਲੱਬ ਦੀ ਨਵੀਂ ਕਾਰਜਕਾਰੀ ਕਮੇਟੀ ਵਿੱਚ ਪ੍ਰਧਾਨ ਮੁਕੇਸ਼ ਕਾਂਸਲ, ਚੇਅਰਮੈਨ ਰਾਜੀਵ ਬਾਂਸਲ, ਉਪ ਪ੍ਰਧਾਨ ਹਰੀਸ਼ ਬਾਂਸਲ, ਮੁੱਖ ਸਰਪ੍ਰਸਤ ਭਾਰਤ ਭੂਸ਼ਣ, ਸਰਪ੍ਰਸਤ ਸੀਏ ਅਰਿਦਮਨ ਗੋਇਲ, ਸਕੱਤਰ ਵਿਵੇਕ ਜਿੰਦਲ ਅਤੇ ਫ਼ਾਇਨੈਂਸ ਸਕੱਤਰ ਯੋਗੇਸ਼ ਕੁਮਾਰ ਸ਼ਾਮਲ ਹਨ।ਇਸ ਤੋਂ ਇਲਾਵਾ ਗ੍ਰੀਟਿੰਗਜ਼ ਕਮੇਟੀ ਦੇ ਚੇਅਰਮੈਨ ਚੰਦਰ ਮੋਹਨ ਤੇ ਧਾਰਮਿਕ ਗਤੀਵਿਧੀਆਂ ਦੇ ਚੇਅਰਮੈਨ ਐਸ.ਡੀ.ਐਮ. ਹਿਤੇਸ਼ ਵੀਰ ਹੋਣਗੇ।ਮੀਟਿੰਗ ਦੌਰਾਨ ਡਾ. ਸਾਹਿਲ ਗਰਗ ਤੇ ਸੰਦੀਪ ਗਰਗ ਨੂੰ ਕਲੱਬ ਦੇ ਨਵੇਂ ਮੈਂਬਰਾਂ ਵਜੋਂ ਸਵਾਗਤ ਕੀਤਾ ਗਿਆ।ਉੱਥੇ ਹੀ ਪਬਲਿਕ ਰਿਲੇਸ਼ਨ ਟੀਮ 'ਚ ਪੁਨੀਤ ਮਿੱਤਲ ਤੇ ਨਵੀਨ ਗਰਗ ਨੂੰ ਸ਼ਾਮਲ ਕੀਤਾ ਗਿਆ।ਕਲੱਬ ਦੇ ਹੋਰ ਪ੍ਰਮੁੱਖ ਅਹੁਦੇਦਾਰਾਂ ਵਿੱਚ ਆਈ.ਪੀ.ਪੀ. (ਇਮੀਡੀਏਟ ਪਾਸਟ ਪ੍ਰੈਜ਼ੀਡੈਂਟ) ਸਨੀ ਕਾਂਸਲ ਅਤੇ ਇਲੈਕਟ ਪ੍ਰੈਜ਼ੀਡੈਂਟ ਗਿਆਨ ਚੰਦ ਵੀ ਸ਼ਾਮਲ ਹਨ।

## ਕਿਸਾਨ ਯੂਨੀਅਨ ਸ਼ੇਰ-ਏ-ਪੰਜਾਬ ਵੱਲੋਂ ਮੱਲੂਵਾਲੀਏ ਵਾਲਾ 'ਚ ਇਕਾਈ ਗਠਤ



**ਜ਼ੀਰਾ (ਨਰਿੰਦਰ ਅਨੇਜਾ)**-ਕਿਸਾਨ ਯੂਨੀਅਨ ਸ਼ੇਰ-ਏ-ਪੰਜਾਬ ਦੇ ਪਰਵਾਰ ਵਿੱਚ ਵਿਸਥਾਰ ਕਰਦਿਆਂ ਕਿਸਾਨ ਯੂਨੀਅਨ ਸ਼ੇਰੇ ਏ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਮਨਪ੍ਰੀਤ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਫ਼ਿਰੋਜ਼ਪੁਰ ਦੀ ਯੋਗ ਅਗਵਾਈ ਹੇਠ ਪਿੰਡ ਮੱਲੂਵਾਲੀਏ ਵਾਲਾ ਦੀ ਇਕਾਈ ਦਾ ਗਠਨ ਕੀਤਾ ਗਿਆ।ਕਿਸਾਨਾਂ ਨੂੰ ਸੰਬੋਧਨ ਕਰਦਿਆਂ ਸੂਬਾਈ ਆਗੂ ਮਨਪ੍ਰੀਤ ਸਿੰਘ ਗਿੱਲ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ 2023 ਦੇ ਹੜ੍ਹਾਂ ਨਾਲ ਪ੍ਰਭਾਵਤ ਕਿਸਾਨਾਂ ਮਜ਼ਦੂਰਾਂ ਨੂੰ ਅਜੇ ਤੱਕ ਮੁਆਵਜ਼ਾ ਨਹੀਂ ਦਿੱਤਾ ਗਿਆ, ਪਰ ਹੁਣ 2025 ਦੇ ਹੜ੍ਹਾਂ ਨੇ ਕਿਸਾਨਾਂ ਤੇ ਮਜ਼ਦੂਰਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ।ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਦੀ ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਮੁੜ ਤੋਂ ਸੁਰਜੀਤ ਕਰਨ ਲਈ ਝੋਨੇ ਦੀ ਫ਼ਸਲ ਦਾ ਮੁਆਵਜ਼ਾ ਇੱਕ ਲੱਖ ਰੁਪਏ ਪ੍ਰਤੀ ਏਕੜ ਤੇ ਜਿਨ੍ਹਾਂ ਦੇ ਘਰ ਢਹਿ ਗਏ ਭਾਵੇਂ ਉਹ ਕਿਸਾਨ ਹੋਵੇ ਜਾਂ ਮਜ਼ਦੂਰ 10 ਲੱਖ ਰੁਪਏ, ਪਸ਼ੂ ਧਨ ਰੁੜ੍ਹ ਜਾਣ ਤੇ ਪ੍ਰਤੀ ਪਸ਼ੂ 1 ਲੱਖ ਰੁਪਏ ਤੇ ਜਾਨੀ ਨੁਕਸਾਨ ਹੋਣ ਵਾਲੇ ਪੀੜਤ ਪਰਿਵਾਰ ਨੂੰ 10 ਲੱਖ ਰੁਪਏ ਮੁਆਵਜ਼ਾ ਤੇ ਪਰਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ।ਸੂਬਾ ਆਗੂ ਮਨਪ੍ਰੀਤ ਸਿੰਘ ਗਿੱਲ ਨੇ ਕਿਹਾ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆ ਕੇ ਜ਼ੀਰੋ ਗਰਾਊਂਡ 'ਤੇ ਕੰਮ ਕਰ ਵਾਲੇ ਪੰਜਾਬੀ ਗਾਇਕ ਮਨਕੀਰਤ ਔਲਖ ਨੇ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਕੀਤਾ ਹੈ।ਉਸ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ ਬਹੁਤ ਥੋੜ੍ਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਗਾਇਕ ਤੇ ਪੰਜਾਬੀ ਫ਼ਿਲਮ ਇੰਡਸਟਰੀ ਵਿੱਚ ਕੰਮ ਕਰਦੇ ਅਭਿਨੇਤਾ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਖੁੱਲ੍ਹ ਕੇ ਅੱਗੇ ਆਉਣ ਤਾਂ ਜੁ ਪੰਜਾਬ ਦੀ ਕਿਸਾਨਾਂ ਤੇ ਮਜ਼ਦੂਰਾਂ ਨੂੰ ਮੁੜ ਤੋਂ ਲੀਹ 'ਤੇ ਲਿਆਂਦਾ ਜਾ ਸਕੇ।ਉਪਰੰਤ ਸਮੂਹ ਕਿਸਾਨਾਂ ਦੀ ਸਰਬਸੰਮਤੀ ਨਾਲ ਕਿਸਾਨ ਯੂਨੀਅਨ ਸ਼ੇਰ-ਏ-ਪੰਜਾਬ ਦੀ ਇਕਾਈ ਪਿੰਡ ਮੱਲੂਵਾਲੀਏ ਵਾਲਾ ਵਿਖੇ ਗਠਨ ਕਰਦਿਆਂ ਕਿਸਾਨ ਆਗੂ ਅਜੀਤ ਸਿੰਘ ਨੂੰ ਇਕਾਈ ਪ੍ਰਧਾਨ, ਚਾਨਣ ਸਿੰਘ ਨੂੰ ਮੀਤ ਪ੍ਰਧਾਨ, ਜਸਵੰਤ ਸਿੰਘ ਨੂੰ ਜਨਰਲ ਸਕੱਤਰ, ਨਿਸ਼ਾਨ ਸਿੰਘ ਮੈਂਬਰ, ਸੁਖਚੈਨ ਸਿੰਘ ਮੈਂਬਰ ਆਦਿ ਚੁਣਿਆ ਗਿਆ।

## ਡੇਰਾ ਪ੍ਰੇਮੀਆਂ ਨੇ ਪਿੰਡਾਂ ਦੇ ਰਸਤਿਆਂ ਤੇ ਸੜਕਾਂ ਦੀ ਕੀਤੀ ਸਫ਼ਾਈ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਡੇਰਾ ਸੱਚਾ ਸੌਦਾ ਦੀ ਸ਼ਾਹ ਸਤਿਨਾਮ ਦੀ ਗ੍ਰੀਨ ਐੱਸ ਵੈੱਲਫੇਅਰ ਕਮੇਟੀ ਦੇ ਸੇਵਾਦਾਰਾਂ ਨੇ ਪਿੰਡਾਂ ਨੂੰ ਜਾਣ ਵਾਲੇ ਮੁੱਖ ਰਸਤਿਆਂ ਤੇ ਸੜਕਾਂ ਦੀ ਸਫਾਈ ਕੀਤੀ।ਜਾਣਕਾਰੀ ਦਿੰਦਿਆਂ ਸੇਵਾਦਾਰ ਨਿਰਭੈ ਇੰਸਾਂ, ਜਗਤਾਰ ਇੰਸਾਂ, ਸੁੱਖਾ ਇੰਸਾਂ, ਭੈਣ ਗੁਰਜੀਤ ਇੰਸਾਂ ਤੇ ਭੈਣ ਕੋਮਲ ਇੰਸਾਂ ਨੇ ਦੱਸਿਆ ਕਿ ਸੰਤ ਗੁਰਮੀਤ ਰਾਮ ਰਹੀਮ ਸਿੰਘ ਇੰਸਾਂ ਦੀ ਪ੍ਰੇਰਨਾ ਸਦਕਾ ਮਨੁੱਖਤਾ ਦੀ ਸੇਵਾ ਕਰਨ ਦੀ ਲੜੀ ਤਹਿਤ ਪਿੰਡ ਖਾਂਗ, ਹਰਿਆਊ ਕਲਾਂ, ਹਰਿਆਊ ਖੁਰਦ, ਹੋਤੀਪੁਰ ਤੇ ਚੁਨਾਗਰਾ ਵਿਖੇ ਸੜਕਾਂ ਤੇ ਰਸਤਿਆਂ ਦੀ ਸਫਾਈ ਕੀਤੀ ਗਈ।ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਇਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਆਪਣੇ ਪਿੰਡਾਂ ਦੀ ਸਫਾਈ ਲਈ ਡੇਰਾ ਸੱਚਾ ਸੌਦਾ ਦੇ ਹੈਲਪ ਲਾਈਨ 'ਤੇ ਬੇਨਤੀ ਕੀਤੀ ਗਈ ਸੀ ਤੇ ਡੇਰਾ ਸੱਚਾ ਸੌਦਾ ਵੱਲੋਂ ਮਿਲੇ ਦਿਸ਼ਾ ਨਿਰਦੇਸ਼ਾਂ 'ਤੇ ਪਿੰਡਾਂ ਨੂੰ ਜਾਂਦੇ ਰਸਤਿਆਂ ਤੇ ਸੜਕਾਂ ਦੀ ਸਫ਼ਾਈ ਕੀਤੀ ਗਈ।ਇਸ ਮੌਕੇ ਪਿੰਡ ਖਾਂਗ ਦੇ ਸਰਪੰਚ ਜੈਪਾਲ ਰਾਮ, ਹਰਿਆਊ ਕਲਾਂ ਦੇ ਸਰਪੰਚ ਮਹਿੰਦਰ ਸਿੰਘ, ਹਰਿਆਊ ਖੁਰਦ ਦੇ ਸਰਪੰਚ ਗੱਜਣ ਸਿੰਘ, ਪਿੰਡ ਹੋਤੀਪੁਰ ਦੇ ਸਰਪੰਚ ਲਵਜੀਤ ਤੇ ਕਸ਼ਮੀਰ ਕੌਰ ਸਰਪੰਚ ਪਿੰਡ ਚੁਨਾਗਰਾ ਨੇ ਦੱਸਿਆ ਕਿ ਡੇਰਾ ਪ੍ਰੇਮੀਆਂ ਵੱਲੋਂ ਕੀਤੀ ਸੇਵਾ ਸ਼ਲਾਘਾਯੋਗ ਹੈ।ਉਨ੍ਹਾਂ ਦੱਸਿਆ ਕਿ ਪਿੰਡ ਨੂੰ ਕੁਝ ਹੀ ਸਮੇਂ ਅੰਦਰ ਸਾਫ ਸੁਥਰਾ ਕਰਨਾ, ਰਸਤਿਆਂ ਉਪਰ ਵੱਧ ਰਹੇ ਦਰੱਖਤਾਂ ਦੀ ਕਟਾਈ, ਸੜਕਾਂ ਉੱਪਰ ਖੱਡੇ ਭਰਨਾ, ਝਾੜੂ ਲਾ ਕੇ ਕੂੜਾ ਚੁੱਕ ਕੇ ਲੈ ਜਾਣਾ ਤੇ ਪਾਣੀ ਤੱਕ ਵੀ ਨਾ ਪੀਣਾ ਆਪਣੇ ਆਪ ਵਿੱਚ ਬੇਮਿਸਾਲ ਹੈ।

## ਕੇਂਦਰੀ ਰਾਜ ਮੰਤਰੀ ਨਿਖਿਲ ਖੜਸੇ ਤੇ ਪ੍ਰਨੀਤ ਕੌਰ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਕੇਂਦਰੀ ਯੁਵਕ ਮਾਮਲੇ ਤੇ ਖੇਡ ਰਾਜ ਮੰਤਰੀ ਰਕਸ਼ਾ ਨਿਖਿਲ ਖੜਸੇ ਨੇ ਸਾਬਕਾ ਕੇਂਦਰੀ ਮੰਤਰੀ ਪ੍ਰਨੀਤ ਕੌਰ ਨਾਲ ਪਟਿਆਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ।ਉਨ੍ਹਾਂ ਖਾਸ ਕਰਕੇ ਘਨੌਰ ਹਲਕੇ ਦੇ ਪਿੰਡਾਂ ਜਿਵੇਂ ਕਿ ਜੰਡ ਮੰਗੋਲੀ, ਊਂਟਸਰ, ਕਾਮੀ ਖੁਰਦ ਤੇ ਚਮਾਰੂ ਵਿੱਚ ਘੱਗਰ ਨਦੀ ਦੇ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।ਇਸ ਮੌਕੇ ਸ੍ਰੀ ਖੜਸੇ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਾਰੇ ਮੰਤਰੀਆਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਨਿੱਜੀ ਤੌਰ 'ਤੇ ਦੌਰਾ ਕਰਨ ਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਣ ਲਈ ਕਿਹਾ ਹੈ, ਤਾਂ ਜੋ ਪੰਜਾਬ ਨੂੰ ਵੱਧ ਤੋਂ ਵੱਧ ਮਦਦ ਦਿੱਤੀ ਜਾ ਸਕੇ।ਉਨ੍ਹਾਂ ਕਿਹਾ ਕਿ ਜਿਨ੍ਹਾਂ ਪਰਵਾਰਾਂ ਦੇ ਘਰਾਂ ਦਾ ਨੁਕਸਾਨ ਹੋਇਆ ਹੈ, ਉਹ ਜ਼ਿਲ੍ਹਾ ਪ੍ਰਸ਼ਾਸਨ ਕੋਲ ਆਪਣੇ ਵੇਰਵੇ ਜਮ੍ਹਾਂ ਕਰਵਾਉਣ ਤਾਂ ਜੋ ਸਹੀ ਮੁਆਵਜ਼ੇ ਦਾ ਪ੍ਰਬੰਧ ਕੀਤਾ ਜਾ ਸਕੇ।ਪ੍ਰਨੀਤ ਕੌਰ ਨੇ ਹੜ੍ਹਾਂ ਕਾਰਨ ਹੋਏ ਨੁਕਸਾਨ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਦੇ 140 ਤੋਂ ਵੱਧ ਪਿੰਡ ਤੇ ਲਗਭਗ 43,700 ਏਕੜ ਉਪਜਾਊ ਖੇਤੀਬਾੜੀ ਜ਼ਮੀਨ ਪ੍ਰਭਾਵਿਤ ਹੋਈ ਹੈ। ਉਨ੍ਹਾਂ ਰੋਜ਼ੀ-ਰੋਟੀ ਬਹਾਲ ਕਰਨ ਤੇ ਲੋਕਾਂ ਨੂੰ ਤੁਰੰਤ ਰਾਹਤ ਪਹੁੰਚਾਉਣ ਲਈ ਤੁਰੰਤ ਮੁੜ ਵਸੇਬਾ ਯਤਨਾਂ ਦੀ ਮੰਗ ਕੀਤੀ।ਦੋਵੇਂ ਆਗੂਆਂ ਨੇ ਭਰੋਸਾ ਦਿੱਤਾ ਕਿ ਰਾਹਤ ਤੇ ਮੁੜ ਵਸੇਬੇ ਦਾ ਕੰਮ ਪੂਰੀ ਤੇਜ਼ੀ ਨਾਲ ਚੱਲ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਕੁਦਰਤੀ ਆਫ਼ਤ ਵਿੱਚ ਕੇਂਦਰ ਸਰਕਾਰ ਤੇ ਭਾਜਪਾ ਪੰਜਾਬ ਦੇ ਲੋਕਾਂ ਨਾਲ ਖੜ੍ਹੀ ਹੈ ਤੇ ਹਰ ਸੰਭਵ ਮਦਦ ਕਰੇਗੀ।

17 Sep Page 11-Majha-25.qxd 9/16/2025 10:44 PM Page 1



# ਐੱਸ ਜੀ ਪੀ ਸੀ ਨੇ ਰਾਹੁਲ ਗਾਂਧੀ ਨੂੰ ਸਿਰੋਪਾਓ ਦੇ ਕੇ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ : ਭੁੱਲੇਵਾਲ ਰਾਠਾਂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜੱਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਭਾਈ ਮਨਜੀਤ ਸਿੰਘ, ਮਾਸਟਰ ਮਿੱਠੂ ਸਿੰਘ ਕਾਹਨੇਕੇ, ਮਲਕੀਤ ਸਿੰਘ ਚੰਗਾਲ ਨੇ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਐੱਸਜੀਪੀਸੀ ਨੇ ਆਪਣੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਾ ਸ੍ਰੀ ਸਮਾਧ ਬਾਬਾ ਬੁੱਢਾ ਜੀ ਸਾਹਿਬ ਰਮਦਾਸ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰਾਹੁਲ ਗਾਂਧੀ ਨੂੰ ਸਿਰੋਪਾਓ ਦੇ ਕੇ ਸਿੱਖਾਂ ਦੇ ਅੱਲੇ ਜ਼ਖ਼ਮਾਂ ਤੇ ਨਮਕ ਪਾਇਆ ਹੈ।ਗਾਂਧੀ ਪਰਿਵਾਰ ਜਿਸ ਨੇ ਆਪਣੇ ਸੱਤਾ ਦੇ ਨਸ਼ੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ ਢੇਰੀ ਕੀਤਾ, ਦਿੱਲੀ ਦੇ ਵਿੱਚ(?) ਸਿੱਖ ਨਸਲਕੁਸ਼ੀ ਦੇ ਜ਼ਿੰਮੇਵਾਰ ਹੈ ਅਤੇ ਦੋਸ਼ੀ ਗਾਂਧੀ ਪਰਿਵਾਰ ਦੇ ਫਰਜ਼ੰਦ ਰਾਹੁਲ ਗਾਂਧੀ ਨੂੰ ਸਿਰੋਪਾਓ ਦੇਣਾ ਅਤੇ ਉਹ ਵੀ ਐੱਸਜੀਪੀਸੀ ਦੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਾ ਸਾਹਿਬ ਵਿੱਚ, ਇਸ ਤੋਂ ਵੱਧ ਸਿੱਖ ਕੌਮ ਲਈ ਸ਼ਰਮਨਾਕ ਗੱਲ ਕੋਈ ਹੋ ਨਹੀਂ ਸਕਦੀ।ਜਾਰੀ ਸਾਂਝੇ ਬਿਆਨ ਵਿੱਚ ਐੱਸਜੀਪੀਸੀ ਮੈਂਬਰਾਂ ਨੇ ਕਿਹਾ ਕਿ ਜੋ ਲੋਕਾਂ 'ਚ ਚਰਚਾ ਸੀ, ਉਹ ਪੂਰੀ ਹੋ ਜਾ ਰਹੀ ਹੈ।ਇਸ ਚਰਚਾ ਵਿੱਚ ਲਗਾਤਾਰ ਕਿਹਾ ਜਾ ਰਿਹਾ ਸੀ ਕਿ ਸ਼ਰਨਾਂ ਭਰਾਵਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੂੰ ਨੇੜੇ ਲਿਆਉਣ ਦਾ ਬੀੜਾ ਚੁੱਕਿਆ ਹੈ।ਉਸੇ ਕੜੀ ਤਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹ ਢੇਰੀ ਕਰਨ ਵਾਲੇ ਗਾਂਧੀ ਪਰਿਵਾਰ ਨੂੰ ਮੁਆਫ਼ੀ ਦਿਵਾਉਣ ਤੱਕ ਦੀ ਸਾਜ਼ਿਸ਼ ਸ਼ਾਮਲ ਹੈ।ਉਸੇ ਕੜੀ ਤਹਿਤ ਸਿੱਖ ਸੰਗਤਾਂ ਦਾ ਗੁੱਸਾ ਠੰਢਾ ਕਰਨ ਲਈ ਪਹਿਲਾਂ ਐੱਸ ਸ਼੍ਰੋਮਣੀ ਕਮੇਟੀ ਦੇ ਗੁਰਦੁਆਰਾ ਸਾਹਿਬ ਵਿੱਚ ਰਾਹੁਲ ਗਾਂਧੀ ਨੂੰ ਸਿਰੋਪਾ ਦਿੱਤਾ ਗਿਆ।ਐੱਸਜੀਪੀਸੀ ਦੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਾ ਸਾਹਿਬ ਤੋਂ ਰਾਹੁਲ ਗਾਂਧੀ ਨੂੰ ਸਿਰੋਪਾਓ ਦਿਵਾ ਕੇ ਇਹ ਅੰਦਾਜ਼ਾ ਲਗਾਉਣ ਦੀ ਕਾਰਵਾਈ ਕੀਤੀ ਕੀਤੀ ਗਈ ਹੈ, ਕਿ ਜੇਕਰ ਸਿੱਖਾਂ ਨੇ ਇਸ ਵੱਡੀ ਕਾਰਵਾਈ ਦਾ ਵਿਰੋਧ ਨਾ ਕੀਤਾ ਤਾਂ ਫਿਰ ਗਾਂਧੀ ਪਰਿਵਾਰ ਅਤੇ ਕਾਂਗਰਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਮ ਮੁਆਫ਼ੀ ਦਾ ਰਸਤਾ ਸਾਫ ਕੀਤਾ ਜਾਵੇ।ਇਹ ਸਾਰਾ ਕੁਝ ਉਸੇ ਪ੍ਰਸੰਗ ਹੇਠ ਕੀਤਾ ਜਾ ਰਿਹਾ ਹੈ, ਜਿਸ ਪ੍ਰਸੰਗ ਹੇਠ ਡੇਰੇ ਸਿਰਸੇ ਨੂੰ ਮੁਆਫੀ ਦਿਵਾਈ ਗਈ ਸੀ ਅਤੇ ਮੁਆਫੀ ਨੂੰ ਸਹੀ ਸਾਬਿਤ ਕਰਨ ਲਈ ਐੱਸਜੀਪੀਸੀ ਦੀ ਗੋਲਕ ਤੱਕ ਵਰਤੀ ਗਈ ਸੀ।ਜਾਰੀ ਬਿਆਨ ਵਿੱਚ ਐੱਸਜੀਪੀਸੀ ਮੈਂਬਰਾਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਕਾਂਗਰਸ ਦੀ ਸ਼ਮੂਲੀਅਤ ਵਾਲੇ ਇੰਡੀਆ ਗਠਜੋੜ ਵਾਲੇ ਕੇਂਦਰੀ ਸਿਆਸੀ ਪਾਰਟੀ ਨਾਲ ਤਾਮਿਲਨਾਡੂ ਵਿੱਚ ਮੀਟਿੰਗ ਕਰ ਚੁੱਕਾ ਹੈ।ਏਸੇ ਦੀ ਇਵਜ਼ ਵਿੱਚ ਸੁਖਬੀਰ ਬਾਦਲ ਵਾਲੇ ਧੜੇ ਦਾ ਮੁੱਖ ਆਗੂ ਦਾਅਵਾ ਤੱਕ ਕਰ ਚੁੱਕੇ ਹਨ ਕਿ ਕਾਂਗਰਸ ਹੁਣ ਪਹਿਲਾਂ ਵਾਲੀ ਨਹੀਂ ਰਹੀ।ਐੱਸਜੀਪੀਸੀ ਮੈਂਬਰਾਂ ਨੇ ਕਿਹਾ ਕਿ ਅੱਜ ਬਾਦਲ ਪਰਿਵਾਰ ਦੇ ਹੁਕਮਾਂ ਤੋਂ ਬਿਨਾਂ ਐੱਸਜੀਪੀਸੀ ਵਿੱਚ ਪੱਤਾ ਵੀ ਨਹੀਂ ਹਿੱਲਦਾ, ਇਸ ਕਰਕੇ ਸਪਸ਼ਟ ਕੀਤਾ ਜਾਵੇ ਕਿ ਇਹ ਸਿਰੋਪਾਓ ਕਿਸ ਦੇ ਹੁਕਮਾਂ 'ਤੇ ਦਿੱਤਾ ਗਿਆ।

# ਸ਼੍ਰੋਮਣੀ ਅਕਾਲੀ ਦਲ ਹੜ੍ਹ ਪੀੜਤਾਂ ਨਾਲ ਚੱਟਾਨ ਵਾਂਗ ਖੜ੍ਹਾ:ਗਨੀਵ ਕੌਰ ਮਜੀਠੀਆ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਦੇ ਕੁਝ ਜ਼ਿਲ੍ਹਿਆਂ 'ਚ ਹੜ੍ਹਾਂ ਦੇ ਪਾਣੀ ਨਾਲ ਹੋਈ ਭਾਰੀ ਤਬਾਹੀ ਦਾ ਆਪ ਜਾ ਕੇ ਹੋਏ ਨੁਕਸਾਨ ਦਾ ਜਾਇਜ਼ਾ ਲੈ ਕੇ ਮੌਕੇ ਤੇ ਹੀ ਹਰ ਤਰ੍ਹਾਂ ਦੀ ਮਾਲੀ ਮਦਦ ਵਜੋਂ ਸਹਾਇਤਾ ਦਿੱਤੀ ਜਾ ਰਹੀ ਹੈ ਜਿਸ ਤੋਂ ਸਾਬਿਤ ਹੁੰਦਾ ਹੈ ਕਿ ਅਕਾਲੀ ਦਲ ਹੜ੍ਹ ਪੀੜਤਾਂ ਨਾਲ ਚੱਟਾਨ ਵਾਂਗ ਖੜ੍ਹੇ ਹੋਣ ਦਾ ਸਬੂਤ ਦੇ ਰਿਹਾ ਹੈ ਅਤੇ ਵਿਰੋਧੀਆਂ ਨੂੰ ਵੀ ਸੋਚਣ ਲਈ ਮਜਬੂਰ ਕਰ ਦਿੱਤਾ ਹੈ।ਬੀਬਾ ਗਨੀਵ ਕੌਰ ਮਜੀਠੀਆ ਨੇ ਕਿਹਾ ਕਿ ਜਿੱਥੇ ਪੰਜਾਬ ਦੀ ਆਪ ਸਰਕਾਰ ਹੜ੍ਹ ਪੀੜਤਾਂ ਨੂੰ ਸਹੂਲਤਾਂ ਦੇਣ ਵਿੱਚ ਨਾਕਾਮ ਰਹੀ ਹੈ ਉਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ 'ਚ ਹੜ੍ਹਾਂ ਨਾਲ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਜੋ 1600 ਕਰੋੜ ਦਿੱਤਾ ਹੈ, ਜਦੋਂਕਿ ਉਨ੍ਹਾਂ ਨੂੰ 50 ਹਜ਼ਾਰ ਕਰੋੜ ਰੁਪਿਆ ਦੇਣਾ ਚਾਹੀਦਾ ਸੀ।ਇਸ ਮੌਕੇ ਸੁਖਵਿੰਦਰ ਸਿੰਘ ਗੋਲਡੀ ਸਾਬਕਾ ਚੇਅਰਮੈਨ, ਮੇਜਰ ਸ਼ਿਵਚਰਨ ਸਿੰਘ ਸ਼ਿਵੀ, ਲਖਬੀਰ ਸਿੰਘ ਗਿੱਲ, ਗਗਨਦੀਪ ਸਿੰਘ ਭਕਨਾ, ਮਨਿੰਦਰ ਸਿੰਘ ਮੱਤੇਵਾਲ, ਗੁਰਪ੍ਰੀਤ ਸਿੰਘ, ਰਣਧੀਰ ਸਿੰਘ ਧੀਰਾ ਭੋਏ, ਸੋਨੂ ਬੋਪਾਰਾਏ ਆਦਿ ਆਗੂ ਵੀ ਹਾਜ਼ਰ ਸਨ।

# ਕਟਾਰੂਚੱਕ ਦੀ ਨਿਗਰਾਨੀ ਹੇਠ ਹੜ੍ਹ ਪ੍ਰਭਾਵਿਤ ਦਸ ਪਿੰਡਾਂ 'ਚ ਚਲਾਇਆ ਮਹਾਂ ਸਫਾਈ ਅਭਿਆਨ



**ਪਠਾਨਕੋਟ, (ਰਵਿੰਦਰ ਸਿੰਘ)**-ਹੜ੍ਹਾਂ ਨੇ ਬਹੁਤ ਜ਼ਿਆਦਾ ਨੁਕਸਾਨ ਕੀਤਾ ਹੈ ਅਤੇ ਪੰਜਾਬ ਸਰਕਾਰ ਹਰ ਤਰ੍ਹਾਂ ਦੇ ਹੋਏ ਨੁਕਸਾਨ ਨੂੰ ਧਿਆਨ ਵਿੱਚ ਰੱਖ ਕੇ ਕੰਮ ਕਰ ਰਹੀ ਹੈ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਹੜ੍ਹ ਪ੍ਰਭਾਵਿਤ ਵੱਖ-ਵੱਖ ਪਿੰਡਾਂ ਅੰਦਰ ਸਫਾਈ ਕਾਰਜਾਂ ਵਿੱਚ ਹਿੱਸਾ ਲੈਣ ਮਗਰੋਂ ਪਿੰਡ ਖੋਜਕੀ ਚੱਕ ਵਿਖੇ ਜਾਣਕਾਰੀ ਦਿੰਦਿਆਂ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ. ਵਿੰਗ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਸੁਰਿੰਦਰ ਸ਼ਾਹ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਮੁਨੀਸ਼ ਗੁਪਤਾ ਸਰਪੰਚ ਕਥਿਆਲ, ਸੰਦੀਪ ਸਰਪੰਚ ਮਨਵਾਲ, ਦਵਿੰਦਰ ਸਿੰਘ ਸਰਪੰਚ ਚੱਕ ਅਮੀਰ, ਜੋਗਿੰਦਰ ਪਾਲ ਸਰਪੰਚ ਖੋਜਕੀ ਚੱਕ, ਸਰੋਜ ਬਾਲਾ ਸਰਪੰਚ, ਯਸ਼ਪਾਲ ਵਰਮਾ, ਛਾਇੰਦਰ ਸਿੰਘ ਮੁੰਨਾ, ਲਵਲੀ ਮਨਹੀਤ(?), ਤਰਸੇਮ ਸਿਹੋੜਾ ਕੋਆਰਡੀਨੇਟਰ ਯੂਥ ਕਲੱਬ, ਦੀਪ ਸਿੰਘ ਸਰਪੰਚ, ਸਾਹਿਲ ਕੁਮਾਰ ਅਤੇ ਪਾਰਟੀ ਦੇ ਹੋਰ ਕਾਰਜਕਰਤਾ ਵੀ ਹਾਜ਼ਰ ਸਨ।ਉਨ੍ਹਾਂ ਕਿਹਾ ਕਿ ਹੜ੍ਹਾਂ ਤੋਂ ਬਾਅਦ ਹੜ੍ਹ ਪ੍ਰਭਾਵਿਤ ਖੇਤਰਾਂ ਅੰਦਰ ਇਹ ਡਰ ਬਣਿਆ ਹੋਇਆ ਹੈ ਕਿ ਕਿਸੇ ਤਰ੍ਹਾਂ ਦੀ ਕੋਈ ਮਹਾਂਮਾਰੀ ਨਾ ਫੈਲ ਜਾਏ। ਜਿਸ ਤੇ ਕਾਰਜ ਕਰਦਿਆਂ ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਹਰ ਉਹ ਵਿਧਾਨ ਸਭਾ ਜੋ ਹੜ੍ਹਾਂ ਦੇ ਕਾਰਨ ਪ੍ਰਭਾਵਿਤ ਹੋਈ ਹੈ ਉਥੋਂ ਦਾ ਐੱਮਐੱਲਏ/ਮੰਤਰੀ ਵਿਧਾਨ ਸਭਾ ਖੇਤਰ ਅੰਦਰ ਜਾ ਕੇ ਪਿੰਡ ਪਿੰਡ ਪਹੁੰਚ ਕਰਕੇ ਸਫਾਈ ਅਭਿਆਨ ਵਿੱਚ ਪਹੁੰਚੇ ਅਤੇ ਉਸ ਖੇਤਰ ਦੀ ਸਾਫ ਸਫਾਈ ਦੇ ਨਾਲ ਨਾਲ ਲੋਕਾਂ ਨੂੰ ਜਾਗਰੂਕ ਕਰੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਰ ਇੱਕ ਹੜ੍ਹ ਪ੍ਰਭਾਵਿਤ ਪਿੰਡ ਨੂੰ ਕਰੀਬ ਇੱਕ ਇੱਕ ਲੱਖ ਰੁਪਏ ਪਹਿਲੀ ਕਿਸ਼ਤ ਵਜੋਂ ਦਿੱਤੇ ਜਾ ਰਹੇ ਹਨ ਤਾਂ ਜੋ ਹੋਰ ਵੀ ਚੰਗੇ ਢੰਗ ਨਾਲ ਸਫਾਈ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਹਰੇਕ ਵਿਧਾਇਕ, ਕੈਬਨਿਟ ਮੰਤਰੀ ਜੋ ਹੜ੍ਹ ਪ੍ਰਭਾਵਿਤ ਖੇਤਰਾਂ ਨਾਲ ਸਬੰਧਤ ਹਨ, ਪਾਰਟੀ ਕਾਰਜਕਰਤਾਵਾਂ ਦੇ ਨਾਲ ਮਿਲ ਕੇ ਸਫਾਈ ਅਭਿਆਨ ਚਲਾਏਗਾ ਅਤੇ ਲੋਕਾਂ ਨੂੰ ਜਾਗਰੂਕ ਕਰੇਗਾ।

# ਰਾਮਦੀਵਾਲੀ ਹਿੰਦੂਆਂ 'ਚ ਬਾਬਾ ਰਾਜਾ ਰਾਮ ਦਾ ਸਾਲਾਨਾ ਜੋੜ ਮੇਲਾ ਮਨਾਇਆ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਰਾਮਦੀਵਾਲੀ ਹਿੰਦੂਆਂ ਵਿਚ ਬਾਬਾ ਰਾਜਾ ਰਾਮ ਦਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਭਾਵਨਾ ਤੇ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਤੇ ਵਿਧਾਨ ਸਭਾ ਹਲਕਾ ਮਜੀਠਾ ਦੇ ਕਾਂਗਰਸ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਸਾਥੀਆਂ ਸਮੇਤ ਨਤਮਸਤਕ ਹੋਏ ਤੇ ਗੁਰੂ ਸਾਹਿਬ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਜੀਤ ਸਿੰਘ ਔਜਲਾ ਅਤੇ ਭਗਵੰਤ ਪਾਲ ਸਿੰਘ ਸੱਚਰ ਨੇ ਕਿਹਾ ਕਿ ਪੰਜਾਬ ਵਿਚ ਹੜ੍ਹਾਂ ਕਾਰਨ ਹੋਈ ਭਾਰੀ ਤਬਾਹੀ ਦੇ ਮੱਦੇ ਨਜ਼ਰ ਪੰਜਾਬ ਦੀ ਭਗਵੰਤ ਮਾਨ ਦੀ ਸਰਕਾਰ ਤੇ ਕੇਂਦਰ ਦੀ ਮੋਦੀ ਸਰਕਾਰ ਨੇ ਹੋਏ ਨੁਕਸਾਨ ਤੇ ਲੋਕਾਂ ਨੂੰ ਜੋ ਆਸ ਸੀ ਕਿ ਇਹ ਸਰਕਾਰਾਂ ਇੰਨੀ ਤਬਾਹੀ ਹੋਣ 'ਤੇ ਜ਼ਰੂਰ ਮੁਆਵਜ਼ਾ ਦੇਣਗੀਆਂ ਤੇ ਖਾਸ ਤੌਰ ਤੇ ਸਰਹੱਦੀ ਜ਼ਿਲ੍ਹਿਆਂ ਨੂੰ ਭਾਰੀ ਨੁਕਸਾਨ ਕਾਰਨ ਪੰਜਾਬ ਲਈ ਵੱਡਾ ਰਾਹਤ ਪੈਕਜ ਦੇਣਗੀਆਂ ਪਰ ਸਰਕਾਰਾਂ ਨੇ ਲੋੜ ਮੁਤਾਬਕ ਪੰਜਾਬ ਦੀ ਬਾਂਹ ਨਹੀਂ ਫੜੀ। ਔਜਲਾ ਅਤੇ ਸੱਚਰ ਨੇ ਕੇਂਦਰ ਸਰਕਾਰ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪੰਜਾਬ ਲਈ ਜਲਦ ਵੱਡੀ ਰਾਸ਼ੀ ਹੜ੍ਹ ਪੀੜਤਾਂ ਲਈ ਰਾਹਤ ਪੈਕੇਜ ਦੇ ਤੌਰ 'ਤੇ ਦਿੱਤੀ ਜਾਵੇ।ਇਸ ਮੌਕੇ ਬਲਾਕ ਪ੍ਰਧਾਨ ਨਵਤੇਜਪਾਲ ਸਿੰਘ ਸੋਹੀਆਂ, ਬਲਾਕ ਪ੍ਰਧਾਨ ਨਵਦੀਪ ਸਿੰਘ ਸੋਨਾ, ਬਲਾਕ ਪ੍ਰਧਾਨ ਸਤਨਾਮ ਸਿੰਘ ਕਾਜੀਕੋਟ, ਝਿਰਮਲ ਸਿੰਘ ਬਾਠ, ਸੁਰਜੀਤ ਸਿੰਘ ਭੀਲੋਵਾਲ, ਤਜਿੰਦਰ ਸਿੰਘ ਸ਼ਾਹ ਤਰਫਾਨ, ਸਰਪੰਚ ਸ਼ਮਸ਼ੇਰ ਸਿੰਘ ਬਾਬੋਵਾਲ, ਡਾ. ਸੁਖਵਿੰਦਰ ਸਿੰਘ ਰੰਧਾਵਾ, ਸੁਲੱਖਣ ਸਿੰਘ ਕੱਥੂਨੰਗਲ, ਮੋਹਨ ਸਿੰਘ ਕੱਥੂਨੰਗਲ, ਦਿਲਬਾਗ ਸਿੰਘ ਬਾਬੋਵਾਲ, ਗੁਰਪ੍ਰੀਤ ਸਿੰਘ, ਸਤਨਾਮ ਸਿੰਘ, ਜਗਤਾਰ ਸਿੰਘ, ਕਸ਼ਮੀਰ ਸਿੰਘ, ਪ੍ਰਤਾਪ ਸਿੰਘ ਰਾਜੂ, ਜਸਪਾਲ ਸਿੰਘ, ਸੁੱਖਾ, ਮੁਖਤਾਰ ਸਿੰਘ, ਬਲਵਿੰਦਰ ਸਿੰਘ ਤੇ ਮਿਲਖਾ ਸਿੰਘ ਵੀ ਹਾਜ਼ਰ ਸਨ।

# 75 ਫੀਸਦੀ ਤਬਾਹੀ ਵਾਲੇ ਪਿੰਡਾਂ 'ਚ 7 ਦਿਨਾਂ 'ਚ ਗਿਰਦਾਵਰੀ ਹੋਵੇਗੀ ਮੁਕੰਮਲ : ਧਾਲੀਵਾਲ



**ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ, ਕਮਲੇਸ਼)**-ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਸ਼ਹਿਰ ਦੇ ਹੜ੍ਹਾਂ ਤੋਂ ਪ੍ਰਭਾਵਿਤ ਬਾਹਰੀ ਪਿੰਡਾਂ ਨੰਗਲ, ਵੰਞਾਂਵਾਲਾ, ਚੱਕਫੂਲਾ, ਕਮੀਰਪੁਰਾ ਵਿਖੇ ਸਰਕਾਰੀ ਸਕੂਲਾਂ ਸਣੇ ਪਿੰਡਾਂ 'ਚ ਸਾਫ ਸਫਾਈ ਮੁਹਿੰਮ ਦੀ ਅਗਵਾਈ ਕੀਤੀ ਅਤੇ ਪਿੰਡ ਚੱਕ ਫੂਲਾ ਵਿਖੇ ਨੁਕਸਾਨੀਆਂ ਗਈਆਂ ਫਸਲਾਂ ਦਾ ਜਾਇਜ਼ਾ ਲੈਣ ਮੌਕੇ ਉਨ੍ਹਾਂ (ਸ. ਧਾਲੀਵਾਲ) ਨੇ ਇਕ ਕਿਸਾਨ ਸੁਖਚੈਨ ਸਿੰਘ ਗਿੱਲ ਦੇ ਖੇਤਾਂ 'ਚ ਬਾਕਾਇਦਾ ਖੁਦ ਕੰਬਾਈਨ ਚਲਾ ਕੇ ਨੁਕਸਾਨੇ ਝੋਨੇ ਦੀ ਭੌਤਿਕ ਪੜਤਾਲ ਕੀਤੀ ਤੇ ਜਾਇਜ਼ਾ ਲਿਆ।ਜਦੋਂਕਿ ਉਨ੍ਹਾਂ ਨੇ ਹੜ੍ਹ ਪੀੜਤ ਕਿਸਾਨਾਂ ਸਮੇਤ ਹੋਰਨਾਂ ਵਰਗਾਂ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਮੌਕੇ ਤੇ ਹੱਲ ਕੀਤੀਆਂ।ਉਪਰੰਤ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਹੜ੍ਹਾਂ ਕਾਰਨ ਨੁਕਸਾਨੀਆਂ ਗਈਆਂ ਫਸਲਾਂ ਦਾ ਨਿਰਧਾਰਿਤ ਸਮੇਂ ਵਿੱਚ ਮੁਆਵਜ਼ਾ ਦੇਣ ਲਈ ਵਿਧਾਨ ਸਭਾ ਹਲਕਾ ਅਜਨਾਲਾ ਦੇ ਹੜ੍ਹਾਂ ਦੀ ਮਾਰ ਦੇ ਝੰਬੇ 100 ਪਿੰਡਾਂ ਸਮੇਤ ਸੂਬੇ ਭਰ ਦੇ 2400 ਦੇ ਕਰੀਬ ਪਿੰਡਾਂ 'ਚ 13 ਸਤੰਬਰ ਤੋਂ ਬਾਕਾਇਦਾ ਨੁਕਸਾਨੀਆਂ ਫਸਲਾਂ ਦੀ ਗਿਰਦਾਵਰੀ ਕਰਨ ਲਈ ਪ੍ਰਭਾਵਿਤ ਪਿੰਡਾਂ 'ਚ ਮਾਲ ਪਟਵਾਰੀ ਆਪਣੀ ਸਰਕਾਰੀ ਡਿਊਟੀ 'ਚ ਰੁੱਝ ਗਏ ਹਨ ਅਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਤੇ ਤਾਇਨਾਤ ਮਾਲ ਵਿਭਾਗ ਦੇ ਪਟਵਾਰੀ 75 ਫੀਸਦੀ ਤੋਂ ਵੱਧ ਫਸਲਾਂ ਦੇ ਨੁਕਸਾਨ ਵਾਲੇ ਪਿੰਡਾਂ 'ਚ 7 ਦਿਨਾਂ 'ਚ ਗਿਰਦਾਵਰੀ ਅਤੇ 75 ਫੀਸਦੀ ਤੋਂ ਘੱਟ ਵਾਲੇ ਪਿੰਡਾਂ 'ਚ 14 ਦਿਨਾਂ 'ਚ ਗਿਰਦਾਵਰੀ ਦੀਆਂ ਮੁਆਵਜ਼ੇ ਲਈ ਰਿਪੋਰਟਾਂ ਤਿਆਰ ਕਰਨਗੇ।ਪਟਵਾਰੀਆਂ ਕੋਲੋਂ ਨਿਸ਼ਚਿਤ ਸਮੇਂ 'ਚ ਗਿਰਦਾਵਰੀ ਰਿਪੋਰਟਾਂ ਹਾਸਲ ਹੁੰਦਿਆਂ ਹੀ ਕਾਨੂੰਨਗੋ ਹਰ ਰੋਜ਼ 25 ਪਿੰਡਾਂ ਦਾ ਦੌਰਾ ਕਰਕੇ ਰਿਪੋਰਟਾਂ ਠੀਕ ਜਾਂ ਗਲਤ ਹੋਣ ਸੰਬੰਧੀ ਤਸਦੀਕ ਕਰਨਗੇ ਜਦੋਂਕਿ ਤਹਿਸੀਲਦਾਰ, ਐੱਸਡੀਐੱਮ ਤੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਵੀ ਆਪਣੇ ਪੱਧਰ 'ਤੇ ਰਿਪੋਰਟਾਂ ਦੀ ਪੜਤਾਲ ਕਰਕੇ ਨਿਗਰਾਨ ਵਜੋਂ ਭੂਮਿਕਾ ਨਿਭਾਉਣਗੇ। ਗਿਰਦਾਵਰੀ ਲਈ ਹਲਕਾ ਅਜਨਾਲਾ ਦੇ ਪ੍ਰਭਾਵਿਤ ਪਿੰਡਾਂ 'ਚ 25 ਮਾਲ ਪਟਵਾਰੀਆਂ ਸਣੇ ਜ਼ਿਲ੍ਹੇ 'ਚ 196 ਪਟਵਾਰੀ ਤਾਇਨਾਤ ਕੀਤੇ ਗਏ ਹਨ।ਸ. ਧਾਲੀਵਾਲ ਨੇ ਅੱਗੇ ਕਿਹਾ ਕਿ ਹੜ੍ਹਾਂ ਦੇ ਪਾਣੀ ਦੀ ਗਾਰ , ਰੇਤ ਤੇ ਹੋਰ ਸਫਾਈ ਸਮੱਸਿਆਵਾਂ 'ਚ ਘਿਰੇ ਹਲਕਾ ਅਜਨਾਲਾ ਦੇ 100 ਪਿੰਡਾਂ ਅਤੇ ਪੰਜਾਬ ਭਰ ਦੇ 2400 ਦੇ ਕਰੀਬ ਪਿੰਡਾਂ 'ਚ ਪ੍ਰਸ਼ਾਸਨ ਨੂੰ ਸਮਾਜ ਸੇਵੀ ਸੰਸਥਾਵਾਂ ਦਾ ਵੀ ਸਰਗਰਮ ਸਹਿਯੋਗ ਹਾਸਲ ਹੈ, ਕਿਉਂਕਿ ਐਵਰਸਟ ਦੀ ਚੋਟੀ ਤੇ ਚੜ੍ਹਨ ਨਾਲੋਂ ਵੀ ਮੁਸ਼ਕਿਲ ਸਾਫ ਸਫਾਈ ਦਾ ਕੰਮ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਹੀ 10 ਦਿਨ੍ਹਾਂ 'ਚ ਨੇਪਰੇ ਚਾੜ੍ਹਨ ਲਈ ਸਰਕਾਰ ਵਚਨਬੱਧ ਹੈ।ਸ. ਧਾਲੀਵਾਲ ਨੇ ਕਿਹਾ ਕਿ ਹਲਕੇ 'ਚ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ 'ਚ ਅਜੇ ਤੱਕ ਕਿਸੇ ਵਿਸ਼ੇਸ਼ ਬਿਮਾਰੀ ਦੀ ਮਹਾਂਮਾਰੀ ਦੀ ਸੂਚਨਾ ਨਹੀਂ ਹੈ, ਪਰ ਫਿਰ ਵੀ ਅੱਖਾਂ, ਚਮੜੀ ਦੇ ਰੋਗ ਫੈਲਣ ਦੀਆਂ ਮੁੱਢਲੀਆਂ ਸੂਚਨਾਵਾਂ ਹਨ ਅਤੇ ਜ਼ਿਲ੍ਹਾ ਸਿਹਤ ਪ੍ਰਸ਼ਾਸਨ ਵੱਲੋਂ ਕੀਤੇ ਗਏ ਪ੍ਰਭਾਵਿਤ ਪਿੰਡਾਂ 'ਚ 1 ਲੱਖ ਦੇ ਕਰੀਬ ਲੋਕਾਂ ਦੇ ਸਰਵੇਖਣ 'ਚੋਂ 3 ਹਜ਼ਾਰ ਦੇ ਕਰੀਬ ਲੋਕ ਅੱਖਾਂ ਤੇ ਚਮੜੀ ਦੇ ਰੋਗ ਤੋਂ ਪ੍ਰਭਾਵਿਤ ਪਾਏ ਗਏ ਹਨ।

# ਸਿਹਤ ਵਿਭਾਗ ਦੇ ਡਿਪਟੀ ਡਾਇਰੈਕਟਰ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਕੀਤਾ ਨਿਰੀਖਣ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਅਤੇ ਸਿਹਤ ਵਿਭਾਗ ਦੇ ਸੈਕਟਰੀ ਵੱਲੋਂ ਡੇਰਾ ਬਾਬਾ ਨਾਨਕ ਅਤੇ ਕਲਾਨੌਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਮੰਤਵ ਨਾਲ ਜਾਇਜ਼ਾ ਲੈਣ ਸਬੰਧੀ ਡਿਪਟੀ ਡਾਇਰੈਕਟਰ ਸਿਹਤ ਵਿਭਾਗ ਡਾਕਟਰ ਸ਼ਰਨਜੀਤ ਕੌਰ ਦੀ ਡਿਊਟੀ ਲਗਾਈ ਗਈ ਹੈ ।ਡਿਪਟੀ ਡਾਇਰੈਕਟਰ ਡਾਕਟਰ ਸ਼ਰਨਜੀਤ ਕੌਰ ਵੱਲੋਂ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਦੇ ਸਟਾਫ ਸਮੇਤ ਸਭ ਤੋਂ ਵੱਧ ਹੜ੍ਹ ਪ੍ਰਭਾਵਿਤ ਖੇਤਰ ਕਰਤਾਰਪੁਰ ਕੋਰੀਡੋਰ ਦੇ ਨਜ਼ਦੀਕੀ ਪਿੰਡ ਪੱਖੋਕੇ ਟਾਹਲੀ ਸਾਹਿਬ ਵਿਖੇ ਲੋਕਾਂ ਦੇ ਘਰ ਘਰ ਪਹੁੰਚ ਕਰਕੇ ਸ਼ੁਰੂਆਤ ਕਰਦੇ ਹੋਏ ਲੋਕਾਂ ਕੋਲ ਸਿਹਤ ਸੇਵਾਵਾਂ ਪਹੁੰਚਣ ਸਬੰਧੀ ਜਾਣਕਾਰੀ ਲਈ ਗਈ।ਉਨ੍ਹਾਂ ਵੱਲੋਂ ਮੌਜੂਦਾ ਹਾਲਾਤ ਵੇਖਦੇ ਹੋਏ ਕੋਲੋਰੀਨ ਗੋਲੀਆਂ ਦੀ ਵਰਤੋਂ, ਖੜ੍ਹੇ ਪਾਣੀ ਤੇ ਸਪਰੇਅ ਅਤੇ ਮੱਛਰਾਂ ਦੀ ਸਪਰੇਅ ਕਰਾਉਣ ਬਾਰੇ ਕਿਹਾ ਗਿਆ ।ਇਸ ਮੌਕੇ ਡਾ. ਸ਼ਰਨਜੀਤ ਕੌਰ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਰਾ ਬਾਬਾ ਨਾਨਕ ਸਿਵਲ ਹਸਪਤਾਲ ਨੂੰ 8 ਹੋਰ ਫੋਗਿੰਗ ਮਸ਼ੀਨਾਂ ਦਿੱਤੀਆਂ ਗਈਆਂ ਹਨ ।ਉਨ੍ਹਾਂ ਦੱਸਿਆ ਕਿ ਇਹ ਸਭ ਐਪੀਡੋਮਿਕ ਡੇਂਗੂ ਅਤੇ ਮਲੇਰੀਏ ਤੋਂ ਬਚਾਉਣ ਲਈ ਕੰਮ ਕੀਤੇ ਜਾ ਰਹੇ ਹਨ ।ਇਸ ਮੌਕੇ ਮੌਜੂਦਾ ਸਟਾਫ਼ ਐੱਸਐੱਮਓ ਡਾ. ਪ੍ਰਗਤੀ ਸਿੰਘ, ਮੈਡੀਕਲ ਅਫਸਰ ਡਾ. ਜਤਿੰਦਰ ਸਿੰਘ, ਮੈਡੀਕਲ ਅਫ਼ਸਰ ਡੈਂਟਲ ਡਾ. ਸਾਹਿਲ ਮਹਾਜਨ, ਮੈਡੀਕਲ ਅਫ਼ਸਰ ਡਾ. ਖੁਸ਼ਮਿੰਦਰ ਸਿੰਘ, ਰਾਜਵਿੰਦਰ ਕੌਰ, ਸਪਨਾ, ਪ੍ਰਦੂਮਣ ਸਿੰਘ, ਸਰਬਜੀਤ ਸਿੰਘ, ਦੀਪਕ ਨਈਅਰ ਆਦਿ ਹਾਜ਼ਰ ਸਨ ।

# ਜ਼ਿਲ੍ਹਾ ਗੁਰਦਾਸਪੁਰ 'ਚ 343 ਪਟਵਾਰੀ ਵਿਸ਼ੇਸ਼ ਗਿਰਦਾਵਰੀ ਦੇ ਕੰਮ 'ਚ ਲੱਗੇ:ਰਮਨ ਬਹਿਲ

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਮੁਲਾਂਕਣ ਕਰਨ ਲਈ ਸੂਬੇ ਭਰ ਵਿੱਚ ਵਿਸ਼ੇਸ਼ ਗਿਰਦਾਵਰੀ ਜਾਰੀ ਹੈ ਅਤੇ ਸੂਬੇ ਦੇ ਹਰ ਹੜ੍ਹ ਪੀੜਤ ਨੂੰ ਪੰਜਾਬ ਸਰਕਾਰ ਵੱਲੋਂ 45 ਦਿਨਾਂ ਦੇ ਅੰਦਰ ਮੁਆਵਜ਼ਾ ਦਿੱਤਾ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਆਪ ਆਗੂ ਅਤੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਇੰਚਾਰਜ ਰਮਨ ਬਹਿਲ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਵਿਸ਼ੇਸ਼ ਗਿਰਦਾਵਰੀ ਕਰਵਾਉਣ ਲਈ ਕੁੱਲ 2167 ਪਟਵਾਰੀਆਂ ਨੂੰ ਤਾਇਨਾਤ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ 343 ਪਟਵਾਰੀ ਵਿਸ਼ੇਸ਼ ਗਿਰਦਾਵਰੀ ਉਪਰ ਲੱਗੇ ਹੋਏ ਹਨ।ਉਨ੍ਹਾਂ ਕਿਹਾ ਕਿ ਵਿਸ਼ੇਸ਼ ਗਿਰਦਾਵਰੀ ਲਈ ਤਾਇਨਾਤ ਟੀਮਾਂ ਪਿੰਡ-ਪਿੰਡ ਜਾ ਕੇ ਖੇਤਾਂ ਦਾ ਨਿਰੀਖਣ ਕਰ ਰਹੀਆਂ ਹਨ ਅਤੇ ਫ਼ਸਲਾਂ ਤੇ ਘਰਾਂ ਦੇ ਨੁਕਸਾਨ ਅਤੇ ਪਸ਼ੂਆਂ ਦੀ ਮੌਤ ਬਾਰੇ ਵੀ ਰਿਪੋਰਟਾਂ ਤਿਆਰ ਕਰ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਫ਼ਸਲਾਂ ਦੇ ਨੁਕਸਾਨ ਲਈ ਪ੍ਰਤੀ ਏਕੜ 20,000 ਰੁਪਏ, ਜਿਨ੍ਹਾਂ ਪਰਿਵਾਰਾਂ ਦੇ ਘਰ ਢਹਿ ਗਏ ਹਨ ਉਨ੍ਹਾਂ ਨੂੰ 1,20,000 ਰੁਪਏ ਅਤੇ ਅੰਸ਼ਕ ਤੌਰ ਤੇ ਨੁਕਸਾਨੇ ਗਏ ਘਰਾਂ ਨੂੰ 40,000 ਰੁਪਏ ਦਿੱਤੇ ਜਾਣਗੇ। ਇਸੇ ਤਰ੍ਹਾਂ ਪਸ਼ੂਆਂ ਦੇ ਨੁਕਸਾਨ ਦਾ ਵੀ ਪ੍ਰਵਾਨਿਤ ਨਿਯਮਾਂ ਅਨੁਸਾਰ ਮੁਆਵਜ਼ਾ ਦਿੱਤਾ ਜਾਵੇਗਾ, ਜਿਸ ਵਿੱਚ ਗਾਵਾਂ ਜਾਂ ਮੱਝਾਂ ਲਈ 37,500 ਰੁਪਏ ਅਤੇ ਬੱਕਰੀਆਂ ਲਈ 4,000 ਰੁਪਏ ਸ਼ਾਮਲ ਹਨ।



# ਨਸ਼ਾ ਸਮੱਗਲਰ ਦੀ ਗੈਰ-ਕਾਨੂੰਨੀ ਜਾਇਦਾਦ 'ਤੇ ਚਲਿਆ ਪ੍ਰਸ਼ਾਸਨ ਦਾ ਪੀਲਾ ਪੰਜਾ




**ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)**-ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਨੂੰ ਜਾਰੀ ਰੱਖਦੇ ਹੋਏ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਪੁਲਸ ਥਾਣਾ ਛਾਉਣੀ ਅੰਮ੍ਰਿਤਸਰ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਗਵਾਲ ਮੰਡੀ ਖੇਤਰ ਵਿੱਚ ਇੱਕ ਨਸ਼ਾ ਤਸਕਰ ਦੀ ਗੈਰ-ਕਾਨੂੰਨੀ ਜਾਇਦਾਦ ਢਾਹ ਕੇ ਇੱਕ ਵੱਡੀ ਕਾਰਵਾਈ ਕੀਤੀ।ਮਨਦੀਪ ਕੁਮਾਰ ਉਰਫ਼ ਕਾਲੀ ਪੁੱਤਰ ਰਾਜ ਕੁਮਾਰ ਨਿਵਾਸੀ ਮਕਾਨ ਨੰਬਰ 1522/12, ਗਲੀ ਰਵਿਦਾਸ ਮੰਦਰ, ਗਵਾਲ ਮੰਡੀ, ਰਾਮ ਤੀਰਥ ਰੋਡ, ਅੰਮ੍ਰਿਤਸਰ, ਲੰਬੇ ਸਮੇਂ ਤੋਂ ਨਸ਼ਾ ਤਸਕਰੀ ਵਿੱਚ ਸਰਗਰਮੀ ਨਾਲ ਸ਼ਾਮਲ ਹੈ। ਇਸ ਮੌਕੇ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਨੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਵਿੱਚ ਸ਼ਾਮਲ ਲੋਕਾਂ ਨੂੰ ਸਖ਼ਤ ਚਿਤਾਵਨੀ ਜਾਰੀ ਕਰਦਿਆਂ ਕਿਹਾ ਕਿ ਜੋ ਵਿਅਕਤੀ ਨਸ਼ਿਆਂ ਦੇ ਜ਼ਹਿਰ ਨਾਲ ਪੰਜਾਬ ਦੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਨੂੰ ਤਬਾਹ ਕਰ ਰਹੇ ਹਨ, ਉਨ੍ਹਾਂ ਨੂੰ ਬਿਨਾਂ ਕਿਸੇ ਨਰਮੀ ਦੇ ਸਖ਼ਤ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।ਉਨ੍ਹਾਂ ਨੇ ਮੁੜ ਦੁਹਰਾਇਆ ਕਿ ਨਸ਼ੀਲੇ ਪਦਾਰਥਾਂ ਦੇ ਪੈਸੇ ਰਾਹੀਂ ਗੈਰ-ਕਾਨੂੰਨੀ ਤੌਰ 'ਤੇ ਪ੍ਰਾਪਤ ਕੀਤੀਆਂ ਜਾਇਦਾਦਾਂ ਨੂੰ ਨਿਸ਼ਾਨਾ ਬਣਾਇਆ ਅਤੇ ਢਾਹਿਆ ਜਾਂਦਾ ਰਹੇਗਾ।ਪੰਜਾਬ ਪੁਲਸ ਨਸ਼ਾ ਵਿਰੋਧੀ ਮੁਹਿੰਮ ਵਿੱਚ ਯਤਨ ਤੇਜ਼ ਕਰ ਰਹੀ ਹੈ, ਰੋਜ਼ਾਨਾ ਵੱਡੇ ਪੱਧਰ 'ਤੇ ਬਰਾਮਦਗੀਆਂ ਅਤੇ ਗ੍ਰਿਫ਼ਤਾਰੀਆਂ ਕਰ ਰਹੀ ਹੈ।ਜਨਤਾ ਨੂੰ ਵੀ ਅਪੀਲ ਹੈ ਕਿ ਉਹ ਅੱਗੇ ਆਵੇ ਅਤੇ ਨਸ਼ਾ ਤਸਕਰਾਂ ਬਾਰੇ ਕੋਈ ਵੀ ਜਾਣਕਾਰੀ ਪੁਲਸ ਨਾਲ ਸਾਂਝੀ ਕਰੇ। ਸੂਚਨਾ ਦੇਣ ਵਾਲਿਆਂ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

# ਸਿਵਲ ਹਸਪਤਾਲ ਕਾਹਨੂੰਵਾਨ ਜਿੱਥੇ ਇਲਾਜ ਲਈ ਮਰੀਜ਼ਾਂ ਨੂੰ ਬੈੱਡ ਘਰੋਂ ਲਿਆਉਣੇ ਪੈਂਦੇ

## ਇੰਜੈਕਸ਼ਨ ਵੀ ਕਈ ਵਾਰ ਡਾਕਟਰਾਂ ਦੀ ਬਜਾਏ ਦਰਜਾ ਚਾਰ ਕਰਮਚਾਰੀਆਂ ਵੱਲੋਂ ਲਗਾਏ ਜਾਂਦੇ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਡੇਂਗੂ ਦੇ ਵਧਦੇ ਪ੍ਰਕੋਪ ਦੇ ਚਲਦਿਆਂ ਵਿਧਾਨ ਸਭਾ ਹਲਕਾ ਕਾਦੀਆਂ ਅਧੀਨ ਆਉਂਦੇ ਸਿਵਲ ਹਸਪਤਾਲ ਕਾਹਨੂੰਵਾਨ ਵਿੱਚ ਇਲਾਜ ਕਰਵਾਉਣ ਲਈ ਮਰੀਜ਼ਾਂ ਨੂੰ ਘਰਾਂ ਤੋਂ ਬੈੱਡ ਲਿਆਉਣੇ ਪੈਂਦੇ ਹਨ। ਹਾਲਾਂਕਿ ਪੰਜਾਬ ਸਰਕਾਰ ਵੱਲੋਂ ਰਾਜ ਅੰਦਰ 10 ਲੱਖ ਰੁਪਏ ਤੱਕ ਦਾ ਮੁਫਤ ਇਲਾਜ ਕਰਨ ਦਾ ਵਾਅਦਾ ਅਤੇ ਦਾਅਵੇ ਕੀਤੇ ਗਏ ਹਨ ਪਰ ਕਮਿਊਨਿਟੀ ਹੈਲਥ ਸੈਂਟਰ ਕਾਹਨੂੰਵਾਨ ਅੰਦਰ ਇਲਾਜ ਕਰਵਾਉਣ ਲਈ ਆਉਣ ਵਾਲੇ ਮਰੀਜ਼ਾਂ ਨੂੰ ਨਾ ਮਾਤਰ ਸਿਹਤ ਸਹੂਲਤਾਂ ਮਿਲ ਰਹੀਆਂ ਹਨ। 30 ਬਿਸਤਰਿਆਂ ਦੇ ਇਸ ਹਸਪਤਾਲ 'ਚ ਮਰੀਜ਼ਾਂ ਦੇ ਲਈ ਲੋੜੀਂਦੇ ਬੈੱਡ ਵੀ ਨਹੀਂ ਹਨ। ਹਸਪਤਾਲ ਦੇ ਅੰਦਰ ਮਾਹਿਰ ਡਾਕਟਰਾਂ ਅਤੇ ਹੋਰ ਡਾਕਟਰੀ ਅਮਲੇ ਦੀ ਘਾਟ ਦੇ ਚਲਦਿਆਂ ਬਲਾਕ ਕਾਹਨੂੰਵਾਨ ਦੇ ਅਧੀਨ ਪੈਂਦੇ 90 ਪਿੰਡਾਂ ਤੋਂ ਵੱਧ ਲੋਕਾਂ ਦੀ ਸਿਹਤ ਦਰਜਾ ਚਾਰ ਕਰਮਚਾਰੀਆਂ ਦੇ ਹਵਾਲੇ ਹੈ। ਮਰੀਜ਼ਾਂ ਨੂੰ ਇੰਜੈਕਸ਼ਨ ਵੀ ਕਈ ਵਾਰ ਦਰਜਾ ਚਾਰ ਕਰਮਚਾਰੀਆਂ ਵੱਲੋਂ ਲਗਾਏ ਜਾਂਦੇ ਹਨ।ਹਸਪਤਾਲ ਵਿੱਚ ਪੁਖਤਾ ਪ੍ਰਬੰਧ ਨਾ ਹੋਣ ਕਾਰਨ ਇਲਾਕੇ ਦੇ ਲੋਕਾਂ ਵਿੱਚ ਭਾਰੀ ਰੋਸ ਹੈ।ਇਸ ਸਬੰਧੀ ਜਦੋਂ ਕਮਿਊਨਿਟੀ ਹੈਲਥ ਸੈਂਟਰ ਦੀ ਐੱਸਐੱਮਓ ਡਾ. ਨੀਲਮ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਤੁਸੀਂ ਘਰਾਂ ਤੋਂ ਮਰੀਜ਼ਾਂ ਨੂੰ ਮੰਜੇ ਲਿਆਉਣ ਲਈ ਕਿਹਾ ਤਾਂ ਉਨ੍ਹਾਂ ਨੇ ਕਿਹਾ ਕਿ ਜਦੋਂ ਵਿਭਾਗ ਕੋਲ ਕੋਈ ਪ੍ਰਬੰਧ ਹੀ ਨਹੀਂ ਹੈ ਤਾਂ ਫਿਰ ਮਰੀਜ਼ਾਂ ਨੂੰ ਤਾਂ ਆਪਣਾ ਪ੍ਰਬੰਧ ਕਰਨਾ ਹੀ ਪਵੇਗਾ।ਉਧਰ ਮਰੀਜ਼ਾਂ ਅਤੇ ਲੋਕਾਂ ਦੀ ਮੰਗ ਹੈ ਕਿ ਸਿਹਤ ਮੰਤਰੀ ਪੰਜਾਬ ਨੂੰ ਤੁਰੰਤ ਇਸ ਹਸਪਤਾਲ ਦੀ ਸਾਰ ਲੈਣੀ ਚਾਹੀਦੀ ਹੈ। ਇਸ ਸਾਰੇ ਮਾਮਲੇ ਸਬੰਧੀ ਜਦੋਂ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਜਸਵਿੰਦਰ ਸਿੰਘ ਦੇ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਦੱਸਿਆ ਕਿ ਇਹ ਸਾਰਾ ਮਾਮਲਾ ਉਹਨਾਂ ਦੇ ਧਿਆਨ ਵਿੱਚ ਆ ਗਿਆ ਤੇ ਮੈਂ ਇਸ ਦੀ ਜਾਂਚ ਕਰਵਾ ਕੇ ਮਾਮਲੇ ਨੂੰ ਬਰੀਕੀ ਨਾਲ ਜਾਂਚਾਂਗਾ ਅਤੇ ਜੇਕਰ ਕੋਈ ਇਸ ਮਾਮਲੇ ਦੇ ਵਿੱਚ ਅਣਗਹਿਲੀ ਵਰਤਦਾ ਹੋਇਆ ਅਧਿਕਾਰੀ ਨਜ਼ਰ ਆਇਆ ਤਾਂ ਉਸ ਦੇ ਖਿਲਾਫ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

# ਵਿਰਾਸਤੀ ਮੰਚ ਬਟਾਲਾ ਨੇ ਮਹਾਰਾਜਾ ਸ਼ੇਰ ਸਿੰਘ ਤੇ ਉਸ ਦੇ ਪੁੱਤਰ ਟਿੱਕਾ ਪ੍ਰਤਾਪ ਸਿੰਘ ਦੀ ਬਰਸੀ ਮਨਾਈ

**ਬਟਾਲਾ, (ਤਰਲੋਕ ਬੱਗਾ)**-ਵਿਰਾਸਤੀ ਮੰਚ ਬਟਾਲਾ (ਰਜਿ:) ਵੱਲੋਂ ਬੀਤੀ ਸ਼ਾਮ ਮਹਾਰਾਜਾ ਸ਼ੇਰ ਸਿੰਘ ਤੇ ਉਸ ਦੇ ਪੁੱਤਰ ਟਿੱਕਾ ਪ੍ਰਤਾਪ ਸਿੰਘ ਦੀ 182ਵੀਂ ਬਰਸੀ ਮਨਾਈ ਗਈ।ਬਰਸੀ ਨੂੰ ਸਮਰਪਿਤ ਵਿਰਾਸਤੀ ਮੰਚ ਵੱਲੋਂ ਇੱਕ ਦਿਨ ਪਹਿਲਾਂ ਗੁਰੂ ਨਾਨਕ ਕਾਲਜ ਬਟਾਲਾ ਵਿਖੇ ਵਿਸ਼ੇਸ਼ ਸੈਮੀਨਾਰ ਲਗਾ ਕੇ ਵਿਦਿਆਰਥੀਆਂ ਨੂੰ ਮਹਾਰਾਜਾ ਸ਼ੇਰ ਸਿੰਘ ਵੇਲੇ ਉਸ ਦੇ ਪੁੱਤਰ ਟਿੱਕਾ ਪ੍ਰਤਾਪ ਸਿੰਘ ਦੀ ਇਤਿਹਾਸਕ ਦੇਣ ਅਤੇ ਉਨ੍ਹਾਂ ਦੇ ਜੀਵਨ ਬਾਰੇ ਜਾਣੂ ਕਰਵਾਇਆ ਗਿਆ।ਵਿਰਾਸਤੀ ਮੰਚ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਮਹਾਰਾਜਾ ਸ਼ੇਰ ਸਿੰਘ ਦੇ ਪੈਲੇਸ ਦੇ ਬਾਹਰਵਾਰ ਮੋਮਬਤੀਆਂ ਜਗਾ ਕੇ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਗਈ।ਇਸ ਮੌਕੇ ਗੱਲ ਕਰਦਿਆਂ ਵਿਰਾਸਤੀ ਮੰਚ ਦੇ ਪ੍ਰਧਾਨ ਬਲਦੇਵ ਸਿੰਘ ਰੰਧਾਵਾ ਨੇ ਦੱਸਿਆ ਕਿ ਮਹਾਰਾਜਾ ਸ਼ੇਰ ਸਿੰਘ ਤੇ ਉਸ ਦੇ ਪੁੱਤਰ ਪ੍ਰਤਾਪ ਸਿੰਘ ਦਾ ਕਤਲ 15 ਸਤੰਬਰ 1843 ਨੂੰ ਲਾਹੌਰ ਵਿੱਚ ਉਸ ਸਮੇਂ ਕੀਤਾ ਗਿਆ ਜਦੋਂ ਉਹ ਲਾਹੌਰ ਦਰਬਾਰ ਦੀ ਬਾਦਸ਼ਾਹੀ ਸੰਭਾਲ ਰਹੇ ਸਨ।ਉਨ੍ਹਾਂ ਕਿਹਾ ਕਿ ਮਹਾਰਾਜਾ ਸ਼ੇਰ ਸਿੰਘ ਕਤਲ ਪੰਜਾਬ ਦੇ ਇਤਿਹਾਸ ਦਾ ਉਹ ਕਾਲਾ ਦਿਨ ਹੈ ਜਿਸ ਨੇ ਪੰਜਾਬ ਦੀ ਤਕਦੀਰ ਨੂੰ ਹਨੇਰੇ ਵਿੱਚ ਧੱਕ ਦਿੱਤਾ ਸੀ।ਇਸ ਮੌਕੇ ਵਿਰਾਸਤੀ ਮੰਚ ਦੇ ਜਨਰਲ ਸਕੱਤਰ ਡੀਪੀਆਰਓ ਇੰਦਰਜੀਤ ਸਿੰਘ ਹਰਪੁਰਾ ਨੇ ਮਹਾਰਾਜਾ ਸ਼ੇਰ ਸਿੰਘ ਤੇ ਉਸ ਦੇ ਪੁੱਤਰ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ ਸ਼ੇਰ ਸਿੰਘ ਮਹਾਰਾਜ ਰਣਜੀਤ ਸਿੰਘ ਦੇ ਪੁੱਤਰ ਸਨ ਅਤੇ ਸੰਨ 1807 ਵਿੱਚ ਉਨ੍ਹਾਂ ਦਾ ਜਨਮ ਬਟਾਲਾ ਵਿਖੇ ਹੋਇਆ ਸੀ।ਉਨ੍ਹਾਂ ਕਿਹਾ ਕਿ ਤਿੱਬਤ ਤੇ ਲਦਾਖ਼ ਵੱਲ ਇਲਾਕੇ ਮਹਾਰਾਜਾ ਸ਼ੇਰ ਸਿੰਘ ਦੇ ਰਾਜ ਵਿੱਚ ਹੀ ਖ਼ਾਲਸਾ ਫ਼ੌਜਾਂ ਵੱਲੋਂ ਜਿੱਤੇ ਗਏ ਸਨ।ਉਨ੍ਹਾਂ ਕਿਹਾ ਕਿ ਮਹਾਰਾਜਾ ਸ਼ੇਰ ਸਿੰਘ ਦੀ ਇਤਿਹਾਸਕ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ।ਇਸ ਮੌਕੇ ਵਿਰਾਸਤੀ ਮੰਚ ਦੇ ਚੇਅਰਮੈਨ ਐਡਵੋਕੇਟ ਹਰਦਿੱਤ ਸਿੰਘ ਮਾਂਗਟ, ਸ਼ਮਸ਼ੇਰ ਸਿੰਘ ਮੱਲ੍ਹੀ, ਕੁਲਵਿੰਦਰ ਸਿੰਘ ਲਾਡੀ ਜੱਸਲ, ਪ੍ਰਿੰਸ ਚੱਠਾ, ਸ਼ੇਰੇ ਪੰਜਾਬ ਸਿੰਘ ਕਾਹਲੋਂ, ਜਸਬੀਰ ਸਿੰਘ, ਹਰਬਖ਼ਸ਼ ਸਿੰਘ, ਹਰਪ੍ਰੀਤ ਸਿੰਘ, ਅਨੁਰਾਗ ਮਹਿਤਾ, ਹਰਮਨ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜ਼ਰ ਸਨ।




# ਸੁਖਮਨਜੋਤ ਕੌਰ ਵੱਲੋਂ ਕਲਾਸੀਕਲ ਵੋਕਲ 'ਚ ਪਹਿਲਾ ਸਥਾਨ ਹਾਸਲ




**ਬਟਾਲਾ (ਡਾ. ਮਲਵਿੰਦਰ ਸਿੰਘ)**-ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ ਵਿਦਿਆਰਥਣ ਸੁਖਮਨਜੋਤ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਖ਼ਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਅੰਮ੍ਰਿਤਸਰ ਵਿਖੇ ਹੋਏ ਜ਼ੋਨਲ ਪੱਧਰ ਦੇ 'ਕਲਾਸੀਕਲ ਵੋਕਲ ਸੋਲੋ' ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸ ਮੁਕਾਬਲੇ ਵਿੱਚ ਪੰਜ ਜ਼ਿਲ੍ਹਿਆਂ ਕਪੂਰਥਲਾ, ਅੰਮ੍ਰਿਤਸਰ, ਤਰਨਤਾਰਨ, ਪਠਾਨਕੋਟ ਅਤੇ ਗੁਰਦਾਸਪੁਰ ਦੇ ਵੱਖ-ਵੱਖ ਸਕੂਲਾਂ ਦੀਆਂ ਟੀਮਾਂ ਨੇ ਹਿੱਸਾ ਲਿਆ।

ਸੁਖਮਨਜੋਤ ਕੌਰ ਨੇ ਆਪਣੀ ਸੁਰੀਲੀ ਪੇਸ਼ਕਾਰੀ ਅਤੇ ਸ਼ਾਸਤਰੀ ਸੰਗੀਤ ਦੀ ਡੂੰਘੀ ਸਮਝ ਨਾਲ ਜੱਜਾਂ ਨੂੰ ਪ੍ਰਭਾਵਿਤ ਕੀਤਾ।ਸੰਗੀਤ ਵਿਭਾਗ ਦੇ ਅਧਿਆਪਕਾਂ ਰਾਜਵਿੰਦਰ ਕੌਰ, ਲਵਨੀਸ਼ ਮਹਾਜਨ ਅਤੇ ਪਾਰਸ ਨੇ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਵਿੱਚ ਵਿਸ਼ੇਸ਼ ਮਾਰਗਦਰਸ਼ਨ ਦਿੱਤਾ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਸੁਖਮਨਜੋਤ ਕੌਰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਸੁਖਮਨਜੋਤ ਕੌਰ ਦੇ ਉੱਜਵ ਭਵਿੱਖ ਦੀ ਕਾਮਨਾ ਕੀਤੀ। ਸਾਰਿਆਂ ਨੇ ਸੁਖਮਨਜੋਤ ਕੌਰ ਨੂੰ ਆਉਣ ਵਾਲੇ ਰਾਜ ਪੱਧਰੀ ਮੁਕਾਬਲੇ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਸੇਵਾ ਭਾਰਤੀ ਬਟਾਲਾ ਤੇ ਅਰੋਗਿਆ ਭਾਰਤੀ ਟੀਮ ਨੇ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਏ



**ਡੇਰਾ ਬਾਬਾ ਨਾਨਕ(ਰਮੇਸ਼ ਸ਼ਰਮਾ)**-ਸੇਵਾ ਭਾਰਤੀ ਬਟਾਲਾ ਅਤੇ ਅਰੋਗਿਆ ਭਾਰਤੀ ਟੀਮ ਅੰਮ੍ਰਿਤਸਰ ਵੱਲੋਂ ਹਲਕਾ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਪਿੰਡ ਸਮਰਾਵਾਂ ਅਤੇ ਠੇਠਰਕੇ ਵਿੱਚ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਏ ਗਏ । ਦੋਵਾਂ ਪਿੰਡਾਂ ਦੇ ਲਗਭਗ 200 ਔਰਤਾਂ, ਪੁਰਸ਼ਾਂ ਅਤੇ ਬੱਚਿਆਂ ਨੇ ਇਸ ਕੈਂਪ ਦਾ ਲਾਭ ਉਠਾਇਆ ।ਇਸ ਕੈਂਪ ਮੌਕੇ ਮੁੱਖ ਮਹਿਮਾਨ ਵਜੋਂ ਮਾਰਕਫੈੱਡ ਦੇ ਵਾਈਸ ਚੇਅਰਮੈਨ ਜਸਦੀਪ ਸਿੰਘ, ਡਾ. ਕੌਸ਼ਲ ਸੇਠ ਐੱਮ ਐੱਸ ਸਰਜਰੀ ਅਤੇ ਸਹਿਯੋਗੀ ਭਵਿੱਖ ਦੇ ਡਾ. ਭੂਮਿਕਾ ਅਤੇ ਆਰੋਹੀ ਨੂੰ ਪ੍ਰਬੰਧਕਾਂ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ ।

ਸਮਰਾਵਾਂ ਪਿੰਡ ਵਿੱਚ ਡਾ. ਜਗਦੀਸ਼ ਗੋਸਵਾਮੀ, ਸੇਵਾ ਟੀਮ ਦੇ ਜ਼ਿਲ੍ਹਾ ਮੁਖੀ ਨਾਗੇਸ਼, ਸੇਵਾ ਭਾਰਤੀ ਦੇ ਜ਼ਿਲ੍ਹਾ ਮੁਖੀ ਅਨਿਲ ਗੁਪਤਾ, ਠੇਠਰਕੇ ਮੰਦਰ ਦੇ ਪੁਜਾਰੀ ਪੰਡਿਤ ਭੁਵਨ ਸ਼ਰਮਾ, ਸਮਰਾਵਾਂ ਮੰਦਰ ਦੇ ਮੁਖੀ ਸ਼ਰੋਮੀ ਸ਼ਰਮਾ, ਸੰਸਕਾਰ ਕੇਂਦਰ ਬੱਚਿਆਂ ਦੇ ਅਧਿਆਪਕ ਦੀਦੀ ਸੁਪ੍ਰੀਤ, ਪੰਚਾਇਤ ਮੈਂਬਰ ਚੰਚਲ ਸਿੰਘ, ਮਨੀਸ਼ ਗੁਪਤਾ, ਡਾ. ਹੇਮੰਤ ਅਤੇ ਧਰਮਵੀਰ, ਛੇਹਰਟਾ ਤੋਂ ਸੇਵਾ ਸਹਿਯੋਗੀ, ਰਾਮੇਸ਼ਵਰ ਨਾਰਾਇਣ, ਮਦਨ ਲਾਲ ਜੁਲਕਾ, ਉਦੇਸ਼ ਕੁਮਾਰ ਅਤੇ ਰਮਨ ਕੁਮਾਰ, ਸਹਿਕਾਰ ਭਾਰਤੀ ਦੇ ਮੈਂਬਰ ਰਾਜਿੰਦਰ ਸਿੰਘ, ਬਿਸ਼ਟ ਵੇਦ ਪ੍ਰਕਾਸ਼, ਰਮੇਸ਼ ਸ਼ਰਮਾ, ਚੇਤਨ ਮਹਾਜਨ, ਨਿਤਿਨ ਮਹਾਜਨ, ਰਾਜੀਵ ਭਾਟੀਆ,ਅਮਰ ਬਹਾਦੁਰ ਮੋਰੀਆ, ਆਗਿਆਪਾਲ ਸਿੰਘ, ਰਾਜੇਸ਼ ਸ਼ਰਮਾ, ਰਾਜੇਸ਼ ਭਾਟੀਆ, ਵਿਮਲ ਕੁਮਾਰ, ਅਮਿਤ ਭੰਡਾਰੀ, ਸੰਜੀਵ ਕੁਮਾਰ, ਅਨਿਲ ਕੁਮਾਰ, ਰੁਦਰ, ਐਕਸੀਅਨ ਐੱਸ. ਪੀ. ਸਿੰਘ ਰੰਧਾਵਾ ਆਦਿ ਹਾਜ਼ਰ ਸਨ ।ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਸ਼ਨ ਬੈੱਡ, ਬਿਸਤਰਾ, ਤਰਪਾਲ ਗੱਦੇ ਆਦਿ ਮੁਹੱਈਆ ਕਰਵਾ ਕੇ ਵਿਸ਼ੇਸ਼ ਯੋਗਦਾਨ ਪਾਇਆ ਗਿਆ ।

# ਪਾਕਿ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਤੋਂ ਰੋਕਣਾ ਮੰਦਭਾਗਾ: ਚੀਫ਼ ਖ਼ਾਲਸਾ ਦੀਵਾਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ ਨੇ ਕੇਂਦਰ ਸਰਕਾਰ ਵੱਲੋਂ ਗੁਰਪੁਰਬ ਮੌਕੇ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਪਾਕਿਸਤਾਨ ਵਿਖੇ ਸਥਿਤ ਗੁਰਧਾਮਾਂ ਦੀ ਯਾਤਰਾ ਕਰਨ ਤੋਂ ਰੋਕਣ ਦਾ ਫੈਸਲਾ ਬਹੁਤ ਮੰਦਭਾਗਾ ਕਰਾਰ ਦਿੱਤਾ।ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਹਰ ਸਾਲ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਵਿਖੇ ਸਥਿਤ ਉਨ੍ਹਾਂ ਦੇ ਜਨਮ ਅਸਥਾਨ ਗੁ: ਸ੍ਰੀ ਨਨਕਾਣਾ ਸਾਹਿਬ ਅਤੇ ਉਹਨਾਂ ਦੀ ਯਾਦ ਵਿਚ ਬਣੇ ਹੋਰਨਾਂ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਕੇ ਨਿਹਾਲ ਹੁੰਦੀਆਂ ਹਨ ਪ੍ਰੰਤੂ ਇਸ ਵਾਰ ਕੇਂਦਰ ਸਰਕਾਰ ਵੱਲੋਂ ਇਸ ਪਵਿੱਤਰ ਯਾਤਰਾ ਤੇ ਪਾਬੰਦੀ ਲਗਾਉਣ ਕਰਕੇ ਸਮੂਹ ਸਿੱਖ ਸੰਗਤਾਂ ਵਿਚ ਰੋਸ ਅਤੇ ਨਿਰਾਸ਼ਾ ਦੀ ਲਹਿਰ ਹੈ ਅਤੇ ਉਨ੍ਹਾਂ ਦੀ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਸੱਟ ਵੱਜੀ ਹੈ।ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਫੈਸਲਾ ਸਿੱਖਾਂ ਦੀ ਧਾਰਮਿਕ ਆਜ਼ਾਦੀ ਅਤੇ ਅਧਿਕਾਰਾਂ ਦੇ ਵਿਰੁੱਧ ਹੈ ।ਦੀਵਾਨ ਅਹੁਦੇਦਾਰਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਆਪਣੇ ਫੈਸਲੇ ਤੇ ਮੁੜ ਵਿਚਾਰ ਕਰਕੇ ਇਸ ਪਵਿੱਤਰ ਯਾਤਰਾ ਤੇ ਲਗਾਈ ਪਾਬੰਦੀ ਨੂੰ ਤੁਰੰਤ ਖਤਮ ਕਰਦਿਆਂ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਦੇ ਜਨਮ ਅਸਥਾਨ ਗੁ: ਸ੍ਰੀ ਨਨਕਾਣਾ ਸਾਹਿਬ ਵਿਖੇ ਵੱਡੇ ਪੱਧਰ ਤੇ ਮਨਾਏ ਜਾ ਰਹੇ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਦੀ ਪ੍ਰਵਾਨਗੀ ਦੇਵੇ।

# ਪੰਜਾਬ ਭਰ ਦੇ ਵੇਰਕਾ ਮਿਲਕ ਤੇ ਕੈਟਲ ਫੀਡ ਪਲਾਂਟਾਂ ਅੱਗੇ ਕੀਤੀਆਂ ਗੇਟ ਰੈਲੀਆਂ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**-ਵੇਰਕਾ ਮਿਲਕ ਅਤੇ ਕੈਟਲਫੀਡ ਪਲਾਂਟ ਆਊਟਸੋਰਸ ਮੁਲਾਜ਼ਮ ਯੂਨੀਅਨ ਪੰਜਾਬ ਵਲੋਂ ਵੇਰਕਾ ਮਿਲਕ ਪਲਾਂਟਾਂ ਦੇ ਅੱਗੇ ਗੇਟ ਰੈਲੀਆਂ ਕੀਤੀਆਂ ਗਈਆਂ ਅਤੇ ਪੰਜਾਬ ਸਰਕਾਰ ਅਤੇ ਮਿਲਕਫੈੱਡ ਮੈਨੇਜਮੈਂਟ ਦੇ ਵਿਰੋਧ ਵਿੱਚ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਪ੍ਰਧਾਨ ਜਗਜੀਤ ਸਿੰਘ ਨੇ ਦੱਸਿਆਂ ਕਿ ਪਿਛਲੇ ਲੰਬੇ ਸਮੇਂ ਤੋ ਵੇਰਕਾ ਮਿਲਕ ਅਤੇ ਕੈਟਲਫੀਡ ਪਲਾਂਟਾਂ ਵਿੱਚ ਕੰਮ ਕਰ ਰਹੇ ਆਊਟਸੋਰਸ ਮੁਲਾਜ਼ਮ ਯੂਨੀਅਨ ਦੀਆਂ ਮੰਗਾਂ ਲਟਕ ਰਹੀਆਂ ਹਨ ਅਤੇ ਮੈਨੇਜਮੈਂਟ ਪਿਛਲੀਆਂ ਮੀਟਿੰਗਾ ਵਿੱਚ ਮੰਨੀਆਂ ਹੋਈਆਂ ਮੰਗਾਂ ਨੂੰ ਵੀ ਲਾਗੂ ਨਹੀਂ ਕਰ ਰਹੀ ਅਤੇ ਕੁੱਝ ਹੋਰ ਹੱਕੀ ਅਤੇ ਜਾਇਜ਼ ਮੰਗਾਂ ਮੰਨਣ ਦੀ ਬਜਾਏ ਪੰਜਾਬ ਸਰਕਾਰ ਦੀ ਸ਼ਹਿ ਤੇ ਆਗੂਆਂ ਨੂੰ ਡਰਾਉਣ ਧਮਕਾਉਣ ਦੀਆਂ ਕੋਝੀਆਂ ਚਾਲਾਂ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਕੱਲ 15 ਸਤੰਬਰ ਦੀ ਮੁੱਖ ਦਫ਼ਤਰ ਚੰਡੀਗੜ੍ਹ ਮੈਨੇਜਿੰਗ ਡਾਇਰੈਕਟਰ ਰਾਹੁਲ ਗੁਪਤਾ ਵਲੋਂ ਮੀਟਿੰਗ ਦਿੱਤੀ ਗਈ ਸੀ ।ਇਸ ਮੀਟਿੰਗ ਵਿਚ ਐੱਮ. ਡੀ. ਵੱਲੋਂ ਸੂਬਾ ਕਮੇਟੀ ਦੇ ਆਗੂਆਂ ਨੂੰ ਪਰਚੇ ਕੱਟਣ ਅਤੇ ਜੇਲ੍ਹਾਂ ਵਿਚ ਸੁੱਟਣ ਦੀਆਂ ਧਮਕੀਆਂ ਦਿੱਤੀਆਂ ਗਈਆਂ, ਇਸ ਦੇ ਰੋਸ ਵਜੋਂ ਸੂਬਾ ਕਮੇਟੀ ਵਲੋਂ ਮੀਟਿੰਗ ਦਾ ਬਾਈਕਾਟ ਕਰ ਦਿੱਤਾ ਗਿਆ ।ਉਨ੍ਹਾਂ ਦੱਸਿਆ ਕਿ ਇਸ ਦੇ ਰੋਸ ਵਜੋਂ ਜਥੇਬੰਦੀ ਵਲੋਂ ਠੇਕਾ ਸੰਘਰਸ਼ ਮੋਰਚਾ ਦੇ ਬੈਨਰ ਹੇਠ 28 ਸਤੰਬਰ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਮੌਕੇ ਮੁੱਖ ਮੰਤਰੀ ਪੰਜਾਬ ਦੀ ਕੋਠੀ ਦਾ ਘਿਰਾਓ ਕਰਨ ਦਾ ਐਲਾਨ ਕੀਤਾ।ਸਮੂਹ ਵੇਰਕਾ ਮਿਲਕ ਅਤੇ ਕੈਟਲਫੀਡ ਪਲਾਂਟ ਆਊਟਸੋਰਸ ਮੁਲਾਜ਼ਮ ਯੂਨੀਅਨ ਵੱਲੋਂ 6-10-2025 ਤੋਂ ਲਗਾਤਾਰ ਤਿੰਨ ਦਿਨ ਰੋਸ ਪ੍ਰਦਰਸ਼ਨ ਕੀਤੇ ਜਾਣਗੇ ਅਤੇ ਜਦੋਂ ਤੱਕ ਸਾਡੀਆਂ ਹੱਕੀ ਮੰਗਾਂ ਮੰਨੀਆਂ ਨਹੀਂ ਜਾਦੀਆਂ ਉਨੀ ਦੇਰ ਇਹ ਰੋਸ ਪ੍ਰਦਰਸ਼ਨ ਸ਼ਾਂਤਮਈ ਚੱਲਦਾ ਰਹੇਗਾ।ਜੋ ਵੀ ਵਰਕਰ ਯੂਨੀਅਨ ਦਾ ਨੁਕਸਾਨ ਹੋਵੇਗਾ ਇਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਅਤੇ ਵੇਰਕਾ ਮੈਨੇਜਮੈਂਟ ਹੋਵੇਗੀ।ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਨਵਤੇਜ ਸਿੰਘ, ਜਤਿੰਦਰ ਭਨੋਟ, ਗੁਰਪਾਲ ਸਿੰਘ, ਹਰਚਰਨ ਸਿੰਘ ਕਲਸੀ, ਬਲਜੀਤ ਸਿੰਘ, ਜਸਵਿੰਦਰ ਸਿੰਘ, ਭੁਪਿੰਦਰ ਸਿੰਘ, ਮਨਜੀਤ ਸਿੰਘ, ਹਰਜੀਤ ਸਿੰਘ, ਜਸਦੇਵ ਸਿੰਘ, ਮਲਕੀਤ ਸਿੰਘ, ਸੁਰਿੰਦਰ ਸਿੰਘ ਸ਼ਿੰਦਾ, ਸੁਰਿੰਦਰ ਸਿੰਘ ਸੋਨੂੰ, ਨਵਦੀਪ ਸਿੰਘ, ਸਿਮਰਨਪ੍ਰੀਤ ਸਿੰਘ, ਮਨਜੀਤ ਸਿੰਘ, ਬੂਟਾ ਸਿੰਘ, ਗੁਰਪ੍ਰੀਤ ਸਿੰਘ, ਸੁਰਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਜਤਿੰਦਰ ਸਿੰਘ, ਵਿਨੇ ਕੁਮਾਰ ਆਦਿ ਹਾਜ਼ਰ ਸਨ।



# ਚੋਰੀ ਦੇ ਮੋਟਰਸਾਈਕਲਾਂ ਸਮੇਤ ਤਿੰਨ ਲੁਟੇਰੇ ਕਾਬੂ

**ਅਲਾਵਲਪੁਰ (ਮਦਨ ਬੰਗੜ)**- ਪੁਲਸ ਚੌਕੀ ਅਲਾਵਲਪੁਰ ਵੱਲੋਂ ਚੋਰੀ ਦੇ ਮੋਟਰਸਾਈਕਲਾਂ ਸਮੇਤ ਤਿੰਨ ਵਿਅਕਤੀਆਂ ਨੂੰ ਕਾਬੂ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸੰਬਧੀ ਜਾਣਕਾਰੀ ਦਿੰਦੇ ਹੋਏ ਪੁਲਿਸ ਚੌਕੀ ਇੰਚਾਰਜ ਏ ਐਸ ਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਜਦੋਂ ਉਹ ਪੁਲਸ ਪਾਰਟੀ ਸਮੇਤ ਰੇਲਵੇ ਫਾਟਕਾਂ ਨਜ਼ਦੀਕ ਨਾਕਾਬੰਦੀ ਦੌਰਾਨ ਮੌਜੂਦ ਸਨ । ਉਸ ਵਕਤ ਉਹਨਾਂ ਨੂੰ ਮੁੱਖਪੁਰ ਵੱਲੋਂ ਸੂਚਨਾ ਦਿੱਤੀ ਕਿ ਲੁੱਟਾਂ ਖੋਹਾਂ ਕਰਨ ਵਾਲੇ ਗਿਰੋਹ ਦੇ ਕੁਝ ਮੈਂਬਰ ਚੋਰੀ ਦੇ ਮੋਟਰਸਾਈਕਲਾਂ ਸਮੇਤ ਰਮਾ ਸ਼ੰਕਰ ਉਰਫ ਸ਼ੰਕਰ ਪੁੱਤਰ ਰਾਮ ਸੁਰੇਮਲ ਵਾਸੀ ਪੰਕਜ ਦਾ ਵੇਹੜਾ ਹਰਦਿਆਲ ਨਗਰ ਜਲੰਧਰ ਥਾਣਾ ਡਵੀਜਨ 8 ਜਲੰਧਰ, ਸੋਨੂੰ ਯਾਦਵ ਪੁੱਤਰ ਹੋਸੀਲਾ ਪ੍ਰਸ਼ਾਦ ਯਾਦਵ ਵਾਸੀ ਹਰਦਿਆਲ ਨਗਰ ਜਲੰਧਰ ਅਤੇ ਬੱਲੂ ਪੁੱਤਰ ਪੱਪੂ ਵਾਸੀ ਮੁਹੱਲਾ ਸੰਤੋਖਪੁਰਾ ਜਲੰਧਰ ਹਾਲ ਵਾਸੀ ਹਰਦਿਆਲ ਨਗਰ ਜਲੰਧਰ ਜੋ ਕਿ ਤਿੰਨੋ ਜਣੇ ਮਿਲ ਕੇ ਰਾਤ ਸਮੇ ਮੇਨ ਜੀ ਟੀ ਰੋਡ ਅਤੇ ਲਿੰਕ ਰੋਡ ਤੇ ਆਉਂਦੇ ਜਾਂਦੇ ਰਾਹਗੀਰਾਂ ਨੂੰ ਰੋਕ ਕੇ ਦਾਤਰ ਦਿਖਾ ਕੇ ਡਰਾ ਧਮਕਾ ਕੇ ਉਹਨਾਂ ਪਾਸੋ ਮੋਟਰਸਾਇਕਲਾ ਅਤੇ ਪੈਸਿਆ ਦੀ



ਲੁੱਟ ਖੋਹ ਕਰਦੇ ਹਨ। ਉਕਤ ਤਿੰਨੋ ਜਣੇ ਲੁੱਟ ਖੋਹ ਕੀਤੇ ਹੋਏ ਦੋ ਮੋਟਰਸਾਇਕਲਾ ਉਪਰ ਸਵਾਰ ਹੋ ਕੇ ਹੋਰ ਲੁੱਟਖੋਹ ਕਰਨ ਦੀ ਨੀਅਤ ਨਾਲ ਜਲੰਧਰ ਤੋ ਕਿਸ਼ਨਗੜ ਹੁੰਦੇ ਹੋਏ ਆਦਮਪੁਰ ਵਾਲੀ ਸਾਈਡ ਨੂੰ ਆ ਰਹੇ ਹਨ। ਜੇਕਰ ਨਾਕਾਬੰਦੀ ਕਰਕੇ ਕਿਸ਼ਨਗੜ ਜਲੰਧਰ ਵਾਲੀ ਸਾਈਡ ਤੋਂ ਆ ਰਹੇ ਮੋਟਰਸਾਇਕਲਾ ਦੀ ਚੈਕਿੰਗ ਕੀਤੀ ਜਾਵੇ ਤਾ ਉਕਤ ਤਿੰਨੋ ਜਣੇ ਲੁੱਟਖੋਹ ਕੀਤੇ ਮੋਟਰਸਾਇਕਲਾਂ ਸਮੇਤ ਕਾਬੂ ਆ ਸਕਦੇ ਹਨ। ਮੁਖਬਰ ਦੀ ਸੂਚਨਾ ਤੋਂ ਬਾਅਦ ਨਾਕਾਬੰਦੀ ਕਰਕੇ ਕਿਸ਼ਨਗੜ ਜਲੰਧਰ ਸਾਈਡ ਵਲੋ ਦੋ ਮੋਟਰਸਾਇਕਲਾ ਉਪਰ ਸਵਾਰ ਹੋ ਕੇ ਆਉਦਿਆ ਨੂੰ ਉਕਤ ਦੋਸ਼ੀਆਂ ਨੂੰ ਕਾਬੂ ਕੀਤਾ ਅਤੇ ਦੋਸ਼ੀ ਰਮਾ ਸ਼ੰਕਰ ਉਰਫ ਸ਼ੰਕਰ ਦੇ ਡੱਬ ਵਿਚੋ ਇਕ ਦਾਤਰ ਅਤੇ ਲੁੱਟਖੋਹ ਕੀਤਾ ਮੋਟਰਸਾਇਕਲ ਬਿਨਾ ਨੰਬਰੀ ਮਾਰਕਾ TVS Raider , ਸੋਨੂੰ ਯਾਦਵ ਅਤੇ ਬੱਲੂ ਦੇ ਕਬਜੇ ਵਿਚੋ ਲੁੱਟਖੋਹ ਕੀਤਾ। ਮੋਟਰਸਾਇਕਲ ਨੰਬਰ PB-65-P-0681 ਸਪਲੈਂਡਰ ਮੋਟਰਸਾਈਕਲ ਅਤੇ ਸੋਨੂੰ ਯਾਦਵ ਦੀ ਡੱਬ ਵਿਚੋ ਇਕ ਦਾਤਰ ਬਰਾਮਦ ਕੀਤਾ। ਜੋ ਉਕਤ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ। ਦੋਸ਼ੀਆ ਦੀ ਹੋਰ ਪੁੱਛਗਿੱਛ ਲਈ 1 ਦਿਨ ਦਾ ਪੁਲਸ ਰਿਮਾਡ ਹਾਸਲ ਕੀਤਾ ਗਿਆ ਹੈ।

# ਹੁਸ਼ਿਆਰਪੁਰ ਕਤਲ ਕਾਂਡ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿਓ

**ਫਿਲੌਰ (ਨਿਰਮਲ)**- ਲੋਕ ਇਨਸਾਫ਼ ਮੰਚ ਤੇ ਭਰਾਤਰੀ ਜਥੇਬੰਦੀਆਂ ਵੱਲੋਂ ਹੁਸ਼ਿਆਰਪੁਰ ਕਤਲ ਕਾਂਡ ਦੇ ਦੋਸ਼ੀਆਂ ਨੂੰ ਫਾਹੇ ਲਗਵਾਉਣ ਲਈ ਕੈਂਡਲ ਤੇ ਰੋਸ ਮਾਰਚ ਕੀਤਾ ਗਿਆ ਜਿਸ ਵਿੱਚ ਸੈਕੜੇ ਮਰਦ ਔਰਤਾਂ ਅਤੇ ਬੱਚਿਆਂ ਨੇ ਸ਼ਮੂਲੀਅਤ ਕੀਤੀ ਜਿਸ ਦੀ ਅਗਵਾਈ ਪ੍ਰਧਾਨ ਜਰਨੈਲ ਫਿਲੌਰ, ਸਰਬਜੀਤ ਸਾਬੀ ਸਾਬਕਾ ਸਰਪੰਚ ਨੇ ਕੀਤੀ। ਇਹ ਕੈਂਡਲ ਤੇ ਰੋਸ ਮਾਰਚ ਡਾਕਟਰ ਅੰਬੇਦਕਰ ਚੌਂਕ ਫ਼ਿਲੌਰ ਤੋਂ ਸ਼ੁਰੂ ਹੋਇਆ ਅਤੇ ਸ਼ਹਿਰ ਫਿਲੌਰ ਤੋਂ ਹੁੰਦਾਂ ਹੋਇਆ ਦੁਬਾਰਾ ਅੰਬੇਦਕਰ ਚੌਂਕ ਵਿਖੇ ਖ਼ਤਮ ਹੋਇਆ। ਇਸ ਮੌਕੇ ਸੰਬੋਧਨ ਕਰਦੇ ਹੋਏ ਆਗੂਆਂ ਪ੍ਰਸ਼ੋਤਮ ਫ਼ਿਲੌਰ, ਮਾਸਟਰ ਹੰਸ ਰਾਜ, ਰਾਮਜੀ ਦਾਸ ਗੰਨਾ ਪਿੰਡ, ਹਨੀ ਸੰਤੋਖਪੁਰਾ, ਰਾਜਵਿੰਦਰ ਮੁਠੱਡਾ, ਡਾਕ੍ਰਰ



● **ਲੋਕ ਇਨਸਾਫ਼ ਮੰਚ ਤੇ ਭਰਾਤਰੀ ਜਥੇਬੰਦੀਆਂ ਵੱਲੋਂ ਕੈਂਡਲ ਤੇ ਰੋਸ ਮਾਰਚ**

ਸੰਦੀਪ ਕੁਮਾਰ, ਡਾਕਟਰ ਅਸ਼ੋਕ ਕੁਮਾਰ, ਡਾਕਟਰ ਸੁਨੀਲ ਗੰਨਾ ਪਿੰਡ, ਰਵੀ ਦਲੇਰ, ਸੋਮ ਨਾਥ ਸ਼ੇਖੂਪੁਰ, ਪਰਵਿੰਦਰ ਫਲਪੋਤਾ, ਮੱਘਰ ਜਗਤਪੁਰ, ਸੁਰਿੰਦਰ ਮਾਹਲਾ, ਹੈਪੀ ਸੰਗੋਵਾਲ,ਅਤੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਕਰਨੈਲ ਫ਼ਿਲੌਰ ਆਦਿ ਨੇ ਮੰਗ ਕੀਤੀ ਕਿ ਹੁਸ਼ਿਆਰਪੁਰ ਦੇ ਮਾਸੂਮ ਹਰਵੀਰ ਦਾ ਕਤਲ ਕਰਨ ਵਾਲ਼ੇ ਸਾਰੇ ਦੋਸ਼ੀਆਂ ਨੂੰ ਫਾਹੇ ਲਗਾਇਆ ਜਾਵੇ ਅਤੇ ਜਲਦੀ ਫ਼ੈਸਲੇ ਲਈ ਕੇਸ ਫਾਸਟ ਟਰੈਕ ਅਦਾਲਤ ਵਿੱਚ ਚਲਾਇਆ ਜਾਵੇ। ਇਸ ਕੈਂਡਲ ਤੇ ਰੋਸ ਮਾਰਚ ਵਿੱਚ ਗਰੀਬ ਦਾਸ, ਦਲਵੀਰ ਹੀਰ, ਕਸ਼ਮੀਰੀ ਲਾਲ ਪਟਵਾਰੀ, ਸਰੂਪ ਕਲੇਰ, ਵਿਜੇ ਬੰਗੜ, ਅਵਤਾਰ ਸਿੰਘ ਭੋਲ਼ੇ ਵਾਲ, ਬਖ਼ਸ਼ੀ ਰਾਮ, ਰਸ਼ਪਾਲ ਖਹਿਰਾ, ਸੁਸ਼ੀਲ ਕੁਮਾਰ, ਲਖਵੀਰ ਸਿੰਘ, ਵਿਜੇ ਪਾਲ, ਸਤਵਿੰਦਰ ਸਿੰਘ, ਮੱਖਣ ਸੰਤੋਖਪੁਰਾ, ਲੰਬਰਦਾਰ ਗੁਰਮੀਤ ਸਿੰਘ, ਜੱਗੀ ਰਾਮਗੜ੍ਹ, ਇੰਦਰਜੀਤ ਲੱਭਾ, ਗੋਬਿੰਦ ਰਾਮ, ਚਰਨਜੀਤ ਗੜ੍ਹਾ ਆਦਿ ਹਾਜ਼ਰ ਸਨ।

# ਕ੍ਰਿਕਟ ਖਿਡਾਰੀ ਸੋਨਾ ਗੋਰਾਇਆ ਮਿਰਜਾਪੁਰ ਲੀਗ ਵੱਲੋਂ ਸਨਮਾਨਤ



**ਅੱਡਾ ਸਰਾਂ (ਜਸਵੀਰ ਕਾਜਲ)**- ਸਵਰਗੀ ਐਮਾਸਟਰ ਮੁਹੰਮਦ ਸ਼ਰੀਫ ਜੀ ਦੀ ਯਾਦਗਾਰੀ ਮਿਰਜਾਪੁਰ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿੱਚ ਇਲਾਕੇ ਦੇ ਸਟਾਰ ਖਿਡਾਰੀ ਸੋਨਾ ਗੋਰਾਇਆ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਟੂਰਨਾਮੈਂਟ ਵਿੱਚ ਰਮਿੰਦਰ ਸਿੰਘ ਚੌਹਾਨ ਸਰਪੰਚ ਮਿਰਜਾਪੁਰ ਅਤੇ ਕੁਲਦੀਪ ਸਿੰਘ ਹੀਰ ਕਨੇਡਾ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਮੌਕੇ ਅਵਤਾਰ ਸਿੰਘ ਸੇਠੀ, ਸ਼ਵਿੰਦਰ ਸਿੰਘ , ਅਨਮੋਲਕ ਸਿੰਘ, ਹਰਨੇਕ ਸਿੰਘ, ਸ਼ਮਿੰਦਰ ਸਿੰਘ ਸਾਬੀ ਗੋਰਾਇਆ ਅਤੇ ਹੋਰ ਪ੍ਰਬੰਧਕ ਹਾਜ਼ਰ ਸਨ।

# ਪੀ ਐੱਚ ਸੀ ਬੂਥਗੜ੍ਹ ਵਿਖੇ ਤੰਬਾਕੂ ਕੰਟਰੋਲ ਸੰਬੰਧੀ ਵਰਕਸ਼ਾਪ ਕਰਵਾਈ

**ਮਾਜਰੀ / ਖਰੜ (ਹਰਨਾਮ ਸਿੰਘ ਡੱਲਾ)**- ਤੰਬਾਕੂ ਕੰਟਰੋਲ ਸੰਬੰਧੀ ਪ੍ਰਾਇਮਰੀ ਹੈਲਥ ਸੈਂਟਰ ਬੂਥਗੜ੍ਹ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾ. ਅਲਕਜੋਤ ਕੌਰ ਦੀ ਅਗਵਾਈ ਹੇਠ ਇਕ ਦਿਨਾ ਵਰਕਸ਼ਾਪ ਕਰਵਾਈ ਗਈ, ਜਿਸ ਵਿਚ ਬਲਾਕ ਐਕਸਟੈਂਸ਼ਨ ਐਜੂਕੇਟਰ, ਕਮਿਊਨਿਟੀ ਹੈਲਥ ਅਫ਼ਸਰਾਂ ਅਤੇ ਹੈਲਥ ਸੁਪਰਵਾਈਜ਼ਰਾਂ ਨੇ ਹਿੱਸਾ ਲਿਆ।ਸਿਹਤ ਵਿਭਾਗ ਵਲੋਂ ਜਨਰੇਸ਼ਨ ਸੇਵੀਅਰ ਐਸੋਸੀਏਸ਼ਨ ਦੇ ਸਹਿਯੋਗ ਨਾਲ ਕਰਵਾਈ ਗਈ ਇਸ ਵਰਕਸ਼ਾਪ ਨੂੰ ਐਡਵੋਕੇਟ ਗੁਰਪ੍ਰੀਤ ਸਿੰਘ ਅਤੇ ਐਡਵੋਕੇਟ ਗਗਨ ਨੇ ਸੰਬੋਧਨ ਕੀਤਾ, ਜਿਨ੍ਹਾਂ ਨੇ ਤੰਬਾਕੂ ਨਿਯੰਤਰਣ ਕਾਨੂੰਨ ਦੇ ਸਾਰੇ ਤਕਨੀਕੀ ਅਤੇ ਕਾਨੂੰਨੀ ਪੱਖਾਂ ਨੂੰ ਸਮਝਾਇਆ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵਲੋਂ 2003 ਵਿਚ ਸਿਗਰਟ ਅਤੇ ਹੋਰ ਤੰਬਾਕੂ ਪਦਾਰਥ ਨਿਯੰਤਰਣ ਕਾਨੂੰਨ, 2003 (ਕੋਟਪਾ) ਬਣਾਇਆ ਗਿਆ ਸੀ, ਜਿਸ ਦਾ ਮੰਤਵ ਭਾਰਤ ਵਿਚ ਤੰਬਾਕੂ ਪਦਾਰਥਾਂ ਦੇ ਉਤਪਾਦਨ, ਵਪਾਰ ਅਤੇ ਵਰਤੋਂ ਨੂੰ ਕੰਟਰੋਲ ਕਰਨਾ ਹੈ। ਇਸ ਕਾਨੂੰਨ ਤਹਿਤ ਜਨਤਕ ਥਾਵਾਂ 'ਤੇ ਤੰਬਾਕੂ ਪਦਾਰਥਾਂ ਦੀ ਵਰਤੋਂ 'ਤੇ ਰੋਕ ਲੱਗੀ ਹੋਈ ਹੈ। ਇਸ ਤੋਂ ਇਲਾਵਾ ਤੰਬਾਕੂ ਪਦਾਰਥਾਂ ਦੀ ਇਸ਼ਤਿਹਾਰਬਾਜ਼ੀ 'ਤੇ ਵੀ ਰੋਕ ਹੈ। ਨਾਬਾਲਗਾਂ ਨੂੰ ਤੰਬਾਕੂ ਪਦਾਰਥ ਨਹੀਂ ਵੇਚੇ ਜਾ ਸਕਦੇ ਅਤੇ ਵਿਦਿਅਕ ਅਦਾਰਿਆਂ ਦੇ 100 ਗਜ਼ ਦੇ ਘੇਰੇ ਵਿਚ ਤੰਬਾਕੂ ਪਦਾਰਥਾਂ ਦੀ ਵਿਕਰੀ 'ਤੇ ਪਾਬੰਦੀ ਹੈ।ਜੇ ਕੋਈ ਵਿਅਕਤੀ ਇਸ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਉਸ ਲਈ ਜੁਰਮਾਨੇ ਅਤੇ ਸਜ਼ਾ ਦੀ ਵੀ ਵਿਵਸਥਾ ਹੈ। ਕੁੱਝ ਥਾਈਂ ਚੇਤਾਵਨੀ ਰਹਿਤ ਇੰਪੋਰਟਡ ਸਿਗਰਟਾਂ, ਖ਼ੁਸ਼ਬੂਦਾਰ ਤੰਬਾਕੂ ਪਦਾਰਥ ਅਤੇ ਖੁੱਲ੍ਹੀਆਂ ਸਿਗਰਟਾਂ ਵੇਚੀਆਂ ਜਾਂਦੀਆਂ ਹਨ, ਜੋ ਕਾਨੂੰਨ ਦੀ ਉਲੰਘਣਾ ਹੈ। ਜਾਂਚ-ਪੜਤਾਲ ਦਾ ਮੰਤਵ ਦੁਕਾਨਦਾਰਾਂ ਨੂੰ ਤੰਗ-ਪ੍ਰੇਸ਼ਾਨ ਕਰਨਾ ਨਹੀਂ ਸਗੋਂ ਉਨ੍ਹਾਂ ਨੂੰ ਦਸਣਾ ਹੈ ਕਿ ਕੋਟਪਾ ਕਾਨੂੰਨ ਦੀ ਪਾਲਣਾ ਕਰਦਿਆਂ ਤੰਬਾਕੂ ਪਦਾਰਥ ਵੇਚੇ ਜਾਣ।

# ਦੀ ਵਰਕਿੰਗ ਜਰਨਲਿਸਟ ਐਸੋਸੀਏਸ਼ਨ ਸੁਲਤਾਨਪੁਰ ਲੋਧੀ ਦੀ ਨਵੀਂ ਬਾਡੀ ਦਾ ਐਲਾਨ

**ਸੁਲਤਾਨਪੁਰ ਲੋਧੀ (ਹਨੀ)** ਦੀ ਵਰਕਿੰਗ ਜਰਨਲਿਸਟ ਐਸੋਸ਼ੀਏਸ਼ਨ ਸੁਲਤਾਨਪੁਰ ਲੋਧੀ ਦੀ ਅਹਿਮ ਮੀਟਿੰਗ ਪ੍ਰਧਾਨ ਸੁਰਿੰਦਰਪਾਲ ਸਿੰਘ ਸੋਢੀ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ।ਇਸ ਮੀਟਿੰਗ ਦੌਰਾਨ ਐਸੋਸੀਏਸ਼ਨ ਦੀ ਚੋਣ ਦੇ ਇੱਕ ਸਾਲ ਪੂਰਾ ਹੋਣ 'ਤੇ ਐਸੋਸੀਏਸ਼ਨ ਦੀ ਸਲਾਨਾ ਗਤੀਵਿਧੀਆਂ ਦੀ ਰਿਪੋਰਟ ਪ੍ਰਧਾਨ ਸੁਰਿੰਦਰਪਾਲ ਸਿੰਘ ਸੋਢੀ ਦੁਆਰਾ ਪੜ੍ਹੀ ਗਈ ਤੇ ਐਸੋਸੀਏਸ਼ਨ ਦੁਆਰਾ ਨਵੀਂ ਪਿਰਤ ਤਹਿਤ ਸਾਰੇ ਕਾਰਜ ਸਭ ਦੇ ਦੁਆਰਾ ਦੇ ਚੱਲਦੇ ਦੂਸਰੇ ਰਹਿੰਦੇ ਸਾਲ ਲਈ ਨਵੀਂ ਬਾਡੀ ਦਾ ਐਲਾਨ ਕਰਦੇ ਹੋਏ ਵਰੁਣ ਸ਼ਰਮਾ, ਬਲਵਿੰਦਰ ਸਿੰਘ ਧਾਲੀਵਾਲ, ਜਗਜੀਤ ਸਿੰਘ ਧੰਜੂ, ਬਲਵਿੰਦਰ ਸਿੰਘ ਲਾਡੀ, ਦੀਪਕ ਧੀਰ, ਨਰੇਸ਼ ਹੈਪੀ (ਸਾਰੇ ਸੀਨੀਅਰ ਮੀਤ ਪ੍ਰਧਾਨ), ਲਕਸ਼ਮੀ ਨੰਦਨ ਨੂੰ ਜਨਰਲ ਸੈਕਟਰੀ, ਬਿਕਰਮਪਾਲ ਸਿੰਘ ਵਿੱਕੀ ਨੂੰ ਸੈਕਟਰੀ, ਅਰਵਿੰਦ ਪਾਠਕ ਨੂੰ ਜੁਆਇੰਟ ਸੈਕਟਰੀ, ਸਤਪਾਲ ਕਾਲਾ, ਜਗਮੋਹਨ ਸਿੰਘ ਥਿੰਦ, ਜਤਿੰਦਰ ਸੇਠੀ, ਦਿਲਬਾਗ ਸਿੰਘ ਡਡਵਿੰਡੀ, ਚਰਨਜੀਤ ਸਿੰਘ ਢਿੱਲੋਂ, ਬੀਬੀ ਮਲਕੀਤ ਕੌਰ, ਨਿਰਮਲ ਸਿੰਘ ਹੈਪੀ, ਰਣਜੀਤ ਸਿੰਘ ਚੰਦੀ, ਗੌਰਵ ਧੀਰ (ਸਾਰੇ ਮੀਤ ਪ੍ਰਧਾਨ), ਸਿਮਰਨ ਸੰਧੂ ਨੂੰ ਖ਼ਜ਼ਾਨਚੀ ਤੇ ਅਸ਼ਵਨੀ ਜੋਸ਼ੀ ਨੂੰ ਸਹਾਇਕ ਖਜ਼ਾਨਚੀ, ਬਲਬੀਰ ਸਿੰਘ ਧੰਜੂ, ਤਿਲਕ ਰਾਜ ਜੋਸ਼ੀ, ਨਰਿੰਦਰ ਹਨੀ,ਜਗੀਰ ਸਿੰਘ ਬਾਜਵਾ (ਸਾਰੇ ਸਰਪ੍ਰਸਤ), ਕੰਵਲਪ੍ਰੀਤ ਸਿੰਘ ਕੌੜਾ ਨੂੰ ਪ੍ਰੈੱਸ ਸਕੱਤਰ, ਲਖਵੀਰ ਸਿੰਘ ਲੱਖੀ, ਮਾਸਟਰ ਦੇਸ ਰਾਜ (ਦੋਵੇਂ ਲਾਇਬ੍ਰੇਰੀ ਇੰਚਾਰਜ), ਐਡਵੋਕੇਟ ਰਜਿੰਦਰ ਸਿੰਘ ਰਾਣਾ, ਦੀਪਕ ਸ਼ਰਮਾ, ਕੁਲਬੀਰ ਸਿੰਘ ਮਿੰਟੂ, ਤਰਸੇਮ ਸਿੰਘ ਥਿੰਦ, ਕੁਲਵੰਤ ਸਿੰਘ ਨੂਰੋਵਾਲ ਨੂੰ ਅਨੁਸ਼ਾਸਨੀ ਕਮੇਟੀ ਲਈ ਚੁਣਿਆ ਗਿਆ, ਜਦਕਿ ਮਨੋਜ ਸ਼ਰਮਾ ਨੂੰ ਮੁੱਖ ਸਲਾਹਕਾਰ ਨਿਯੁਕਤ ਕਰਨ ਦੇ ਨਾਲ ਨਾਲ ਰਕੇਸ਼ ਕੁਮਾਰ, ਅਮਰਜੀਤ ਸਿੰਘ,ਚੰਦਰ ਮੜੀਆ, ਸੁਰਿੰਦਰ ਸਿੰਘ ਬੱਬੂ, ਕੁਲਵਿੰਦਰ ਸਿੰਘ ਲਾਡੀ, ਲਵਪ੍ਰੀਤ ਸਿੰਘ ਖਿੰਡਾ, ਗੁਰਪਿੰਦਰ ਸਿੰਘ ਜੱਗੂ, ਪਰਮਜੀਤ ਸਿੰਘ ਡਡਵਿੰਡੀ, ਜਰਨੈਲ ਸਿੰਘ ਗਿੱਲ ਨੂੰ ਵਰਕਿੰਗ ਕਮੇਟੀ ਮੈਂਬਰ ਤੌਰ 'ਤੇ ਸ਼ਾਮਿਲ ਕੀਤਾ ਗਿਆ ਹੈ।



# ਮੋਹਾਲੀ ਵਿਖੇ ਪਲੇਸਮੈਂਟ ਕੈਂਪ ਅੱਜ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਪੀ.ਵੀ.ਆਰ ਸਿਨੇਮਾਜ਼ ਦੇ ਸਹਿਯੋਗ ਨਾਲ 17 ਸਤੰਬਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਪੀ.ਵੀ.ਆਰ ਸਿਨੇਮਾਜ਼, ਸੀ.ਪੀ-67 ਮਾਲ, ਮੋਹਾਲੀ ਵਿਖੇ ਕੀਤਾ ਜਾ ਰਿਹਾ ਹੈ। ਇਸ ਪਲੇਸਮੈਂਟ ਕੈਂਪ ਦਾ ਸਮਾਂ ਦੁਪਹਿਰ 12:00 ਵਜੇ ਤੋਂ ਸ਼ਾਮ 05.00 ਵਜੇ ਤੱਕ ਹੋਵੇਗਾ।ਡੀ.ਬੀ.ਈ.ਈ. ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ, ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਜਿਸ ਤਹਿਤ ਉਕਤ ਪਲੇਸਮੈਂਟ ਕੈਂਪਾਂ ਦਾ ਆਯੋਜਨ ਕੀਤਾ ਜਾਣਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪੀ.ਵੀ.ਆਰ ਸਿਨੇਮਾਜ਼ ਵੱਲੋਂ ਸਰਵਿਸ ਐਸੋਸੀਏਟ ਦੀ ਅਸਾਮੀ ਲਈ 10ਵੀਂ/12ਵੀਂ ਪਾਸ, 25 ਸਾਲ ਤੋਂ ਘੱਟ ਉਮਰ ਦੇ ਪ੍ਰਾਰਥੀਆਂ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਚੁਣੇ ਗਏ ਪ੍ਰਾਰਥੀਆਂ ਦੀ ਤਨਖਾਹ ਕੰਪਨੀ ਨੋਰਮਜ਼ ਅਨੁਸਾਰ ਹੋਵੇਗੀ ਅਤੇ ਕੰਮ ਕਰਨ ਦਾ ਸਥਾਨ ਮੋਹਾਲੀ ਹੋਵੇਗਾ।

# ਢੰਡਾ ਜਠੇਰਿਆਂ ਦਾ ਸਾਲਾਨਾ ਮੇਲਾ 21 ਨੂੰ

**ਬੰਗਾ (ਅਵਤਾਰ ਕਲੇਰ)**- ਢੰਡਾ ਜਠੇਰਿਆਂ ਦਾ ਸਾਲਾਨਾ ਮੇਲਾ 21 ਸਤੰਬਰ ਨੂੰ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਪਿੰਡ ਖਜੂਰਲਾ ਵਿਖੇ ਮਨਾਇਆ ਜਾ ਰਿਹਾ ਹੈ।ਢੰਡਾ ਜਠੇਰੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੋਮ ਲਾਲ ਢੰਡਾ ਕੋਟ ਕਲਾਂ, ਸਾਬਕਾ ਸਰਪੰਚ ਓਮ ਪ੍ਰਕਾਸ਼ ਵਜੀਦੋਵਾਲ ਨੇ ਦੱਸਿਆ ਕਿ ਮੇਲੇ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ ਅਤੇ ਸੰਗਤਾਂ ਦੀ ਸਹੂਲਤ ਵਾਸਤੇ ਹਰ ਪ੍ਰਬੰਧ ਕੀਤਾ ਜਾਵੇਗਾ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ। ਨਾਮਵਰ ਕਲਾਕਾਰ, ਰਾਗੀ- ਢਾਡੀ ਸੰਗਤਾਂ ਨੂੰ ਨਿਹਾਲ ਕਰਨਗੇ। ਲੰਗਰ ਅਤੁੱਟ ਵਰਤਾਇਆ ਜਾਵੇਗਾ।





# ਪੰਜਾਬ 'ਚ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਤੁਰੰਤ ਪੂਰਤੀ ਕਰੇ ਸਰਕਾਰ : ਐੱਸਕੇਐੱਮ (ਗੈਰ-ਸਿਆਸੀ)

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸੰਯੁਕਤ ਕਿਸਾਨ ਮੋਰਚੇ ਗੈਰ ਸਿਆਸੀ ਵੱਲੋਂ ਪੂਰੇ ਪੰਜਾਬ ਵਿੱਚ ਹੜ੍ਹਾਂ ਦੇ ਨੁਕਸਾਨ ਦੀ ਭਰਭਾਈ ਵਾਸਤੇ ਡੀਸੀ ਦਫਤਰਾਂ ਵਿਖੇ ਮੰਗ ਪੱਤਰ ਦਿੱਤੇ ਗਏ। ਅੰਮ੍ਰਿਤਸਰ ਵਿਖੇ ਪੀਸੀਐੱਸ ਸੁਖਪ੍ਰੀਤ ਸਿੰਘ ਨੂੰ ਮੰਗ ਪੱਤਰ ਸੌਂਪਿਆ ਗਿਆ ਜਿਸ ਦੀ ਪ੍ਰਧਾਨਗੀ ਮੰਗਲ ਸਿੰਘ ਰਾਮਪੁਰਾ, ਅਨੋਖ ਸਿੰਘ ਚਾਟੀਵਿੰਡ, ਬਚਿੱਤਰ ਸਿੰਘ ਕੋਟਲਾ ਨੇ ਕੀਤੀ। ਇਸ ਮੌਕੇ ਕਿਸਾਨ ਆਗੂ ਨੇ ਬੋਲਦਿਆਂ ਕਿਹਾ ਕਿ ਸਰਕਾਰਾਂ ਦੀਆਂ ਗਲਤੀਆਂ ਨਾਲ ਆਏ ਹੜ੍ਹਾਂ ਨੇ ਪੰਜਾਬ ਵਿੱਚ ਤਬਾਹੀ ਮਚਾਈ ਕਿਸਾਨਾਂ, ਮਜ਼ਦੂਰਾਂ ਨੂੰ ਘਰੋਂ ਬੇਘਰ ਕੀਤਾ, ਕਿਸਾਨਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ, ਜਾਨੀ ਮਾਲੀ ਨੁਕਸਾਨ ਦੇ ਨਾਲ ਪਸ਼ੂ ਧਨ ਰੁੜ੍ਹ ਗਿਆ ਅਤੇ ਫਸਲਾਂ ਨਸ਼ਟ ਹੋ ਗਈਆਂ। ਮਕਾਨ ਢਹਿ ਗਏ, ਅਗਲੀਆਂ ਫਸਲਾਂ ਦੀ ਬਜਾਈ ਨਹੀਂ ਹੋ ਸਕੇਗੀ। ਖੇਤਾਂ ਵਿੱਚ ਰੇਤ , ਚਿੱਕੜ, ਪਣਾ ਫਿਰ ਗਿਆ। ਆਗੂਆਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਬਿਨਾਂ ਪੱਖਪਾਤ ਹਰੇਕ ਕਿਸਾਨ, ਮਜ਼ਦੂਰ ਨੂੰ ਬਣਦਾ ਮੁਆਵਜ਼ਾ ਦੇਵੇ। ਗੈਰ-ਸਿਆਸੀ ਮੋਰਚੇ ਦੇ ਆਗੂਆਂ ਵੱਲੋਂ ਜਿਹੜੀਆਂ ਵੀ ਸੰਸਥਾਵਾਂ, ਕਲਾਕਾਰ ਭਾਈਚਾਰਾ ਅਤੇ ਜੋ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਇਆ, ਸਭ ਦਾ ਧੰਨਵਾਦ। ਇਸ ਸਮੇਂ ਗੁਰਸਾਹਿਬ ਸਿੰਘ ਚਾਟੀਵਿੰਡ, ਸੋਨੂ ਮਾਹਲ, ਮਿਲਖਾ ਸਿੰਘ, ਜਸਬੀਰ ਸਿੰਘ ਸੁਲਤਾਨਵਿੰਡ, ਮੇਜਰ ਸਿੰਘ ਰਾਮਪੁਰਾ, ਹਰਕਵਲ ਸਿੰਘ ਫੌਜੀ, ਅੰਗਰੇਜ਼ ਸਿੰਘ ਚਾਟੀਵਿੰਡ, ਬਲਿੰਦਰ ਸਿੰਘ ਡੂਮਛੇੜੀ ਆਦਿ ਆਗੂ ਹਾਜ਼ਰ ਸਨ।



# ਭੱਠਾ ਮਾਲਕਾਂ ਤੋਂ ਲੇਬਰ ਐਡਵਾਂਸ ਪੈਸੇ ਲੈਣ ਤੋਂ ਬਾਅਦ ਵੀ ਨਹੀਂ ਪੁੱਜੀ, 40 ਦੇ ਕਰੀਬ ਭੱਠੇ ਬੰਦ ਹੋਣ ਕਿਨਾਰੇ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਗੁਰਦਾਸਪੁਰ ਅੰਦਰ ਭੱਠਾ ਉਦਯੋਗ ਤਬਾਹ ਹੋਣ ਕਿਨਾਰੇ 'ਤੇ ਪਹੁੰਚ ਗਿਆ ਹੈ ਅਤੇ ਲੇਬਰ ਭੱਠਾ ਮਾਲਕਾਂ ਤੋਂ ਮੋਟੀ ਰਕਮ ਐਡਵਾਂਸ ਲੈ ਕੇ ਵੀ ਭੱਠਿਆਂ 'ਤੇ ਕੰਮ ਕਰਨ ਲਈ ਨਹੀਂ ਪਹੁੰਚ ਰਹੀ ਜਿਸ ਕਾਰਨ ਭੱਠਾ ਮਾਲਕਾਂ ਦੇ ਕਾਰੋਬਾਰ ਬੰਦ ਹੋਣ ਦੇ ਕੰਢੇ ਪਹੁੰਚ ਗਏ ਹਨ। ਜਾਣਕਾਰੀ ਅਨੁਸਾਰ ਹਰੇਕ ਭੱਠਾ ਮਾਲਕ ਪਾਸੋਂ ਲੇਬਰ ਠੇਕੇਦਾਰ 2 ਤੋਂ 4 ਲੱਖ ਰੁਪਏ ਐਡਵਾਂਸ ਵਜੋਂ ਲੈ ਲੈਂਦੀ ਹੈ ਅਤੇ ਫਿਰ ਵੀ ਉਹ ਕੰਮ ਕਰਨ ਲਈ ਨਹੀਂ ਆਉਂਦੇ। ਇਹੋ ਸਿਲਸਿਲਾ ਜਾਰੀ ਰਿਹਾ ਤਾਂ ਗੁਰਦਾਸਪੁਰ ਜ਼ਿਲ੍ਹੇ ਅੰਦਰ 40 ਦੇ ਕਰੀਬ ਭੱਠਿਆਂ ਦਾ ਕੰਮ ਬੰਦ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਪਹਿਲਾਂ ਲੋਕਲ ਲੇਬਰ ਮਿਲ ਜਾਂਦੀ ਸੀ ਜੋ ਹੁਣ ਨਾ ਮਿਲਣ ਕਾਰਨ ਭੱਠਾ ਮਾਲਕਾਂ ਨੂੰ ਲੇਬਰ ਦੂਜੇ ਸੂਬਿਆਂ ਵਿੱਚੋਂ ਮੰਗਵਾਉਣੀ ਪੈਂਦੀ ਹੈ ਅਤੇ ਉਹ ਮੋਟੀਆਂ ਰਕਮਾਂ ਲੈ ਕੇ ਕੰਮ ਕਰਨ ਨਹੀਂ ਆਉਂਦੀ। ਭੱਠਾ ਮਾਲਕ ਇਸ ਸਮੇਂ ਆਰਥਿਕ ਤੌਰ 'ਤੇ ਪ੍ਰੇਸ਼ਾਨੀ 'ਚ ਗੁਜ਼ਰ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਪੰਜਾਬ ਸਰਕਾਰ ਤੱਕ ਵੀ ਪੁੱਜਦਾ ਕੀਤਾ ਗਿਆ ਹੈ ਅਤੇ ਉਹ ਵੀ ਹੱਲ ਕਰਨ ਤੋਂ ਅਸਮਰਥ ਹੈ। ਉਨ੍ਹਾਂ ਪੰਜਾਬ ਸਰਕਾਰ ਦੇ ਉਦਯੋਗ ਤੇ ਤਕਨੀਕੀ ਮੰਤਰੀ ਪਾਸੋਂ ਮੰਗ ਕੀਤੀ ਕਿ ਭੱਠਿਆਂ ਨੂੰ ਚਲਾਉਣ ਵਾਸਤੇ ਕੋਈ ਨਾ ਕੋਈ ਰਣਨੀਤੀ ਤਿਆਰ ਕਰਕੇ ਭੱਠਾ ਮਾਲਕਾਂ ਨੂੰ ਬਚਾਇਆ ਜਾਵੇ। ਜ਼ਿਕਰਯੋਗ ਹੈ ਕਿ ਇੱਟਾਂ ਤਿਆਰ ਕਰਨ ਵਾਲੇ ਕਈ ਭੱਠਾ ਮਾਲਕਾਂ ਨੇ ਮਹਿੰਗਾ ਭਾਅ 'ਤੇ ਕੋਲਾ ਵੀ ਖ਼ਰੀਦ ਕਰ ਲਿਆ ਹੈ ਜੋ ਵਰਤੋਂ ਵਿਚ ਨਹੀਂ ਆ ਰਿਹਾ।



# ਹੜ੍ਹ ਪੀੜਤ ਲੋਕਾਂ ਦੀ ਮੱਦਦ ਲਈ ਹਰ ਇੱਕ ਦੇ ਸਹਿਯੋਗ ਦੀ ਲੋੜ : ਕੁਲਵੰਤ ਸਿੰਘ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਐਮ ਐਲ ਏ ਕੁਲਵੰਤ ਸਿੰਘ ਨੇ ਇੱਥੇ ਆਖਿਆ ਕਿ ਪੰਜਾਬੀਆਂ ਦੇ ਖ਼ੂਨ ਵਿੱਚ ਮੁਸ਼ਕਿਲਾਂ ਦਾ ਦਲੇਰੀ ਨਾਲ ਸਾਹਮਣਾ ਕਰਨ ਦਾ ਮਾਦਾ ਹੈ, ਜਿਸ ਦਾ ਪ੍ਰਮਾਣ ਹਾਲੀਆ ਹੜ੍ਹਾਂ ਦੀ ਸਥਿਤੀ ਦਰਮਿਆਨ ਲੋਕਾਂ ਵੱਲੋਂ ਮਾਨਵੀ ਅਧਾਰ ਤੇ ਇੱਕ ਦੂਜੇ ਦੀ ਮਦਦ ਕਰਨ ਤੋਂ ਮਿਲ ਜਾਂਦਾ ਹੈ। ਉਕਤ ਪ੍ਰਗਟਾਵਾ ਵਿਧਾਇਕ ਕੁਲਵੰਤ ਸਿੰਘ ਨੇ ਇਸੇ ਪਵਿੱਤਰ ਕਾਰਜ ਤਹਿਤ ਮੋਹਾਲੀ ਦੀ ਮਾਤਾ ਕਲਸੀ ਇਸਤਰੀ ਭਲਾਈ ਅਤੇ ਸਤਿਸੰਗ ਸੋਸਾਇਟੀ, ਸ੍ਰੀ ਗੁਰੂ ਰਵੀਦਾਸ ਭਵਨ ਫ਼ੇਜ਼ 7, ਮੋਹਾਲੀ ਵੱਲੋਂ ਮੁੱਖ ਮੰਤਰੀ ਰਿਲੀਫ਼ ਫੰਡ ਵਿੱਚ ਆਪਣਾ ਯੋਗਦਾਨ ਪਾਉਣ ਲਈ ਸੌਂਪੇ 1 ਲੱਖ ਰੁਪਏ ਦਾ ਚੈੱਕ ਸੌਂਪੇ ਜਾਣ ਮੌਕੇ ਕੀਤਾ।

# ਮੇਹਰ ਚੰਦ ਪਾਲੀਟੈਕਨਿਕ ਕਾਲਜ ਦੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਵੱਲੋਂ ਵਿਸ਼ੇਸ਼ ਸੈਮੀਨਾਰ

**ਜਲੰਧਰ (ਸ਼ੈਲੀਐਲਬਰਟ)**: ਮੇਹਰ ਚੰਦ ਪਾਲੀਟੈਕਨਿਕ ਕਾਲਜ ਦੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਇਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਅਤੇ ਵਕਤਾ ਵਜੋਂ ਵਡੋਦਰਾ, ਗੁਜਰਾਤ ਤੋਂ ਆਏ ਕਾਲਜ ਦੇ ਵਿਸ਼ੇਸ਼ ਐਲੁਮਨਾਈ ਮੈਂਬਰ ਰਾਜਿੰਦਰ ਕੁਮਾਰ ਹਾਜ਼ਰ ਹੋਏ। ਉਹ ਓ ਐਨ ਜੀ ਸੀ (ਆਇਲ ਐਂਡ ਨੇਚਰਲ ਗੈਸ ਕਾਰਪੋਰੇਸ਼ਨ), ਵਡੋਦਰਾ, ਗੁਜਰਾਤ ਵਿੱਚ ਚੀਫ਼ ਇੰਜੀਨੀਅਰ ਦੇ ਪਦ ਤੋਂ ਰਿਟਾਇਰ ਹੋਏ ਹਨ। ਕਾਲਜ ਦੇ ਵਰਿਸ਼ਠ ਵਿਭਾਗ ਅਧਿਕਾਰੀ ਡਾ. ਸੰਜੇ ਬਾਂਸਲ ਅਤੇ ਡਾ. ਰਾਜੀਵ ਭਾਟੀਆ ਨੇ ਫੁੱਲਾਂ ਦਾ ਗੁਲਦਸਤਾ ਦੇ ਕੇ ਉਨ੍ਹਾਂ ਦਾ ਸਵਾਗਤ ਕੀਤਾ। ਮਕੈਨੀਕਲ ਵਿਭਾਗ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ 1974 ਤੋਂ 1977 ਤੱਕ ਇਸ ਕਾਲਜ ਤੋਂ ਮਕੈਨੀਕਲ ਇੰਜੀਨੀਅਰਿੰਗ ਵਿੱਚ ਡਿਪਲੋਮਾ ਕੀਤਾ। ਆਪਣੇ ਸਮੇਂ ਦੇ ਅਧਿਆਪਕਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੇ ਖਾਸ ਤੌਰ ਤੇ ਪ੍ਰੋਫ਼ੈਸਰ ਐਮ. ਕੇ. ਖੋਸਲਾ ਦਾ ਜ਼ਿਕਰ ਕੀਤਾ।ਉਨ੍ਹਾਂ ਕਿਹਾ ਕਿ ਕਿਤਾਬੀ ਗਿਆਨ ਦੇ ਨਾਲ-ਨਾਲ ਸਕਿਲ ਡਿਵੈਲਪਮੈਂਟ ਅਤੇ ਉਸ ਨੂੰ ਅਪਡੇਟ ਕਰਦੇ ਰਹਿਣਾ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਅਧਿਆਪਕਾਂ ਅਤੇ ਮਾਪਿਆਂ ਵਿਚਕਾਰ ਆਪਸੀ ਸਮਝ ਨੂੰ ਵਿਦਿਆਰਥੀਆਂ ਦੇ ਵਿਕਾਸ ਲਈ ਬੇਹੱਦ ਜ਼ਰੂਰੀ ਦੱਸਿਆ। ਰਾਜਿੰਦਰ ਕੁਮਾਰ ਨੇ ਮਕੈਨੀਕਲ ਵਿਭਾਗ ਦੇ ਤਿੰਨਾਂ ਸਾਲਾਂ ਦੇ ਸਭ ਵਿਦਿਆਰਥੀਆਂ ਨੂੰ ਤੋਹਫ਼ੇ ਵਜੋਂ ਇਕ-ਇਕ ਪੈਨ ਦਿੱਤਾ। ਸਮਾਰੋਹ ਦੇ ਅੰਤ ਵਿੱਚ ਮਕੈਨੀਕਲ ਵਿਭਾਗ ਦੇ ਲੈਕਚਰਾਰ ਪ੍ਰਭੂ ਦਯਾਲ ਨੇ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ ਅਤੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਵੱਲੋਂ ਦਿੱਤਾ ਗਿਆ ਵਿਸ਼ੇਸ਼ ਐਲੁਮਨਾਈ-ਤੋਹਫ਼ਾ ਉਨ੍ਹਾਂ ਨੂੰ ਭੇਟ ਕੀਤਾ। ਮਕੈਨੀਕਲ ਵਿਭਾਗ ਦੀ ਮੁੱਖ ਰਿਚਾ ਅਰੋੜਾ ਨੇ ਵੀ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਭੇਜੀਆਂ। ਸਮਾਰੋਹ ਵਿੱਚ ਮਕੈਨੀਕਲ ਵਿਭਾਗ ਦੇ ਲੈਕਚਰਾਰ ਰੋਹਿਤ ਕੁਮਾਰ, ਅਮਿਤ ਸ਼ਰਮਾ ਅਤੇ ਸੁਸ਼ਾਂਤ ਸ਼ਰਮਾ ਵੀ ਹਾਜ਼ਰ ਸਨ।

# 'ਸਿੱਖ ਸ਼ਰਧਾਲੂਆਂ ਨੂੰ ਪਾਕਿ ਜਾਣ ਤੋਂ ਰੋਕਣਾ ਭਾਜਪਾ ਦੀ ਸਿੱਖ ਵਿਰੋਧੀ ਸੋਚ 'ਤੇ ਮੋਹਰ ਲਾਉਣਾ'

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸਿੱਖ ਗੁਰੂ ਸਾਹਿਬਾਨ ਦਾ ਸਤਿਕਾਰ ਕਰਨ ਦਾ ਫੋਕਾ ਦਾਅਵਾ ਕਰਨ ਵਾਲੀ ਭਾਜਪਾ ਸਰਕਾਰ ਨੇ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਦਿਹਾੜੇ ਤੇ ਸਿੱਖ ਸ਼ਰਧਾਲੂਆਂ ਨੂੰ ਸੁਰੱਖਿਆ ਕਾਰਨਾਂ ਦਾ ਬਹਾਨਾ ਬਣਾ ਕੇ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ 'ਤੇ ਰੋਕ ਲਗਾਉਣ 'ਤੇ ਜਥੇਦਾਰ ਹਵਾਰਾ ਕਮੇਟੀ ਦੇ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ ਅਤੇ ਬਾਪੂ ਗੁਰਚਰਨ ਸਿੰਘ ਨੇ ਕਿਹਾ ਕਿ ਇਸ ਨਾਲ ਸਿੱਖਾਂ ਦੀ ਮਾਨਸਿਕਤਾ ਤੇ ਵੱਡੀ ਸੱਟ ਵੱਜੀ ਹੈ।ਉਨ੍ਹਾਂ ਕਿਹਾ ਕਿ ਹੁਣ ਕੋਈ ਸ਼ੱਕ ਨਹੀਂ ਰਿਹਾ ਕਿ ਭਾਜਪਾ ਦੀ ਸੋਚ ਸਿੱਖ ਵਿਰੋਧੀ ਹੈ ਜੋ ਸਿੱਖਾਂ ਨੂੰ ਗੁਰਦੁਆਰਿਆਂ ਦੇ ਦਰਸ਼ਨ ਕਰਨ ਤੇ ਪਾਬੰਦੀ ਲਗਾ ਰਹੀ ਹੈ।ਭਾਜਪਾ ਵੱਲੋਂ ਪੰਜਾਬ ਅਤੇ ਸਿੱਖਾਂ ਨਾਲ ਪੱਖਪਾਤ ਦਾ ਦੋਸ਼ ਲਗਾਉਂਦਿਆਂ ਹਵਾਰਾ ਕਮੇਟੀ ਦੇ ਮਹਾਬੀਰ ਸਿੰਘ ਸੁਲਤਾਨਵਿੰਡ, ਡਾ. ਸੁਖਦੇਵ ਸਿੰਘ ਬਾਬਾ ਅਤੇ ਬਲਦੇਵ ਸਿੰਘ ਨਵਾਂਪਿੰਡ ਨੇ ਕਿਹਾ ਦੁਬਈ ਵਿੱਚ ਭਾਰਤ-ਪਾਕਿਸਤਾਨ ਕ੍ਰਿਕੇਟ ਮੈਚ ਤਾਂ ਖੇਡਿਆ ਗਿਆ ਪਰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਅਤੇ ਵਪਾਰ ਲਈ ਅਟਾਰੀ ਬਾਰਡਰ ਸੁਰੱਖਿਆ ਦਾ ਪੱਜ ਲਾਕੇ ਅਜੇ ਤੱਕ ਨਹੀਂ ਖੋਲ੍ਹੇ ਗਏ ।ਹਵਾਰਾ ਕਮੇਟੀ ਨੇ ਕਿਹਾ ਪਹਿਲਗਾਮ ਘਟਨਾ ਦੇ ਬਾਵਜੂਦ ਅਮਰਨਾਥ ਯਾਤਰਾ ਨੂੰ ਸੁਰੱਖਿਆ ਦਾ ਬਹਾਨਾ ਬਣਾਕੇ ਰੱਦ ਨਹੀਂ ਕੀਤਾ ਗਿਆ ਸੀ ਕਿਉਂਕਿ ਉਹ ਬਹੁ ਗਿਣਤੀ ਲੋਕਾਂ ਦੀ ਆਸਥਾ ਦਾ ਮਸਲਾ ਸੀ।ਪਾਕਿਸਤਾਨ ਸਰਕਾਰ ਨੇ ਸਿੱਖ ਯਾਤਰੀਆਂ ਨੂੰ ਸੁਰੱਖਿਆ ਨਾ ਦੇਣ ਦੀ ਕੋਈ ਗੱਲ ਨਹੀਂ ਕੀਤੀ ਪਰ ਭਾਰਤ ਸਰਕਾਰ ਨੇ ਸੁਰੱਖਿਆ ਦੀ ਆੜ ਵਿੱਚ ਸਿੱਖਾਂ ਨੂੰ ਗੁ. ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਧਾਮਾਂ ਦੇ ਦਰਸ਼ਨਾਂ ਤੋਂ ਵਾਂਝੇ ਰੱਖਕੇ ਖਾਲਸਾ ਰਾਜ ਸਥਾਪਤ ਕਰਨ ਦੀ ਨੀਂਹ ਨੂੰ ਹੋਰ ਮਜ਼ਬੂਤ ਕੀਤਾ ਹੈ ।



# ਸੰਤ ਬਾਬਾ ਕੁੰਦਨ ਸਿੰਘ ਪੰਜਵੜ ਵਾਲਿਆਂ ਦੇ ਬਰਸੀ ਸਮਾਗਮ 'ਚ ਪੁੱਜਣ ਵਾਲੀਆਂ ਸੰਗਤਾਂ ਦਾ ਧੰਨਵਾਦ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਸੱਚਖੰਡ ਵਾਸੀ ਮਹਾਨ ਬ੍ਰਹਮ ਗਿਆਨੀ ਸੰਤ ਮਹਾਂਪੁਰਸ਼ ਬਾਬਾ ਕੁੰਦਨ ਸਿੰਘ ਪੰਜਵੜ ਵਾਲਿਆਂ ਦੇ 31ਵੇਂ ਸਲਾਨਾ ਬਰਸੀ ਸਮਾਗਮ ਵਿੱਚ ਹਾਜ਼ਰੀਆਂ ਭਰਨ ਵਾਲੀਆਂ ਸੰਗਤਾਂ ਦਾ ਜਥੇਦਾਰ ਸੰਤ ਬਾਬਾ ਸੁਲੱਖਣ ਸਿੰਘ ਪੰਜਵੜ, ਬਾਬਾ ਦੀਦਾਰ ਸਿੰਘ (ਅਸਟ੍ਰੇਲੀਆ) ਪੰਜਵੜ, ਬਾਬਾ ਗੁਲਾਬ ਬੀਰ ਸਿੰਘ ਪੰਜਵੜ ਸਾਬਕਾ ਸਰਪੰਚ ਕਾਰ ਸੇਵਾ ਸੰਪ੍ਰਦਾਇ ਪੰਜਵੜ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਹੈ।ਜ਼ਿਕਰਯੋਗ ਹੈ ਕਿ ਬੀਤੇ 12 ਸਤੰਬਰ 28 ਭਾਦਰੋ ਦਿਨ ਸ਼ੁੱਕਰਵਾਰ ਨੂੰ ਸੰਤ ਬਾਬਾ ਸੁਲੱਖਣ ਸਿੰਘ ਪੰਜਵੜ ਕਾਰ ਸੇਵਾ ਸੰਪ੍ਰਦਾਇ ਪੰਜਵੜ ਵਾਲਿਆਂ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਅਤੇ ਨਗਰ ਪੰਜਵੜ ਦੀਆਂ ਸਮੂੰਹ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਧੂਮ-ਧਾਮ ਨਾਲ ਮਨਾਏ ਮਨਾਏ ਗਏ ਬਰਸੀ ਸਮਾਗਮ ਮੌਕੇ ਧਾਰਮਿਕ ਦੀਵਾਨ ਵਿੱਚ ਜਿੱਥੇ ਪੰਥ ਦੇ ਪ੍ਰਸਿੱਧ ਰਾਗੀ ਢਾਡੀ ਤੇ ਕਵੀਸ਼ਰੀ ਜਿਆਂ ਅਤੇ ਤਖਤ ਸਹਿਬਾਨ ਦੇ ਸਿੰਘ ਸਹਿਬਾਨ, ਕਾਰ ਸੇਵਾ ਦੇ ਪੰਥੀ, ਨਿਰਮਲੇ ਭੇਖ ਨਿਹੰਗ ਸਿੰਘ ਜਥੇਬੰਦੀਆਂ, ਸਮੂਹ ਸੰਪਰਦਾਵਾਂ ਦੇ ਮੁਖੀ ਸੰਤ ਮਹਾਂਪੁਰਸਾ ਤੋਂ ਇਲਾਵਾ ਪੰਥ ਦੀਆਂ ਪ੍ਰਮੁੱਖ ਧਾਰਮਿਕ ਸਖ਼ਸ਼ੀਅਤਾਂ ਤੇ ਰਾਜਸੀ ਆਗੂਆਂ,ਸੇਵਾ ਸਭਾ ਸੁਸਾਇਟੀਆ, ਇਲਾਕੇ ਅਤੇ ਨਗਰ ਪੰਜਵੜ ਦੀਆਂ ਸੰਗਤਾਂ ਤੇ ਸੇਵਾਦਾਰਾਂ ਆਦਿ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਰਾਣਾ ਮੱਜੂਪੁਰ, ਨਿਰਵੈਰ ਸਿੰਘ ਝਬਾਲੀਏ, ਹਰਜਿੰਦਰ ਸਿੰਘ, ਬਾਬਾ ਸੰਤੋਖ ਸਿੰਘ ਝਬਾਲ, ਬਲਦੇਵ ਸਿੰਘ ਝਬਾਲ, ਹਰਦੇਵ ਸਿੰਘ ਝਬਾਲ ਤੇ ਸੰਗਤਾਂ ਵੀ ਹਾਜ਼ਰ ਸਨ।



# ਰਵਨੀਤ ਬਿੱਟੂ ਨਾਲ ਖੁੱਲ੍ਹੀ ਬਹਿਸ ਦੀ ਚੁਣੌਤੀ ਨੂੰ ਸਵੀਕਾਰ ਕਰਨ ਮੁੱਖ ਮੰਤਰੀ : ਰੋਮੀ ਚੋਪੜਾ

**ਛੇਹਰਟਾ (ਮਨੋਜ ਕੁਮਾਰ)**- ਕਟੜਾ ਭਾਈ ਸੰਤ ਸਿੰਘ ਭਾਜਪਾ ਮੰਡਲ ਦੇ ਪ੍ਰਧਾਨ ਰੋਮੀ ਚੋਪੜਾ ਨੇ ਕਿਹਾ ਹੈ ਕਿ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਦਿੱਤੀ ਗਈ ਖੁੱਲ੍ਹੀ ਬਹਿਸ ਦੀ ਚਣੌਤੀ ਨੂੰ ਮੁੱਖ ਮੰਤਰੀ ਭਗਵੰਤ ਮਾਨ ਸਵੀਕਾਰ ਕਰਨ। ਉਨ੍ਹਾਂ ਜਾਰੀ ਬਿਆਨ ਵਿਚ ਕਿਹਾ ਕਿ ਭਗਵੰਤ ਮਾਨ ਖ਼ੁਦ ਖੁੱਲ੍ਹੀ ਬਹਿਸ ਦੀ ਚੁਣੌਤੀ ਦੇ ਕੇ ਹੁਣ ਪੁੱਛ ਰਹੇ ਹਨ ਕਿ ਬਿੱਟੂ ਕੌਣ ਹੈ ? ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਵਿਚ ਰਵਨੀਤ ਬਿੱਟੂ ਨਾਲ ਖੁੱਲ੍ਹੀ ਬਹਿਸ ਕਰਨ ਦੀ ਹਿੰਮਤ ਨਹੀਂ ਤਾਂ ਫਿਰ ਭਾਜਪਾ ਦੇ ਕਿਸੇ ਮੰਡਲ ਪ੍ਰਧਾਨ ਪੱਧਰ ਦੇ ਅਹੁਦੇਦਾਰ ਨਾਲ ਹੀ ਬਹਿਸ ਕਰਕੇ ਵੇਖ ਲੈਣ। ਰੋਮੀ ਚੋਪੜਾ ਨੇ ਕਿਹਾ ਕਿ ਸੂਬਾ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਿੱਧ ਹੋਈ ਹੈ। ਪੰਜਾਬ ਵਿਚ ਹੜ੍ਹ ਵਰਗੇ ਹਾਲਾਤ ਬਣਨ ਨਾਲ ਵੀ ਸੂਬਾ ਸਰਕਾਰ ਦੀ ਨਾਕਾਮੀ ਜੱਗ ਜ਼ਾਹਰ ਹੋਈ ਹੈ। ਉਨ੍ਹਾਂ ਕਿਹਾ ਕਿ ਨਹਿਰਾਂ ਆਦਿ ਦੀ ਸਾਫ਼-ਸਫ਼ਾਈ ਨਾ ਕਰਵਾ ਕੇ ਕੇਂਦਰ ਸਰਕਾਰ ਵੱਲੋਂ ਦਿੱਤੇ ਗਏ 12000 ਕਰੋੜ ਰੁਪਏ ਦਾ ਦੁਰਉਪਯੋਗ ਕਰਕੇ ਸੂਬਾ ਸਰਕਾਰ ਨੇ ਪੰਜਾਬ ਦੇ ਲੋਕਾਂ ਦਾ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਹੁਣ ਤਕ ਪੰਜਾਬ ਨੂੰ ਕੁੱਲ 13600 ਕਰੋੜ ਰੁਪਏ ਜਾਰੀ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਸਰਕਾਰ ਆਪਣੇ ਵਾਅਦਿਆਂ ਤੋਂ ਵੀ ਭੱਜ ਰਹੀ ਹੈ। ਸਾਢੇ ਤਿੰਨ ਸਾਲ ਬੀਤ ਜਾਣ ਤੋਂ ਬਾਅਦ ਵੀ ਔਰਤਾਂ ਨੂੰ ਹਰ ਮਹੀਨੇ 1100 ਰੁਪਏ ਦੇਣ ਦਾ ਵਾਅਦਾ ਅਜੇ ਤਕ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ ਆਪਣੇ ਇਸ ਵਾਅਦੇ ਅਨੁਸਾਰ ਪੰਜਾਬ ਦੀ ਹਰ ਇਕ ਭੈਣ ਦੇ ਖ਼ਾਤੇ ਵਿਚ 45-45 ਹਜ਼ਾਰ ਰੁਪਏ ਬਤੌਰ ਗਿਫ਼ਟ ਪਾਉਣੇ ਚਾਹੀਦੇ ਹਨ।



# ਗੁ. ਬਾਬਾ ਜਵੰਦ ਸਿੰਘ ਏਅਰਪੋਰਟ ਰਾਜਾਸਾਂਸੀ ਦੇ ਦਰਸ਼ਨਾਂ ਲਈ ਬੱਸ ਰਵਾਨਾ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਕਰਨਬੀਰ ਸਿੰਘ ਇਟਲੀ ਸਪੁੱਤਰ ਪ੍ਰਧਾਨ ਗੁਰਭੇਜ ਸਿੰਘ ਮਾਨ ਵੱਲੋਂ ਹਰ ਸੰਗਰਾਂਦ ਮੌਕੇ ਗੁਰਦੁਆਰਾ ਬਾਬਾ ਜਵੰਦ ਸਿੰਘ ਏਅਰਪੋਰਟ ਰਾਜਾਸਾਂਸੀ ਦੇ ਦਰਸ਼ਨਾਂ ਲਈ ਸਪੈਸ਼ਲ ਬੱਸ ਲਿਜਾਈ ਜਾਂਦੀ ਹੈ। ਦੱਸਣਯੋਗ ਹੈ ਕੇ ਹਰ ਸੰਗਰਾਂਦ ਵਾਲੇ ਦਿਨ ਇਤਿਹਾਸਕ ਗੁਰਦੁਆਰਾ ਬਾਬਾ ਜਵੰਧ ਸਿੰਘ ਜੀ ਵਿਖੇ ਦੂਰੋਂ ਨੇੜਿਓਂ ਆਈਆਂ ਸੰਗਤਾਂ ਦਾ ਭਾਰੀ ਇਕੱਠ ਹੁੰਦਾ ਹੈ।ਇਸ ਦਿਨ ਇਹ ਗੁਰਦੁਆਰਾ ਸਾਹਿਬ ਸੰਗਤਾਂ ਦੇ ਦਰਸ਼ਨਾਂ ਲਈ ਸਾਰਾ ਦਿਨ ਖੁੱਲ੍ਹਾ ਰਹਿੰਦਾ ਹੈ।ਇਸ ਮੌਕੇ ਸਾਬਕਾ ਸਰਪੰਚ ਪ੍ਰੇਮ ਸਿੰਘ ਮਾਨ ਨੇ ਕਿਹਾ ਕੇ ਕਾਕਾ ਕਰਨਬੀਰ ਸਿੰਘ ਇਟਲੀ ਵੱਲੋਂ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਵਾਉਣ ਲਈ ਜੋ ਹਰ ਮਹੀਨੇ ਬੱਸ ਲਿਜਾਈ ਜਾਂਦੀ ਹੈ।ਇਹ ਇਸ ਪਰਿਵਾਰ ਦਾ ਬਹੁਤ ਵੱਡਾ ਉਪਰਾਲਾ ਜਿਸ ਨਾਲ ਹਰ ਸੰਗਰਾਂਦ ਮੌਕੇ ਸੰਗਤਾਂ ਬਿਨਾਂ ਕੋਈ ਖ਼ਰਚਾ ਕੀਤਿਆਂ ਗੁਰਧਾਮਾਂ ਦੇ ਦਰਸ਼ਨ ਇਸ਼ਨਾਨ ਕਰਨ ਲਈ ਜਾਂਦੀਆਂ ਹਨ।ਵਾਪਸੀ ਮੌਕੇ ਇਹ ਬੱਸ ਇਤਿਹਾਸਕ ਗੁਰਦੁਆਰਾ ਗੁਰੂ ਕੇ ਬਾਗ ਤੇ ਹੋਰਨਾਂ ਇਤਿਹਾਸਕ ਅਸਥਾਨਾਂ ਵਿਖੇ ਵੀ ਸੰਗਤਾਂ ਨੂੰ ਲੈ ਕੇ ਜਾਂਦੀ ਹੈ।ਇਸ ਮੌਕੇ ਗੁਰਭੇਜ ਸਿੰਘ ਮਾਨ, ਗਿਆਨੀ ਜਸਮੇਲ ਸਿੰਘ, ਡਾ. ਕੰਵਲਜੀਤ ਸਿੰਘ, ਨਿਰਮਲ ਸਿੰਘ ਮਾਨ, ਸੁਖਬੀਰ ਸਿੰਘ ਸੰਧੂ ਡੇਅਰੀ, ਹਰਜੋਤ ਸਿੰਘ, ਮਨਜੀਤ ਸਿੰਘ ਟੇਲਰ ਮਾਸਟਰ, ਅੰਮ੍ਰਿਤਪਾਲ ਸਿੰਘ ਘੁੱਲਾ, ਪ੍ਰਧਾਨ ਮਲੂਕ ਸਿੰਘ, ਹਰਪਾਲ ਸਿੰਘ, ਜੌਨੀ ਮਾਨ, ਲਖਬੀਰ ਸਿੰਘ ਮਿਸਤਰੀ ਆਦਿ ਹਾਜ਼ਰ ਸਨ।



# ਧੜਾ-ਧੜ ਕੱਟੇ ਜਾ ਰਹੇ ਚਲਾਨਾਂ ਤੋਂ ਲੋਕ ਬੇਹੱਦ ਪ੍ਰੇਸ਼ਾਨ, ਲੋਕ ਤਾਂ ਅਜੇ ਹੜ੍ਹਾਂ ਦੀ ਮਾਰ ਤੋਂ ਵੀ ਨਹੀਂ ਉੱਭਰੇ

**ਗੁਰਦਾਸਪੁਰ (ਜਨਕ ਮਹਾਜਨ)**- ਹੜ੍ਹਾਂ ਦੀ ਮਾਰ ਝੱਲ ਰਹੇ ਲੋਕ ਜਿਥੇ ਪਹਿਲਾਂ ਹੀ ਕਈ ਮੁਸ਼ਕਲਾਂ ਨਾਲ ਜੂਝ ਰਹੇ ਹਨ ਉਥੇ ਹੀ ਪੁਲਿਸ ਵੱਲੋਂ ਵਾਹਨਾਂ ਦੇ ਧੜਾ-ਧੜ ਕੱਟੇ ਜਾ ਰਹੇ ਚਲਾਨਾਂ ਨੇ ਲੋਕਾਂ ਦੀ ਮੁਸੀਬਤ ਵਿਚ ਹੋਰ ਵਾਧਾ ਕਰ ਦਿੱਤਾ ਹੈ। ਸ਼ਹਿਰ ਦੇ ਹਰ ਚੌਕ ਅਤੇ ਬੇਟ ਖੇਤਰ ਦੇ ਕਸਬਿਆਂ ਵਿਚ ਪੁਲਸ ਵੱਲੋਂ ਵਾਹਨਾਂ ਦੇ ਮੋਟੇ ਚਲਾਨ ਕੀਤੇ ਜਾ ਰਹੇ ਹਨ ਜਿਸ ਕਾਰਨ ਲੋਕ ਆਪਣੇ ਜ਼ਰੂਰੀ ਕੰਮਕਾਜ ਲਈ ਘਰੋਂ ਸ਼ਹਿਰਾਂ ਨੂੰ ਜਾਣ ਤੋਂ ਗੁਰੇਜ਼ ਕਰ ਰਹੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵਲੋਂ ਪੁਲਸ ਫਰਮਾਨ ਜਾਰੀ ਕੀਤੇ ਗਏ ਹਨ ਕਿ ਵਾਹਨਾਂ ਦੇ ਵੱਧ ਤੋਂ ਵੱਧ ਚਲਾਨ ਕੱਟੇ ਜਾਣ ਤਾਂ ਜੋ ਪੰਜਾਬ ਸਰਕਾਰ ਦਾ ਖਜ਼ਾਨਾ ਭਰਿਆ ਜਾ ਸਕੇ ਜਦੋਂ ਕਿ ਪਹਿਲਾਂ ਹੀ ਸ਼ਹਿਰੀ ਅਤੇ ਦਿਹਾਤੀ ਖੇਤਰ ਦੇ ਲੋਕ ਹੜ੍ਹਾਂ ਦੀ ਮਾਰ ਝੱਲ ਰਹੇ ਹਨ। ਦੂਜੇ ਪਾਸੇ ਪੁਲਸ ਵੱਲੋਂ ਵਾਹਨਾਂ ਦੇ ਚਲਾਨ ਕੱਟਣ ਨਾਲ ਲੋਕ ਕਾਫੀ ਪਰੇਸ਼ਾਨੀ ਦੇ ਆਲਮ ਵਿਚ ਵੇਖੇ ਜਾ ਸਕਦੇ ਹਨ। ਇਥੋਂ ਤੱਕ ਕਿ ਪੁਲਸ ਵਲੋਂ ਸ਼ਾਮ-ਸਵੇਰੇ ਨਾਕੇ ਲਗਾ ਕੇ ਆਪਣੀ ਖ਼ਾਨਾ ਪੂਰਤੀ ਕਰਨ ਲਈ ਕਿਸੇ ਵੀ ਵਿਅਕਤੀ ਨੂੰ ਮੁਆਫ ਨਹੀਂ ਕੀਤਾ ਜਾ ਰਿਹਾ ਜਿਸ ਕਰਕੇ ਲੋਕਾਂ ਦਾ ਪੰਜਾਬ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਤੇ ਡੀਜੀਪੀ. ਪੰਜਾਬ ਪਾਸੋਂ ਮੰਗ ਕੀਤੀ ਕਿ ਲੋਕਾਂ ਦੇ ਲੋਕਾਂ ਦੇ ਧੜਾ-ਧੜ ਕੱਟੇ ਜਾ ਰਹੇ ਚਲਾਨਾਂ ਨੂੰ ਬੰਦ ਕਰਵਾਉਣ ਲਈ ਪੁਲਿਸ ਨੂੰ ਹਦਾਇਤਾਂ ਕੀਤੀਆਂ ਜਾਣ ਜਿਸ ਨਾਲ ਲੋਕਾਂ ਦਾ ਜੀਵਨ ਸਹੀ ਤਰੀਕੇ ਨਾਲ ਪਟੜੀ 'ਤੇ ਚੜ੍ਹ ਸਕੇ।

# ਖ਼ਾਲਸਾ ਕਾਲਜ ਵਿੱਚ 'ਟੈਰਿਫ ਅਤੇ ਕੂਟਨੀਤੀ' ਵਿਸ਼ੇ 'ਤੇ ਗੈਸਟ ਲੈਕਚਰ ਕਰਵਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖਾਲਸਾ ਕਾਲਜ ਦੇ ਅਰਥ ਸ਼ਾਸਤਰ ਵਿਭਾਗ ਵੱਲੋਂ 'ਬਹੁਧਿਰੀ ਸੰਸਾਰ 'ਚ ਟੈਰਿਫ ਅਤੇ ਕੂਟਨੀਤੀ: ਇਕ ਰਣਨੀਤੀ' ਵਿਸ਼ੇ 'ਤੇ ਗੈਸਟ ਲੈਕਚਰ ਕਰਵਾਇਆ ਗਿਆ।ਉਕਤ ਪ੍ਰੋਗਰਾਮ ਮੌਕੇ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਕਿਹਾ ਕਿ ਮੌਜੂਦਾ ਸਮੇਂ ਦੌਰਾਨ ਵੱਧਦੀ ਬਹੁ-ਧਰੁਵੀ ਵਿਸ਼ਵ ਵਿਵਸਥਾ 'ਚ ਟੈਰਿਫ ਅਤੇ ਵਪਾਰ ਕੂਟਨੀਤੀ ਦੀ ਭੂਮਿਕਾ ਨੂੰ ਆਲੋਚਨਾਤਮਕ ਤੌਰ 'ਤੇ ਵੇਖਣਾ ਹੈ।ਇਸ ਪ੍ਰੋਗਰਾਮ ਦੌਰਾਨ ਗਲੋਬਲ ਰਿਪੋਰਟਿੰਗ 'ਚ ਦਹਾਕਿਆਂ ਦਾ ਤਜਰਬਾ ਰੱਖਣ ਵਾਲੇ ਸੀਨੀਅਰ ਪੱਤਰਕਾਰ ਸ: ਰਵਿੰਦਰ ਸਿੰਘ ਰੌਬਿਨ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਆਪਣੇ ਸੰਬੋਧਨ 'ਚ ਕਿਹਾ ਕਿ ਟੈਰਿਫ ਦੀ ਵਰਤੋਂ ਰਾਸ਼ਟਰੀ ਹਿੱਤਾਂ ਨੂੰ ਅੱਗੇ ਵਧਾਉਣ ਲਈ ਇਕ ਰਣਨੀਤਕ ਸਾਧਨ ਵਜੋਂ ਅੱਜ ਉੱਭਰ ਕੇ ਸਾਹਮਣੇ ਆ ਰਿਹਾ ਹੈ।ਇਸ ਮੌਕੇ ਡਾ. ਰੰਧਾਵਾ, ਅਕਾਦਮਿਕ ਮਾਮਲੇ ਡੀਨ ਡਾ: ਤਮਿੰਦਰ ਸਿੰਘ ਭਾਟੀਆ, ਕੋ-ਕੋਆਰਡੀਨੇਟਰ ਡਾ. ਸੁਪ੍ਰੀਤ ਕੌਰ ਨੇ ਮੁੱਖ ਬੁਲਾਰੇ ਦਾ ਸਵਾਗਤ ਕੀਤਾ।ਬੁਲਾਰੇ ਨੇ ਵਿਸ਼ਵਵਿਆਪੀ ਆਰਥਿਕ ਰੁਝਾਨਾਂ ਨੂੰ ਉਜਾਗਰ ਕਰਦਿਆਂ ਸੰਤੁਲਨ, ਦੇਸ਼ਾਂ ਦੁਆਰਾ ਸੁਰੱਖਿਆਵਾਦ ਅਤੇ ਸਹਿਯੋਗ ਦੇ ਵਿਚਕਾਰ ਇਸ ਨਵੀਂ ਰਣਨੀਤੀ 'ਤੇ ਜ਼ੋਰ ਦਿੱਤਾ।ਉਨ੍ਹਾਂ ਨੇ ਸਮਕਾਲੀ ਭੂ-ਰਾਜਨੀਤੀ 'ਚ ਆਰਥਿਕ ਕੂਟਨੀਤੀ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ।ਇਸ ਲੈਕਚਰ ਦੌਰਾਨ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਅੰਤਰਰਾਸ਼ਟਰੀ ਵਪਾਰ 'ਚ ਟੈਰਿਫ ਨੀਤੀ ਅਤੇ ਕੂਟਨੀਤਕ ਚਾਲਾਂ ਦੇ ਪ੍ਰਭਾਵਾਂ 'ਤੇ ਵੀ ਚਰਚਾ ਕੀਤੀ।ਇਸ ਮੌਕੇ ਵਰਕਸ਼ਾਪ ਦੇ ਕੋਆਰਡੀਨੇਟਰ ਡਾ. ਗੀਤਿੰਦਰ ਮਾਨ ਨੇ ਧੰਨਵਾਦ ਮਤਾ ਪੇਸ਼ ਕੀਤਾ।ਇਸ ਮੌਕੇ ਡਾ. ਸਵੀਤਾ, ਡਾ. ਨਵਜੋਤ ਕੌਰ, ਡਾ. ਸਿਓਜ਼ੀ ਭਾਟੀਆ, ਡਾ. ਰਛਪਾਲ ਸਿੰਘ ਤੇ ਹੋਰ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।




# ਸਾਲਾਨਾ ਜੋੜ ਮੇਲੇ ਸੰਬੰਧੀ ਇਲਾਕੇ ਦੇ ਪੰਚਾਂ-ਸਰਪੰਚਾਂ ਦੀ ਮੀਟਿੰਗ 21 ਨੂੰ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਮਾਝੇ ਦੇ ਇਤਿਹਾਸਕ ਪਵਿੱਤਰ ਅਸਥਾਨ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਸਾਲਾਨਾ ਦੋ ਦਿਨਾ ਜੋੜ ਮੇਲਾ ਜੋ ਕਿ ਹਰ ਸਾਲ ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਵਿਖੇ ਬਾਬਾ ਸੰਤੋਖ ਸਿੰਘ ਜੀ ਬੀੜ ਸਾਹਿਬ ਵਾਲਿਆਂ ਦੀ ਅਗਵਾਈ ਵਿੱਚ ਹਰ ਸਾਲ ਮਨਾਇਆ ਜਾਂਦਾ ਹੈ, ਦੀਆਂ ਤਿਆਰੀਆਂ ਨੂੰ ਲੈ ਕੇ ਇਲਾਕੇ ਦੇ ਪੰਚਾਂ-ਸਰਪੰਚਾਂ, ਮੋਹਤਬਰਾਂ ਅਤੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨਾਲ ਵਿਚਾਰ ਵਿਟਾਂਦਰਾ ਕਰਨ ਲਈ ਜ਼ਰੂਰੀ ਮੀਟਿੰਗ 21 ਸਤੰਬਰ ਦਿਨ ਐਤਵਾਰ ਨੂੰ ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਦੇ ਦੀਵਾਨ ਹਾਲ ਵਿਖੇ ਕੀਤੀ ਜਾ ਰਹੀ ਹੈ।ਇਸ ਸੰਬਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸੰਤ ਨਿਵਾਸ ਦੇ ਸੇਵਾਦਾਰ ਜਥੇਦਾਰ ਬਾਬਾ ਭੋਲਾ ਸਿੰਘ ਬੀੜ ਸਾਹਿਬ ਵਾਲਿਆਂ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਇਲਾਕੇ ਦੇ ਪਤਵੰਤੇ ਪਹੁੰਚ ਕੇ ਸਾਲਾਨਾ ਜੋੜ ਮੇਲੇ ਦੇ ਪ੍ਰਬੰਧਾਂ ਸਬੰਧੀ ਵਿਚਾਰ ਵਟਾਂਦਰਾ ਕਰਨਗੇ ।ਉਨ੍ਹਾਂ ਇਲਾਕੇ ਦੀ ਸੰਗਤ ਨੂੰ ਹੁੰਮ-ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ।



# ਕੇਵਾਈਸੀ ਕਰਨ ਤੋਂ ਆਂਗਣਵਾੜੀ ਵਰਕਰਾਂ ਵੱਲੋਂ ਕੋਰੀ ਨਾਂਹ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਪੰਜਾਬ ਦੀ ਆਂਗਣਵਾੜੀ ਵਰਕਰ ਯੂਨੀਅਨ ਸੀਟੂ ਵੱਲੋਂ ਅਤੇ ਅਜਨਾਲਾ ਤਹਿਸੀਲ ਦੀ ਪ੍ਰਧਾਨ ਗੁਰਿੰਦਰ ਕੌਰ ਰਾਜੀਆਂ ਵੱਲੋਂ ਜੋ ਸਰਕਾਰ ਵੱਲੋਂ ਇੱਕ ਪੱਤਰ ਲਿਖ ਕੇ ਡਿਪੂ ਕਾਰਡ ਹੋਲਡਰਾਂ ਦੀ ਕੇਵਾਈਸੀ ਕਰਨ ਦੀ ਡਿਊਟੀ ਲਗਾਈ ਗਈ ਹੈ ਉਸ ਡਿਊਟੀ ਨੂੰ ਕਰਨ ਤੋਂ ਆਂਗਣਵਾੜੀ ਵਰਕਰ ਯੂਨੀਅਨ ਵੱਲੋਂ ਕੋਰੀ ਨਾਂਹ ਕਰ ਦਿੱਤੀ ਗਈ ਹੈ।ਉਕਤ ਵਿਚਾਰਾਂ ਦਾ ਪ੍ਰਗਟਾਵਾ ਇੱਕ ਮੀਟਿੰਗ ਅਤੇ ਮੰਗ ਪੱਤਰ ਸੀਡੀਪੀਓ ਅਜਨਾਲਾ ਨੂੰ ਦਿੰਦਿਆਂ ਗੁਰਿੰਦਰ ਕੌਰ ਰਾਜੀਆਂ ਨੇ ਕਿਹਾ ਕਿ ਆਂਗਣਵਾੜੀ ਵਰਕਰ ਪਹਿਲਾਂ ਹੀ ਬਹੁਤ ਜ਼ਿਆਦਾ ਕੰਮ ਕਰਦੀਆਂ ਹਨ ਅਤੇ ਜ਼ਮੀਨੀ ਪੱਧਰ ਤੇ ਹਰ ਡਿਊਟੀ ਨਿਭਾਉਂਦੀਆਂ ਹਨ ਲੇਕਿਨ ਇਹ ਡਿਊਟੀ ਜੋ ਲਗਾਈ ਗਈ ਹੈ ਇਹ ਬਿਲਕੁਲ ਹੀ ਵਰਕਰਾਂ ਨਹੀਂ ਕਰਨਗੀਆਂ। ਉਨ੍ਹਾਂ ਨੇ ਦੱਸਿਆ ਕਿ ਡਿਪੂ ਹੋਲਡਰਾਂ ਨੇ ਪਹਿਲਾਂ ਹੀ ਲੋਕਾਂ ਦੀ ਕੇਵਾਈ ਸੀ ਤਕਰੀਬਨ 85 ਪਰਸੈਂਟ ਕੀਤੀ ਹੋਈ ਹੈ, ਜੋ ਕੇਵਾਈਸੀ ਰਹਿ ਗਈ ਹੈ ਉਹ ਲੋਕ ਜਾਂ ਤਾਂ ਮੌਤ ਹੋ ਚੁੱਕੀ ਹੈ ਜਾਂ ਵਿਦੇਸ਼ ਗਏ ਹੋਏ ਹਨ ਜਾਂ ਕੁੜੀਆਂ ਦੇ ਵਿਆਹ ਹੋ ਗਏ ਹਨ। ਜ਼ਿਆਦਾਤਰ ਉਹੀ ਲੋਕ ਰਹਿ ਗਏ ਹਨ ਅਤੇ ਆਂਗਣਵਾੜੀ ਵਰਕਰਾਂ ਕਿੱਥੋਂ ਉਹ ਲੋਕਾਂ ਨੂੰ ਲੱਭ ਕੇ ਕੇਵਾਈਸੀ ਕਰਨਗੀਆਂ ? ਉਨ੍ਹਾਂ ਨੇ ਮੰਗ ਪੱਤਰ ਦਫਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ ਵਿਕਰਮਜੀਤ ਸਿੰਘ ਅਤੇ ਸੁਪਰਵਾਈਜ਼ਰ ਮੈਡਮ ਸ਼ਰਨਜੀਤ ਕੌਰ, ਮੈਡਮ ਰਾਜਵਿੰਦਰ ਕੌਰ ਨੂੰ ਦਿੱਤਾ। ਇਸ ਮੌਕੇ ਸਰਕਲ ਪ੍ਰਧਾਨ ਰਾਜਮੀਤ ਕੌਰ, ਸਰਕਲ ਪ੍ਰਧਾਨ ਬਲਜੀਤ ਕੌਰ, ਖਜਾਨਚੀ ਜਸਵਿੰਦਰ ਕੌਰ, ਅਜਨਾਲਾ ਸਰਕਲ ਪ੍ਰਧਾਨ ਗੁਰਸ਼ਰਨ ਕੌਰ ਗੁੱਜਰਪੁਰਾ, ਸਰਕਲ ਪ੍ਰਧਾਨ ਬਲਜੀਤ ਕੌਰ ਅਵਾਨ, ਸਰਕਲ ਪ੍ਰਧਾਨ ਸੁਖਵਿੰਦਰ ਕੌਰ ਗੱਗੋਮਾਹਲ, ਗੁਰਿੰਦਰ ਕੌਰ ਸਰਕਲ ਪ੍ਰਧਾਨ ਪੱਖੇ ਤਾਰਾ ਸਿੰਘ ਅਤੇ ਜਗਜੀਤ ਕੌਰ ਜਨਰਲ ਸਕੱਤਰ ਆਦਿ ਹਾਜ਼ਰ ਸਨ।



# ਹਲਕੇ ਦੀਆਂ ਸੜਕਾਂ ਦੀ ਮੁਰੰਮਤ ਲਈ 75 ਕਰੋੜ ਰੁਪਏ ਮਨਜ਼ੂਰ : ਜਗਰੂਪ ਸਿੰਘ ਸੇਖਵਾਂ

● **ਆਵਾਜਾਈ ਦੀਆਂ ਮੁਸ਼ਕਲਾਂ ਨੂੰ ਹੱਲ ਕਰਦਿਆਂ ਪੁਲ ਬਲਵੰਡਾ ਨੂੰ ਕੀਤਾ ਲੋਕ ਅਰਪਿਤ**

**ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)**- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਕਾਦੀਆਂ ਦੇ ਬੇਟ ਇਲਾਕਾ ਨਿਵਾਸੀਆਂ ਦੀਆਂ ਮੁਸ਼ਕਲਾਂ ਨੂੰ ਅਸਾਨ ਕਰਦਿਆਂ ਬਲਵੰਡਾ ਪੁਲ ਨੂੰ ਆਵਾਜਾਈ ਲਈ ਸ਼ੁਰੂ ਕਰ ਦਿੱਤਾ ਗਿਆ ਹੈ।ਇਸ ਨਵੇਂ ਬਣੇ ਪੁਲ ਦਾ ਉਦਘਾਟਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ।ਇਸ ਪੁਲ ਨੂੰ ਬਣਾਉਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈਟੀਓ ਦਾ ਧੰਨਵਾਦ ਕਰਦਿਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਸ ਪੁਲ ਦੇ ਟੁੱਟ ਜਾਣ ਕਾਰਨ ਇਲਾਕੇ ਦੇ ਲੋਕਾਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਜੋ ਹੁਣ ਦੂਰ ਹੋ ਗਈਆਂ ਹਨ।ਉਨ੍ਹਾਂ ਦੱਸਿਆ ਕਿ ਬਲਵੰਡਾ ਦਾ ਇਹ ਪੁਲ ਪਹਿਲੋਂ ਨਾਲੋਂ ਛੇ ਮੀਟਰ ਚੌੜਾ ਅਤੇ ਪੰਜ ਫੁੱਟ ਉੱਚਾ ਬਣਾਇਆ ਗਿਆ ਹੈ।ਇਸ ਪੁਲ ਦੀਆਂ ਕੋਠੀਆਂ ਨੂੰ 50 ਫੁੱਟ ਡੂੰਘਾ ਗਾਲ੍ਹਿਆ ਗਿਆ ਹੈ ਤਾਂ ਜੋ ਇਸ ਦੀ ਮਜ਼ਬੂਤੀ ਬਣੀ ਰਹੇ।ਉਨ੍ਹਾਂ ਕਿਹਾ ਕਿ ਪੁਲ ਦੇ ਨਾਲ ਜਿਹੜੀਆਂ ਅਪਰੋਚ ਰੋਡ ਹਨ ਉਨ੍ਹਾਂ ਨੂੰ ਵੀ ਮਜ਼ਬੂਤ ਬਣਾ ਕੇ ਸਾਈਡਾਂ ਤੇ ਰਿਟੇਨਿੰਗ ਵਾਲ ਬਣਾਈ ਜਾਵੇਗੀ।ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬਿਆਸ ਦਰਿਆ ਨਾਲ ਲੱਗਦੇ ਕਾਦੀਆਂ ਹਲਕੇ ਵਿੱਚ 27 ਕਿਲੋਮੀਟਰ ਜਿਹੜੀ ਧੁੱਸੀ ਬੰਨ੍ਹ ਦੀ ਸੜਕ ਦੀ ਮੁਰੰਮਤ ਕੀਤੀ ਗਈ ਸੀ ਉਹ ਇੱਕ ਥਾਂ ਤੋਂ ਵੀ ਨਹੀਂ ਟੁੱਟੀ।ਸਗੋਂ ਇਸ ਵਾਰ ਧੁੱਸੀ ਬੰਨ੍ਹ ਵੀ ਬਹੁਤ ਮਜ਼ਬੂਤੀ ਨਾਲ ਟਿਕਿਆ ਰਿਹਾ ਜਿਸ ਕਾਰਨ ਬੇਟ ਦਾ ਇਲਾਕਾ ਦਰਿਆ ਬਿਆਸ ਦੇ ਪਾਣੀ ਤੋਂ ਬਚਿਆ ਰਿਹਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਾਹਨੂੰਵਾਨ ਮਾਰਕਿਟ ਕਮੇਟੀ ਦੇ ਅਧੀਨ ਪੇਂਡੂ ਸੰਪਰਕ ਸੜਕਾਂ ਦੀ ਮੁਰੰਮਤ ਲਈ 24 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ।ਇਸ ਤੋਂ ਇਲਾਵਾ 51 ਕਰੋੜ ਰੁਪਏ ਬੇਟ ਇਲਾਕੇ ਦੀਆਂ ਸੜਕਾਂ ਦੀ ਮੁਰੰਮਤ ਅਤੇ ਉਨ੍ਹਾਂ ਨੂੰ 11 ਫੁੱਟ ਤੋਂ 18 ਫੁੱਟ ਚੌੜਿਆਂ ਕਰਨ ਲਈ ਮਨਜ਼ੂਰ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜਲਦੀ ਹੀ ਹਲਕੇ ਵਿੱਚ ਸੜਕਾਂ ਦੀ ਮੁਰੰਮਤ ਦਾ ਪ੍ਰੋਜੈਕਟ ਮੁਕੰਮਲ ਕੀਤਾ ਜਾਵੇਗਾ।



# ਆਈਈਸੀ ਗਤੀਵਿਧੀਆਂ ਅਧੀਨ ਪਿੰਡ ਆਲਮਪੁਰ ਅਤੇ ਬਿਹਾਰੀਪੁਰ 'ਚ ਕੈਂਪ ਲਗਾਇਆ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਮਾਣਯੋਗ ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸਿਖਲਾਈ ਅਫਸਰ ਤਰਨ ਤਾਰਨ ਡਾ. ਜਸਵਿੰਦਰ ਸਿੰਘ ਦੀ ਪ੍ਰਧਾਨਗੀ ਅਤੇ ਬਲਾਕ ਖਡੂਰ ਸਾਹਿਬ ਦੇ ਖੇਤੀਬਾੜੀ ਅਫਸਰ ਡਾ. ਨਵਤੇਜ ਸਿੰਘ ਦੀ ਅਗਵਾਈ ਹੇਠ ਆਈਈਸੀ ਐਕਟੀਵਿਟੀ ਅਧੀਨ ਪਿੰਡ ਪੱਧਰੀ ਕੈਂਪ ਪਿੰਡ-ਆਲਮਪੁਰ ਅਤੇ ਬਿਹਾਰੀਪੁਰ, ਬਲਾਕ ਖਡੂਰ ਸਾਹਿਬ ਵਿਖੇ ਲਗਾਇਆ ਗਿਆ।ਇਸ ਮੌਕੇ ਸਿਮਰਨਜੀਤ ਸਿੰਘ ਖੇਤੀਬਾੜੀ ਸਬ-ਇੰਸਪੈਕਟਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ ਅਤੇ ਇਸ ਦੇ ਨਾਲ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਮਿੱਤਰ ਕੀੜੇ ਮਰ ਜਾਂਦੇ ਹਨ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਜਾਂਦੀ ਹੈ।ਪਰਾਲੀ ਨੂੰ ਅੱਗ ਲਾਉਣ ਨਾਲ ਸੜਕੀ ਹਾਦਸੇ ਵਾਪਰਦੇ ਹਨ ਅਤੇ ਜ਼ਹਿਰੀਲੇ ਧੂੰਏਂ ਨਾਲ ਬਜ਼ੁਰਗਾਂ ਅਤੇ ਬੱਚਿਆਂ ਨੂੰ ਸਾਹ ਲੈਣਾ ਔਖਾ ਹੋ ਜਾਂਦਾ ਹੈ।ਇੱਕ ਟਨ ਪਰਾਲੀ ਨੂੰ ਅੱਗ ਲਾਉਣ ਨਾਲ 400 ਕਿੱਲੋ ਜੈਵਿਕ ਕਾਰਬਨ 5.5 ਕਿੱਲੋ ਨਾਈਟ੍ਰੋਜਨ, 23 ਕਿੱਲੋ ਫਾਸਫੋਰਸ, 25 ਕਿੱਲੋ ਪੋਟਾਸ਼ ਅਤੇ 1.2 ਕਿੱਲੋ ਸਲਫ਼ਰ ਦਾ ਨੁਕਸਾਨ ਹੁੰਦਾ ਹੈ।ਇਸ ਮੌਕੇ ਸਿਮਰਨਜੀਤ ਸਿੰਘ ਖੇਤੀਬਾੜੀ ਸਬ ਇੰਸਪੈਕਟਰ ਨੇ ਝੋਨੇ ਉਪਰ ਚੱਲ ਰਹੀਆਂ ਬਿਮਾਰੀਆਂ ਅਤੇ ਕੀੜੇ ਮਕੌੜਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਖੇਤੀਬਾੜੀ ਮਹਿਕਮੇ ਵਿੱਚ ਚੱਲ ਰਹੀਆਂ ਗਤੀਵਿਧੀਆਂ ਬਾਰੇ ਦੱਸਿਆ ਜਿਵੇਂ ਕਿ ਕਿਸਾਨਾਂ ਨੂੰ 50 ਫੀਸਦੀ ਸਬਸਿਡੀ ਤੇ ਆਈ ਜਿਪਸਮ ਬਾਰੇ ਜਾਣਕਾਰੀ ਮੁਹਈਆ ਕਰਵਾਈ ।ਇਸ ਮੌਕੇ ਸਤਨਾਮ ਸਿੰਘ ਖੇਤੀਬਾੜੀ ਸਬ ਇੰਸਪੈਕਟਰ ਨੇ ਪੀ. ਐੱਮ. ਕਿਸਾਨ ਨਿਧੀ ਯੋਜਨਾ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਅਤੇ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ।ਇਸ ਮੌਕੇ ਸਰਪੰਚ-ਸਤਨਾਮ ਸਿੰਘ, ਪ੍ਰਿਤਪਾਲ ਸਿੰਘ, ਦਵਿੰਦਰ ਸਿੰਘ, ਸ਼ਿੰਗਾਰਾ ਸਿੰਘ, ਗੁਰਮੇਜ ਸਿੰਘ, ਜਤਿੰਦਰ ਸਿੰਘ ਆਦਿ ਹਾਜ਼ਰ ਸਨ।




**ਜਨਮ ਦਿਨ ਮੁਬਾਰਕ**



ਰਹਿਮਤ
ਤਖਤੂਪੁਰਾ